ਕੌਮਾਂਤਰੀ

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 5 | Issue 49 | 14 December to 20 December 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


## ਟਰੰਪ ਨੇ ਦੁਹਰਾਇਆ ਵਾਅਦਾ

# ਹੁਣ ਵਿਦੇਸ਼ੀ ਨਹੀਂ ਖੋਹ ਸਕਣਗੇ ਅਮਰੀਕੀਆਂ ਦੀ ਨੌਕਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣਾ ਵਾਅਦਾ ਪੁਗਾਉਣ ਦੇ ਇਰਾਦੇ ਨਾਲ ਕਿਹਾ ਹੈ ਕਿ ਉਹ ਨੌਕਰੀਆਂ ਵਿਚ ਅਮਰੀਕੀਆਂ ਦੀ ਥਾਂ 'ਤੇ ਵਿਦੇਸ਼ੀ ਨਾਗਰਿਕਾਂ ਨੂੰ ਥਾਂ ਬਣਾਉਣ ਦੀ ਇਜਾਜ਼ਤ ਨਹੀਂ ਦੇਣਗੇ। ਉਨ੍ਹਾਂ ਡਿਜ਼ਨੀ ਵਰਲਡ ਅਤੇ ਉਨ੍ਹਾਂ ਦੂਜੀਆਂ ਅਮਰੀਕੀ ਕੰਪਨੀਆਂ ਦਾ ਹਵਾਲਾ ਵੀ ਦਿੱਤਾ, ਜਿੱਥੇ ਭਾਰਤੀ ਕਾਮਿਆਂ ਸਮੇਤ ਐਚ-1ਬੀ ਵੀਜ਼ਾ 'ਤੇ ਅਮਰੀਕਾ ਪਹੁੰਚੇ ਹੋਰ ਵਿਦੇਸ਼ੀ ਲੋਕਾਂ ਨੇ ਅਮਰੀਕੀਆਂ



ਦੀਆਂ ਹੀ ਨੌਕਰੀਆਂ ਖੋਹ ਲਈਆਂ। ਉਨ੍ਹਾਂ ਕਿਹਾ ਕਿ ਹੁਣ ਅਜਿਹਾ ਨਹੀਂ ਚੱਲੇਗਾ। ਅਯੋਵਾ ਵਿਚ ਆਪਣੇ ਹਮਾਇਤੀਆਂ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਕਿਹਾ, "ਅਸੀਂ ਹਰ ਅਮਰੀਕੀ ਦੀ ਜ਼ਿੰਦਗੀ ਸੁਰੱਖਿਅਤ ਕਰਨ ਲਈ ਲੜਾਂਗੇ।" ਉਨ੍ਹਾਂ ਡਿਜ਼ਨੀ ਵਰਲਡ ਅਤੇ ਹੋਰ ਕੰਪਨੀਆਂ ਦਾ ਉਦਾਹਰਣ ਦਿੰਦਿਆਂ ਲੋਕਾਂ ਦੀਆਂ ਤਾੜੀਆਂ ਬਟੋਰੀਆਂ। ਟਰੰਪ ਨੇ ਕਿਹਾ, "ਮੈਂ ਚੋਣ ਪ੍ਰਚਾਰ ਦੌਰਾਨ ਕਾਫ਼ੀ ਸਮਾਂ ਅਜਿਹੇ ਅਮਰੀਕੀ ਕਾਮਿਆਂ ਵਿਚਕਾਰ ਬਿਤਾਇਆ ਹੈ, ਜਿਨ੍ਹਾਂ ਨੇ ਵਿਦੇਸ਼ੀ ਲੋਕਾਂ ਨੂੰ ਸਿਖਾਇਆ ਅਤੇ ਬਾਅਦ ਵਿਚ ਉਨ੍ਹਾਂ ਦੀ ਥਾਂ 'ਤੇ ਵਿਦੇਸ਼ੀਆਂ ਨੂੰ ਨੌਕਰੀ 'ਤੇ ਰੱਖ ਲਿਆ ਗਿਆ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ।" ਟਰੰਪ ਨੇ ਅੱਗੇ ਕਿਹਾ, "ਕੀ ਤੁਸੀਂ ਇਸ ਗੱਲ 'ਤੇ ਭਰੋਸਾ ਕਰੋਗੇ ਕਿ ਤੁਹਾਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੋਵੇ ਅਤੇ ਕੰਪਨੀ ਤੁਹਾਡੇ ਪੈਸੇ ਉਦੋਂ ਤਕ ਨਹੀਂ ਦੇਵੇਗੀ, ਜਦੋਂ ਤਕ ਤੁਸੀਂ ਉਨ੍ਹਾਂ ਲੋਕਾਂ ਨੂੰ ਸਿਖਲਾਈ ਨਾ ਦੇਵੋ ਜੋ ਤੁਹਾਡੀ ਥਾਂ 'ਤੇ ਰੱਖੇ ਜਾਣਗੇ।


ਹਜ਼ਾਰਾਂ ਭਾਰਤੀਆਂ ਦੀ ਨੌਕਰੀ 'ਤੇ ਸੰਕਟ (ਸਫ਼ਾ 18 'ਤੇ)


# ਸ਼ਕਤੀ ਪ੍ਰਦਰਸ਼ਨਾਂ ਦੀ ਕਸਰਤ ਬਣੀ ਲਾਰਿਆਂ ਦੀ ਸਰਕਸ

## 'ਪੰਜਾਬ ਬਚਾਓ' ਦੇ ਨਾਅਰਿਆਂ ਹੇਠ ਦੱਬ ਗਏ ਅਸਲ ਮਸਲੇ





ਮੋਗਾ ਵਿਖੇ ਅਕਾਲੀਆਂ ਵਲੋਂ ਕੀਤੀ ਗਈ 'ਪਾਣੀ ਬਚਾਓ-ਪੰਜਾਬ ਬਚਾਓ' ਰੈਲੀ 'ਚ ਲੋਕਾਂ ਦਾ ਇਕੱਠ ਅਤੇ ਦੂਜੀ ਤਸਵੀਰ ਵਿਚ ਲੁਧਿਆਣਾ 'ਚ ਬੈਂਸ ਭਰਾਵਾਂ ਵਲੋਂ ਕੀਤੀ ਗਈ ਰੈਲੀ ਦਾ ਦ੍ਰਿਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਇਨ੍ਹੀਂ ਦਿਨੀਂ ਸ਼ਕਤੀ ਪ੍ਰਦਰਸ਼ਨਾਂ ਦਾ ਅਖਾੜਾ ਬਣਿਆ ਹੋਇਆ ਹੈ। ਪੰਜਾਬੀਆਂ ਦੇ ਅਸਲ ਮਸਲਿਆਂ 'ਤੇ ਨਾਅਰਿਆਂ ਦੀ ਗਰਦ ਸੁੱਟ ਕੇ 'ਪੰਜਾਬ ਬਚਾਓ' ਦੀਆਂ ਗੱਲਾਂ ਹੋ ਰਹੀਆਂ ਹਨ। ਇਨ੍ਹਾਂ ਅਖਾੜਿਆਂ ਵਿਚ ਆਪਣੀ ਪਿੱਠ ਨਾ ਲਵਾਉਣ ਵਿਚ ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਬਰਾਬਰ ਦੀ ਟੱਕਰ ਦੇ ਰਹੀਆਂ ਹਨ ਪਰ ਕਾਂਗਰਸ ਹਾਈ ਕਮਾਂਡ ਦੇ ਫਰਮਾਨ ਦੀ ਉਡੀਕ ਵਿਚ ਪਾਰਟੀ ਦੂਜੀਆਂ ਧਿਰਾਂ ਦੇ ਬਾਗ਼ੀਆਂ ਨੂੰ ਨਾਲ ਰਲਾਉਣ ਵਿਚ ਹੀ ਉਲਝੀ ਹੋਈ ਹੈ। ਉਸ ਨੂੰ ਹਾਲੇ ਸ਼ਕਤੀ ਵਿਖਾਉਣ ਦਾ ਮੌਕਾ ਨਹੀਂ ਮਿਲ ਰਿਹਾ। ਪਿਛਲੇ ਦਿਨੀਂ ਮੋਗਾ ਵਿਚ ਜਿੱਥੇ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਸਰਕਾਰੀ ਮਸ਼ੀਨਰੀ ਦੇ ਜ਼ੋਰ 'ਤੇ ਵੱਡੀ ਰੈਲੀ ਕੀਤੀ, ਉਥੇ ਲੁਧਿਆਣਾ ਵਿਚ ਬੈਂਸ ਭਰਾਵਾਂ ਦੇ ਮੋਢਿਆਂ 'ਤੇ ਚੜ੍ਹ ਕੇ ਕੇਜਰੀਵਾਲ ਨੇ ਵੀ ਆਪਣੀ ਸ਼ਕਤੀ ਦਾ ਮੁਜ਼ਾਹਰਾ ਕੀਤਾ। ਅਕਾਲੀਆਂ ਨੇ ਜਿੱਥੇ 'ਪਾਣੀ ਬਚਾਓ, ਪੰਜਾਬ ਬਚਾਓ' ਦਾ ਨਾਅਰਾ ਦਿੱਤਾ,


ਬਾਕੀ ਸਫ਼ਾ 33 'ਤੇ


# ਜਥੇਦਾਰ ਬਡੂੰਗਰ ਨੇ ਪਲਟੇ ਮੱਕੜ ਦੇ ਫ਼ੈਸਲੇ

## ਬਾਦਲਾਂ ਨੂੰ ਸਿਰੋਪਾਉ ਦੇਣ ਤੋਂ ਇਨਕਾਰੀ ਅਰਦਾਸੀਆ ਬਹਾਲ, ਦਰਬਾਰ ਸਾਹਿਬ 'ਚ ਟੋਪੀ ਪਹਿਣਨ 'ਤੇ ਹੁਣ ਰੋਕ ਨਹੀਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਦੌਰ



ਵਿਚ ਲਏ ਗਏ ਫ਼ੈਸਲਿਆਂ 'ਤੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੈਂਚੀ ਮਾਰਨੀ ਸ਼ੁਰੂ ਕਰ ਦਿੱਤੀ ਹੈ। ਬਡੂੰਗਰ ਨੇ ਬਾਦਲ ਦਾ ਸਨਮਾਨ ਨਾ ਕਰਨ 'ਤੇ ਬਰਖ਼ਾਸਤ ਕੀਤੇ ਗਏ ਅਰਦਾਸੀਏ ਭਾਈ ਬਲਬੀਰ ਸਿੰਘ ਨੂੰ ਬਹਾਲ ਕਰ ਦਿੱਤਾ ਹੈ। ਮੱਕੜ ਦੇ ਸਮੇਂ ਵਿਚ ਦਰਬਾਰ ਸਾਹਿਬ ਵਿਚ ਟੋਪੀ ਪਾ ਕੇ ਆਉਣ 'ਤੇ ਲੱਗੀ ਰੋਕ ਨੂੰ ਵੀ ਹਟਾ ਦਿੱਤਾ ਗਿਆ ਹੈ।


ਬਾਕੀ ਸਫ਼ਾ 33 'ਤੇ


### ਚੋਣਾਂ ਦੇ ਮੱਦੇਨਜ਼ਰ ਲਏ ਫ਼ੈਸਲੇ

*ਜਥੇਦਾਰ ਮੱਕੜ ਤੇ ਸੁਖਬੀਰ ਸਿੰਘ ਬਾਦਲ ਵਿਚਾਲੇ ਕੁੜੱਤਣ ਰਹੀ ਹੈ। ਮੱਕੜ ਨੇ ਕਈ ਅਜਿਹੇ ਫ਼ੈਸਲੇ ਲਏ, ਜਿਸ ਕਾਰਨ ਕਮੇਟੀ ਦੇ ਨਾਲ ਨਾਲ ਅਕਾਲੀ ਦਲ 'ਤੇ ਵੀ ਸਵਾਲ ਖੜ੍ਹੇ ਹੁੰਦੇ ਰਹੇ ਹਨ। ਇਨ੍ਹਾਂ ਦੋਹਾਂ ਦੀ ਦਿਖ ਸੁਧਾਰਨ ਅਤੇ ਪੰਥਕ ਹਲਕਿਆਂ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਹੀ ਪਾਰਟੀ ਨੇ ਸਾਫ਼-ਸੁਥਰੀ ਦਿਖ ਵਾਲੇ ਪ੍ਰੋਫੈਸਰ ਬਡੂੰਗਰ ਨੂੰ ਪ੍ਰਧਾਨ ਚੁਣਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਦੋਵੇਂ ਫ਼ੈਸਲੇ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਲਏ ਗਏ ਹਨ। ਆਉਣ ਵਾਲੇ ਦਿਨਾਂ ਵਿਚ ਬਰਖ਼ਾਸਤ ਹੋਰ ਵੀ ਕਈ ਲੋਕਾਂ ਦੀ ਬਹਾਲੀ ਸੰਭਵ ਹੈ।*

# ਸਰਬੱਤ ਖ਼ਾਲਸਾ ਮੌਕੇ ਬਾਦਲ ਨੂੰ ਜਨਮ ਦਿਨ ਦਾ 'ਤੋਹਫ਼ਾ', ਪੰਥ ਵਿਚੋਂ ਛੇਕਿਆ

**ਤਲਵੰਡੀ ਸਾਬੋ/ਬਿਊਰੋ ਨਿਊਜ਼ :** ਪੰਥਕ ਧਿਰਾਂ ਨੇ 6 ਦਸੰਬਰ ਤੋਂ ਸਥਾਨਕ ਨੱਤ ਰੋਡ 'ਤੇ ਸਰਬੱਤ ਖ਼ਾਲਸਾ ਵਾਲੀ ਜਗ੍ਹਾ ਉਪਰ ਪੁਲੀਸ ਪ੍ਰਸ਼ਾਸਨ ਨੂੰ ਝਕਾਨੀ ਦੇ ਕੇ ਆਰੰਭ ਕੀਤੇ ਅਖੰਡ ਪਾਠ ਦੇ ਭੋਗ ਤਣਾਅ ਭਰੇ ਮਾਹੌਲ ਵਿੱਚ ਪਾ ਦਿੱਤੇ। ਮੁਤਵਾਜ਼ੀ ਜਥੇਦਾਰਾਂ ਦੀ ਗ਼ੈਰਹਾਜ਼ਰੀ ਵਿੱਚ ਪ੍ਰਬੰਧਕਾਂ ਨੇ ਬਾਦਲ ਪਰਿਵਾਰ ਨੂੰ ਪੰਥ ਵਿੱਚੋਂ ਛੇਕ ਕੇ ਬਾਈਕਾਟ ਕਰਨ ਅਤੇ ਭੋਗ ਨੂੰ ਸਰਬੱਤ ਖ਼ਾਲਸਾ ਦੱਸਦਿਆਂ ਖ਼ਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਉਧਰ ਮਨਜ਼ੂਰੀ ਨਾ ਮਿਲਣ ਅਤੇ ਪੁਲੀਸ ਪਹਿਰੇ ਦੇ ਬਾਵਜੂਦ ਸਿੱਖ ਸੰਗਠਨ ਤਲਵੰਡੀ ਸਾਬੋ ਵਿਚ ਸਰਬਤ ਖ਼ਾਲਸਾ ਕਰਨ ਵਿਚ ਕਾਮਯਾਬ ਰਹੇ। ਸਮਾਗਮ ਵਿਚ ਪੁੱਜਣ ਤੋਂ ਰੋਕਣ ਲਈ ਕਈਆਂ ਨੂੰ ਰਸਤੇ ਵਿਚ ਹੀ ਹਿਰਾਸਤ ਵਿਚ ਲੈ ਲਿਆ। ਸੰਗਤ ਲੁਕਦੀ-ਲੁਕਾਉਂਦੀ ਖੇਤਾਂ

- ਖੇਤਾਂ ਦੇ ਰਸਤੇ ਅਖੰਡ ਪਾਠ ਵਾਲੀ ਥਾਂ 'ਤੇ ਪੁੱਜੀ ਸੰਗਤ
- ਰੈਲੀ ਲਈ ਜਾ ਰਹੀਆਂ ਅਕਾਲੀ ਦਲ ਦੀਆਂ ਬੱਸਾਂ ਦੀ ਹਵਾ ਕੱਢੀ


ਬਾਕੀ ਸਫ਼ਾ 33 'ਤੇ



## ਅੰਦਰ ਪੜ੍ਹੋ

'ਗੁਜਰਾਤ ਫਾਈਲਜ਼' ਦੇ ਹਵਾਲੇ ਨਾਲ...

ਰਾਣਾ ਵਰਗੀ ਦਲੇਰ ਕੁੜੀ ਹੀ ਲੈ ਸਕਦੀ ਹਕੂਮਤ ਨਾਲ ਟੱਕਰ

*ਤੇਜ਼ ਝੱਖੜ ਵਿਚ ਬਲਦਾ ਹੋਇਆ ਚਿਰਾ.ਗ ਹੈ ਰਾਣਾ ਅਯੂਬ*



**ਵਿਸ਼ੇਸ਼ ਸੂਚਨਾ :** ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਜੈ ਸਿੰਘ ਫੋਨ ਨੰਬਰ : 510-677-2777


















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਭਾਈ ਰੇਸ਼ਮ ਸਿੰਘ ਦੀ ਜ਼ਮਾਨਤ ਮਨਜ਼ੂਰ ਹੋਣ ਬਾਅਦ ਰਿਹਾਈ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਰਵਾਸੀ ਭਾਰਤੀ ਭਾਈ ਰੇਸ਼ਮ ਸਿੰਘ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ। ਪੁਲੀਸ ਨੇ ਉਨ੍ਹਾਂ ਨੂੰ ਕੌਮਾਂਤਰੀ ਇੰਦਰਾ ਗਾਂਧੀ ਹਵਾਈ ਅੱਡੇ ਤੋਂ 4 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੈਲੀਫੋਰਨੀਆ ਦੇ ਸਿੱਖ ਆਗੂ ਰੇਸ਼ਮ ਸਿੰਘ ਦੀ ਰਿਹਾਈ ਦੇ ਹੁਕਮ ਜਸਟਿਸ ਐਮ.ਐਮ.ਐਸ. ਬੇਦੀ ਨੇ ਪਟੀਸ਼ਨ ਉੱਤੇ ਸੁਣਵਾਈ ਮੌਕੇ ਸੁਣਾਏ।



ਜ਼ਿਕਰਯੋਗ ਹੈ ਕਿ ਭਾਈ ਰੇਸ਼ਮ ਸਿੰਘ ਦੇ ਖ਼ਿਲਾਫ਼ ਅੰਮ੍ਰਿਤਸਰ ਦੇ ਚੱਬਾ ਪਿੰਡ ਵਿਚ 10 ਨਵੰਬਰ 2015 ਨੂੰ ਸਰਬੱਤ ਖ਼ਾਲਸਾ ਦੇ ਸਬੰਧ ਵਿਚ ਪੰਜਾਬ ਪੁਲੀਸ ਨੇ ਕੇਸ ਦਰਜ ਕੀਤਾ ਸੀ। ਇਹ ਕੇਸ ਚਾਟੀਵਿੰਡ ਪੁਲੀਸ ਥਾਣੇ ਵਿਚ ਦਰਜ ਕੀਤਾ ਗਿਆ ਸੀ। ਭਾਈ ਰੇਸ਼ਮ ਸਿੰਘ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਅੰਮ੍ਰਿਤਸਰ ਦਾ ਕੈਲੀਫੋਰਨੀਆ ਤੋਂ ਸੀਨੀਅਰ ਆਗੂ ਹੈ। ਉਹ ਸਰਬੱਤ ਖ਼ਾਲਸਾ ਵਿਚ ਸ਼ਿਰਕਤ ਕਰਨ ਲਈ 4 ਨਵੰਬਰ ਨੂੰ ਦਿੱਲੀ ਹਵਾਈ ਅੱਡੇ ਪੁੱਜੇ ਸਨ।

ਪੰਜਾਬ ਸਰਕਾਰ ਨੇ ਦੋ ਵਾਰ ਸਰਬਤ ਖਾਲਸਾ ਦੇ ਇਸ ਪ੍ਰੋਗਰਾਮ ਵਿਚ ਵਿਘਨ ਪਾਇਆ। ਪੰਜਾਬ ਸਰਕਾਰ ਵਲੋਂ 10 ਨਵੰਬਰ ਨੂੰ ਇਹ ਪ੍ਰੋਗਰਾਮ ਰੱਦ ਕਰਵਾਏ ਜਾਣ ਮਗਰੋਂ, ਇਹ ਦੁਬਾਰਾ 8 ਦਸੰਬਰ ਨੂੰ ਸੱਦਿਆ ਗਿਆ ਸੀ ਪਰ ਇਸ ਮੌਕੇ ਫੇਰ ਪੰਜਾਬ ਸਰਕਾਰ ਨੇ ਕਾਨੂੰਨ ਦਾ ਹਵਾਲਾ ਦਿੰਦਿਆਂ ਇਸ ਪ੍ਰੋਗਰਾਮ ਵਿਚ ਅੜਿੱਕੇ ਡਾਹੁਣ ਦੀ ਪੂਰੀ ਕੋਸ਼ਿਸ਼ ਕੀਤੀ।

ਇਥੇ ਜ਼ਿਕਰਯੋਗ ਹੈ ਕਿ ਵਾਇਸ ਫਾਰ ਫਰੀਡਮ' ਦੀ ਅਮਰੀਕਨ ਇਕਾਈ ਨੇ ਵ੍ਹਾਈਟ ਹਾਊਸ ਵਿਖੇ ਪਟੀਸ਼ਨ ਦਾਇਰ ਕੀਤੀ ਸੀ ਕਿ ਕਿਸੇ ਵੀ ਅਮਰੀਕੀ ਨਾਗਰਿਕ ਦੀ ਗ੍ਰਿਫ਼ਤਾਰੀ ਗੈਰ ਕਾਨੂੰਨੀ ਹੈ। ਸਰਬੱਤ ਖ਼ਾਲਸਾ ਦੇ ਸਬੰਧ ਵਿਚ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਦੀ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਆਲੋਚਨਾ ਕੀਤੀ ਸੀ।

# ਭਾਈ ਰੇਸ਼ਮ ਸਿੰਘ ਦੀ ਜ਼ਮਾਨਤ ਉੱਤੇ ਰਿਹਾਈ ਦਾ ਸਵਾਗਤ

**ਨਿਊਯਾਰਕ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ, ਅੰਮ੍ਰਿਤਸਰ ਦੀ ਅਮਰੀਕਾ ਇਕਾਈ ਨੇ ਭਾਰਤ ਵਿੱਚ ਸਿੱਖਾਂ ਨਾਲ ਵਧੀਕੀਆਂ ਜਾਰੀ ਰਹਿਣ ਦੀ ਕਰੜੀ ਨਿਖੇਧੀ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਭਾਈ ਰੇਸ਼ਮ ਸਿੰਘ ਦੀ ਜ਼ਮਾਤਨ ਉੱਤੇ ਰਿਹਾਈ ਦਾ ਸਵਾਗਤ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਵਲੋਂ ਇੱਥੇ ਜਾਰੀ ਕੀਤੇ ਇੱਕ ਲਿਖਤੀ ਬਿਆਨ ਵਿੱਚ ਕਿਹਾ ਗਿਆ ਹੈ ਕੀ ਸਿੱਖਾਂ ਵਲੋਂ ਆਪਣੇ ਧਾਰਮਿਕ ਸਮਾਗਮਾਂ 'ਚ ਹਿੱਸਾ ਲੈਣਾ ਦੇਸ਼ ਧ੍ਰੋਹ ਹੈ। ਇਸਦੇ ਨਾਲ ਹੀ ਵਿਦੇਸ਼ਾਂ ਦੀਆਂ ਸੰਗਤਾਂ ਵਲੋਂ ਸਿੱਖਾਂ ਦੀਆਂ ਲਾਸ਼ਾਂ 'ਤੇ ਰਾਜਭਾਗ ਕਰਨ ਵਾਲੇ ਕੌਮ ਦੇ ਅਕ੍ਰਿਤਘਣ ਡੋਗਰਿਆਂ ਨੂੰ ਸਖ਼ਤ ਤਾੜਨਾ ਕੀਤੀ ਗਈ ਹੈ ਕਿ ਕੌਮ ਨਾਲ ਏਨਾ ਵੱਡਾ ਧ੍ਰੋਹ ਨਾ ਕਰੋ। ਪਾਰਟੀ ਵਲੋਂ ਭਾਈ ਰੇਸ਼ਮ ਸਿੰਘ ਦੀ ਨਜਾਇਜ਼ ਨਜ਼ਰਬੰਦੀ ਅਤੇ ਤੁਰੰਤ ਬਿਨਾਂ ਸ਼ਰਤ ਲਈ ਵਿਸ਼ਵ ਪੱਧਰ ਉੱਤੇ ਮਸਲਾ ਉਭਾਰਨ ਵਾਸਤੇ ਇੱਕ ਪਟੀਸ਼ਨ ਤਿਆਰ ਕੀਤੀ ਗਈ ।ਜਿਸ ਰਾਹੀਂ ਸਭਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਆਉ ਅਮਰੀਕਨ ਸਿੱਖ ਆਗੂ ਅਤੇ ਖ਼ਾਲਸਾ ਪੰਥ ਦੇ ਨਿਸ਼ਕਾਮ ਸੇਵਕ ਭਾਈ ਰੇਸ਼ਮ ਸਿੰਘ ਦੀ ਰਿਹਾਈ ਲਈ ਪਟੀਸ਼ਨ ਸਾਈਨ ਕਰੀਏ। ਪਟੀਸ਼ਨ ਸਬੰਧੀ ਵੈਬਸਾਈਟ https://wh.gov/iehtx

ਬਿਆਨ ਜਾਰੀ ਕਰਨ ਵਾਲਿਆਂ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਸੁਰਜੀਤ ਸਿੰਘ ਕੁਲਾਰ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਅਮਨਦੀਪ ਸਿੰਘ ਸਮੇਤ ਸਮੂਹ ਪੰਥਕ ਜਥੇਬੰਦੀਆਂ ਅਤੇ ਅਮਰੀਕਾ ਦੇ ਵੱਖ ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਸ਼ਾਮਲ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ : 630-827-9752

## ਸੈਨਹੋਜ਼ੇ ਗੁਰਦੁਆਰਾ ਸਾਹਿਬ ਕਮੇਟੀ ਦੀ ਜਨਰਲ ਬਾਡੀ ਮੀਟਿੰਗ ਮੌਕੇ ਬਾਈਲਾਅਜ 'ਚ ਸੋਧਾਂ ਸਬੰਧੀ ਚੌਕਸ ਰਹਿਣ ਦਾ ਸੱਦਾ

# ਗੁਰਦੁਆਰਾ ਸੁਧਾਰ ਕਮੇਟੀ ਨੇ ਸਿੱਖ ਸੰਗਤਾਂ ਨੂੰ ਵੋਟਿੰਗ ਸਮੇਂ 'ਨਾਂਹ' (NO) ਲਈ ਕਿਹਾ



**ਮਿਲਪੀਟਸ/ਬਿਊਰੋ ਨਿਊਜ਼ :**
ਗੁਰਦੁਆਰਾ ਸੁਧਾਰ ਕਮੇਟੀ ਨੇ ਸੈਨਹੋਜ਼ੇ ਗੁਰਦੁਆਰਾ ਸਾਹਿਬ ਕਮੇਟੀ ਦੀ 18 ਦਸੰਬਰ, ਐਤਵਾਰ ਨੂੰ ਹੋਣ ਵਾਲੀ ਜਨਰਲ ਬਾਡੀ ਮੀਟਿੰਗ ਮੌਕੇ ਬਾਈਜਾਅਜ਼ ਵਿੱਚ ਸੋਧਾਂ ਸਬੰਧੀ ਸਿੱਖ ਸੰਗਤਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿੱਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਤਰਲੋਚਨ ਸਿੰਘ ਨਾਹਲ ਨੇ ਸਾਰੇ ਸੇਵਾਦਾਰਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸੇਵਾਦਾਰਾਂ ਨੂੰ ਆਪਣੀ ਵੋਟਿੰਗ ਦੀ ਸਹੀ ਵਰਤੋਂ ਕਰਨੀ ਚਾਹੀਦੀ ਹੈ। ਗੁਰਦੁਆਰਾ ਸੁਧਾਰ ਕਮੇਟੀ ਨੇ ਆਪਣੇ ਹੱਕਾਂ ਅਤੇ ਗੁਰਦੁਆਰਾ ਬਾਈਲਾਅਜ਼ ਦੀ ਲੰਮੀ ਲੜਾਈ ਲੜੀ ਹੈ। ਸ. ਨਾਹਲ ਨੇ ਕਿਹਾ, ਕੁਝ ਲੋਕਾਂ ਨੂੰ ਆਪਣੇ ਅਧਿਕਾਰਾਂ 'ਤੇ ਡਾਕਾ ਨਾ ਮਾਰਨ ਦਿਓ। ਇਹ ਹੁਣ ਤੁਹਾਡੇ 'ਤੇ ਨਿਰਭਰ ਕਦਰਾ ਹੈ ਕਿ ਤੁਸੀਂ ਆਪਣੇ ਅਧਿਕਾਰਾਂ ਦੀ ਰਾਖੀ ਕਿਵੇਂ ਕਰਨੀ ਹੈ। ਸਾਡਾ ਕੰਮ ਤੁਹਾਨੂੰ ਚੌਕਸ ਕਰਨਾ ਸੀ।" ਸ. ਨਾਹਲ ਨੇ ਕਿਹਾ ਕਿ ਜੇਕਰ ਤੁਸੀਂ ਹੁਣ ਆਪਣੇ ਅਧਿਕਾਰਾਂ ਦੀ ਵਰਤੋਂ ਨਾ ਕੀਤੀ ਤਾਂ ਤੁਸੀਂ ਆਪਣੇ ਅਧਿਕਾਰ ਹਮੇਸ਼ਾ ਲਈ ਗਵਾ ਦਿਓਂਗੇ।

ਉਨ੍ਹਾਂ ਕਿਹਾ, ਜਨਰਲ ਬਾਡੀ ਦੇ ਅਧਿਕਾਰਾਂ ਦੀ ਰੱਖਿਆ ਲਈ ਅਸੀਂ ਤੁਹਾਨੂੰ ਅਪੀਲ ਕਰਦੇ ਹਾਂ ਕਿ ਬਾਈਲਾਅਜ਼ ਤਬਦੀਲੀਆਂ ਸਬੰਧੀ ਵੋਟਿੰਗ ਲਈ 'ਨਾਂਹ' (NO) ਕਹੋ ਕਿਉਂਕਿ ਗੁਰਦੁਆਰਾ ਕਮੇਟੀ ਗ਼ਲਤ ਚਾਲਾਂ ਚੱਲ ਰਹੀ ਹੈ।"

ਭਾਈ ਨਾਹਲ ਨੇ ਸਭਨਾਂ ਨੂੰ ਸਮੇਂ ਸਿਰ ਪਹੁੰਚਣ ਦਾ ਸੱਦਾ ਦੁਹਰਾਉਂਦਿਆਂ ਕਿਹਾ ਕਿ ਇਹ ਮੀਟਿੰਗ 18 ਦਸੰਬਰ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਹੋ ਰਹੀ ਹੈ। ਸਭਨਾਂ ਫਰਜ਼ ਹੈ ਕਿ ਗੁਰੁ ਘਰ ਉੱਤੇ ਕਾਬਜ਼ ਧੜੇ ਨੂੰ ਮਨਮਾਨੀਆਂ ਕਰਨੋਂ ਰੋਕਣ ਅਤੇ ਗਲਤ ਸੋਧਾਂ ਦਾ ਡੱਟ ਕੇ ਵਿਰੋਧ ਕੀਤਾ ਜਾਵੇ।




# ਕੋਹਿਨੂਰ ਹੀਰਾ ਅੰਗਰੇਜ਼ਾਂ ਨੂੰ ਤੋਹ.ਫ਼ੇ 'ਚ ਨਹੀਂ ਦਿੱਤਾ, ਸਿੱਖਾਂ ਤੋਂ ਖੋਹਿਆ ਗਿਆ : ਵਿਲੀਅਮ ਡੈਲਰਿੰਪਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੋਹਿਨੂਰ ਹੀਰਾ ਅੰਗਰੇਜ਼ਾਂ ਨੂੰ ਤੋਹਫ਼ੇ ਵਜੋਂ ਨਹੀਂ ਦਿੱਤਾ ਗਿਆ ਸੀ, ਸਗੋਂ ਅੰਗਰੇਜ਼ ਇਸ ਨੂੰ ਸਿੱਖਾਂ ਤੋਂ ਲੁੱਟ ਕੇ ਲੈ ਗਏ ਸਨ। ਇਹ ਗੱਲ ਸਕੌਟਲੈਂਡ ਦੇ ਇਤਿਹਾਸਕਾਰ ਅਤੇ ਲੇਖਕ ਵਿਲੀਅਮ ਡੈੱਲਰਿੰਪਲ ਨੇ ਪੱਤਰਕਾਰ ਅਨੀਤਾ ਆਨੰਦ ਨਾਲ ਰਲ਼ ਕੇ ਲਿਖੀ ਕਿਤਾਬ 'ਕੋਹਿਨੂਰ: ਦਿ ਸਟੋਰੀ ਆਫ਼ ਦਿ ਵਰਲਡਜ਼ ਇਨਫੇਮਸ ਡਾਇਮੰਡ' ਵਿੱਚ ਲਿਖੀ ਹੈ। ਡੈੱਲਰਿੰਪਲ ਨੇ ਕਿਹਾ ਕਿ ਇਸ ਵੇਲੇ ਲੰਡਨ ਟਾਵਰ ਵਿੱਚ ਪਿਆ ਇਹ ਹੀਰਾ ਅਸਲ ਵਿੱਚ ਬਸਤੀਵਾਦੀ ਦੌਰ ਦੀ ਲੁੱਟ ਦਾ ਚਿੰਨ੍ਹ ਹੈ। ਬਰਤਾਨਵੀ ਰੇਡੀਓ ਅਤੇ ਟੀਵੀ ਪੱਤਰਕਾਰ ਅਨੀਤਾ ਆਨੰਦ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਹੀ ਨਹੀਂ ਹੈ ਕਿ ਇਹ ਹੀਰਾ ਕਿਵੇਂ ਲਿਆ ਗਿਆ। ਇਹ ਗੱਲ ਆਖ਼ਣੀ ਸਰਾਸਰ ਬੇਵਕੂਫ਼ੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਨੂੰ ਇਹ ਹੀਰਾ ਤੋਹਫ਼ੇ ਵਜੋਂ ਦਿੱਤਾ ਸੀ। ਉਨ੍ਹਾਂ ਕਿਹਾ ਕਿ ਜਦੋਂ ਅੰਗਰੇਜ਼ਾਂ ਨੇ ਇਹ ਹੀਰਾ ਲਿਆ, ਉਦੋਂ ਰਣਜੀਤ ਸਿੰਘ ਦੀ ਮੌਤ ਹੋ ਚੁੱਕੀ ਸੀ। ਅਸਲ ਵਿੱਚ ਇਹ ਹੀਰਾ ਰਣਜੀਤ ਸਿੰਘ ਦੇ ਦਸ ਸਾਲਾ ਪੁੱਤਰ ਦਲੀਪ ਸਿੰਘ ਦੇ ਕਬਜ਼ੇ ਵਿੱਚੋਂ ਅੰਗਰੇਜ਼ਾਂ ਨੇ 29 ਮਾਰਚ 1849 ਨੂੰ ਹਾਸਲ ਕੀਤਾ ਸੀ। ਦਲੀਪ ਸਿੰਘ ਉਸ ਵੇਲੇ ਡਰਿਆ ਹੋਇਆ ਸੀ ਤੇ ਉਸ ਨੇ ਅੰਗਰੇਜ਼ਾਂ ਦਾ ਦਬਾਅ ਕਬੂਲਿਆ।




ਇਨ੍ਹਾਂ ਲੇਖਕਾਂ ਵੱਲੋਂ ਉਭਾਰੇ ਗਏ ਤੱਥ ਇਸ ਗੱਲੋਂ ਵੀ ਅਹਿਮ ਹਨ ਕਿਉਂਕਿ ਇਹ ਹੀਰਾ ਇਸ ਸਾਲ ਦੇ ਸ਼ੁਰੂ ਵਿੱਚ ਉਦੋਂ ਚਰਚਾ ਦਾ ਵਿਸ਼ਾ ਬਣਿਆ ਸੀ, ਜਦੋਂ ਭਾਰਤ ਨੇ ਇਹ ਹੀਰਾ ਵਾਪਸ ਮੰਗਿਆ ਸੀ। ਹਾਲਾਂਕਿ ਸਰਕਾਰ ਨੇ 16 ਅਪਰੈਲ ਨੂੰ ਸੁਪਰੀਮ ਕੋਰਟ ਨੂੰ ਕਿਹਾ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਹ ਹੀਰਾ ਅੰਗਰੇਜ਼ਾਂ ਨੂੰ ਆਪਣੀ ਮਰਜ਼ੀ ਨਾਲ ਦਿੱਤਾ ਸੀ। ਅੰਗਰੇਜ਼ਾਂ ਨੇ ਨਾ ਤਾਂ ਇਸ ਨੂੰ ਚੋਰੀ ਕੀਤਾ ਅਤੇ ਨਾ ਹੀ ਇਸ ਨੂੰ ਧੱਕੇ ਨਾਲ ਹਾਸਲ ਕੀਤਾ। ਮਹਿਰੌਲੀ (ਦਿੱਲੀ) ਸਥਿਤ ਫਾਰਮ ਹਾਊਸ 'ਤੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਦੌਰਾਨ ਡੈੱਲਰਿੰਪਲ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਦਿੱਤਾ ਗਿਆ ਬਿਆਨ ਇਤਿਹਾਸਕ ਤੱਥਾਂ ਤੋਂ ਉਲਟ ਹੈ।

# ਜਹਾਜ਼ ਹਾਦਸੇ ਵਿਚ ਭਾਰਤੀ ਡਾਕਟਰ ਇੰਦਰਪਾਲ ਛਾਬੜਾ ਵਾਲ ਵਾਲ ਬਚਿਆ

**ਨਿਊ ਯਾਰਕ/ਬਿਊਰੋ ਨਿਊਜ਼ :**
ਭਾਰਤੀ ਮੂਲ ਦਾ ਡਾਕਟਰ ਇੰਦਰਪਾਲ ਛਾਬੜਾ ਉਸ ਵੇਲੇ ਵਾਲ ਵਾਲ ਬਚ ਗਿਆ, ਜਦੋਂ ਉਨ੍ਹਾਂ ਦਾ ਜਹਾਜ਼ ਐਤਵਾਰ ਨੂੰ ਹਾਦਸੇ ਦਾ ਸ਼ਿਕਾਰ ਹੋ ਗਿਆ। ਜਹਾਜ਼ ਦੇ ਇੰਜਣ ਵਿਚ ਖ਼ਰਾਬੀ ਆਉਣ ਕਾਰਨ ਇਹ ਇਕ ਟਾਪੂ ਦੇ ਪਾਣੀ ਵਿਚ ਜਾ ਡਿੱਗਿਆ। ਇੰਦਰਪਾਲ ਛਾਬੜਾ ਤੇ ਉਸ ਦਾ ਸਹਾਇਕ ਪਾਇਲਟ ਡੈਵਿਡ ਟੋਬਾਚਿੰਕ ਡੁੱਬ ਰਹੇ ਜਹਾਜ਼ ਵਿਚੋਂ ਬਾਹਰ ਆ ਗਏ ਤੇ ਓਨੀ ਦੇਰ ਤਕ ਪਹਾੜੀ 'ਤੇ ਰਹੇ, ਜਦੋਂ ਬਚਾਅ ਟੀਮ ਨਹੀਂ ਪੁੱਜ ਗਈ।



1992 ਵਿਚ ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਦਿੱਲੀ ਤੋਂ ਗਰੈਜੁਏਸ਼ਨ ਕਰਨ ਵਾਲੇ ਛਾਬੜਾ ਨੇ ਦੱਸਿਆ ਕਿ ਉਨ੍ਹਾਂ ਨੇ ਪੂਰੇ ਕੰਟਰੋਲ ਨਾਲ ਲੈਂਡਿੰਗ ਕੀਤੀ ਤੇ ਜਹਾਜ਼ ਨੂੰ ਅੱਗ ਲੱਗਣ ਤੋਂ ਬਚਾਅ ਲਿਆ। ਜਦੋਂ ਤਕ ਜਹਾਜ਼ ਪਾਣੀ ਨਾਲ ਟਕਰਾਇਆ, ਉਨ੍ਹਾਂ ਦਾ ਸਿੰਗਲ ਇੰਜਣ 'ਤੇ ਕੰਟਰੋਲ ਰਿਹਾ। ਇਹ ਪਾਣੀ ਵਿਚ ਪੂਰੀ ਤਰ੍ਹਾਂ ਕੰਟਰੋਲ ਲੈਂਡਿੰਗ ਸੀ, ਜਿਸ ਕਾਰਨ ਉਨ੍ਹਾਂ ਦੀ ਜਾਨ ਬਚ ਗਈ। ਛਾਬੜਾ ਨੇ ਦੱਸਿਆ ਕਿ ਆਖ਼ਰੀ ਮਿੰਟ ਤਕ ਜਹਾਜ਼ ਉਡਾਉਂਦੇ ਰਹੇ। ਜਦੋਂ ਜਹਾਜ਼ ਪਾਣੀ ਨਾਲ ਟਕਰਾਇਆ ਤਾਂ ਉਹ ਦੋਵੇਂ ਜਹਾਜ਼ ਦੇ ਪਰ੍ਹ 'ਤੇ ਬੈਠੇ ਰਹੇ ਤੇ ਤੈਰ ਕੇ ਪਹਾੜੀ ਤਕ ਪੁੱਜ ਗਏ।

# ਭਾਈ ਅਵਤਾਰ ਸਿੰਘ ਨੇ ਸਾਥੀਆਂ ਸਮੇਤ ਗੁਰਦੁਆਰਾ ਦਰਬਾਰ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਫਰਿਜ਼ਨੋ ਵਿਖੇ ਸੇਵਾ ਸੰਭਾਲੀ



**ਫਰਿਜ਼ਨੋ(ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਤੋਂ ਸੇਵਾ ਮੁਕਤ ਭਾਈ ਅਵਤਾਰ ਸਿੰਘ ਨੇ ਆਪਣੇਂ ਸਾਥੀਆਂ ਭਾਈ ਰਣਜੀਤ ਸਿੰਘ ਅਤੇ ਵਰਿੰਦਰ ਸਿੰਘ ਲਾਂਗਰੀ ਅਤੇ ਹੋਰ ਸੱਜਣਾ ਸਮੇਤ ਸੰਗਤ ਦੀ ਬੇਨਤੀ ਪ੍ਰਵਾਨ ਕਰਦਿਆਂ ਸਥਾਨਿਕ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਹਿਬ ਵਿਖੇ ਲੰਘੇ ਐਤਵਾਰ ਜੈਕਾਰਿਆਂ ਦੀ ਗੂੰਜ ਵਿੱਚ ਸੇਵਾ ਸੰਭਾਲੀ। ਗੁਰਦੁਆਰਾ ਦਰਬਾਰ ਸ਼੍ਰੀ ਗੁਰੂ ਗ੍ਰਝੰਥ ਸਹਿਬ ਜੀ ਵਿਖੇ ਇਸ ਮੌਕੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਦੀਵਾਨ ਵੀ ਸਜਾਇਆ ਗਿਆ। ਇਸ ਮੌਕੇ ਗਿਆਨੀ ਗੁਰਮੇਲ ਸਿੰਘ ਦੀਵਾਨਾ ਦੇ ਢਾਡੀ ਜਥੇ ਨੇ ਗੁਰੂ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਵੀ ਕਰਵਾਇਆ। ਬਹੁਤ ਸਾਰੇ ਬੁਲਾਰਿਆ ਨੇ ਭਾਈ ਅਵਤਾਰ ਸਿੰਘ ਨੂੰ ਜੀ ਆਇਆਂ ਕਿਹਾ ਅਤੇ ਸੇਵਾ ਸੰਭਾਲ਼ਨ ਲਈ ਵਧਾਈ ਦਿੱਤੀ। ਭਾਈ ਅਵਤਾਰ ਸਿੰਘ ਨੇ ਸੰਗਤਾਂ ਦੇ ਮੁਖਾਤਿਬ ਹੁੰਦਿਆ ਕਿਹਾ ਕਿ ਉਹ ਸੰਗਤ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਸਮੂਹ ਪ੍ਰਬੰਧਕਾਂ ਦੇ ਸਹਿਯੋਗ ਨਾਲ ਤਨਦੇਹੀ ਨਾਲ ਸੇਵਾਂ ਨਿਭਾਉਣਗੇ ਅਤੇ ਜਲਦੀ ਹੀ ਸੰਗਤਾਂ ਦੇ ਘਰਾਂ ਅੰਦਰ ਵੀ ਕੀਰਤਨ ਅਤੇ ਹੋਰ ਧਾਰਮਿਕ ਸੇਵਾਵਾਂ ਸੁਰੂ ਕਰਨਗੇ. ਉਹਨਾਂ ਨੇ ਸਮੂਹ ਸੰਗਤ ਨੂੰ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਵੀ ਗੁਰਦੁਆਰਾ ਦਰਬਾਰ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਵਿਖੇ ਮਨਾਉਣ ਦੀ ਅਪੀਲ ਕੀਤੀ।



ਇਸ ਮੌਕੇ ਗੁਰੂਘਰ ਦੇ ਪ੍ਰਬੰਧਕਾਂ ਵੱਲੋਂ ਸਿਰੋਪਾਓ ਪਾ ਕੇ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਨੂੰ ਜੀਓ ਆਇਆ ਕਿਹਾ। ਬਹੁਤ ਸਾਰੀਆਂ ਸੰਗਤਾਂ ਨੂੰ ਗੁਰੂ ਘਰ ਦੇ ਪਤੇ ਬਾਰੇ ਸ਼ੰਕਾ ਹੋਣ ਕਰਕੇ ਗੁਰੂ ਘਰ ਦਾ ਪਤਾ ਦਰਬਾਰ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ 4927 E McKinley Ave Fresno CA 93727 ਹੈ। ਲੰਗਰ ਦੀਆਂ ਸੇਵਾਵਾਂ ਲਈ ਭਾਈ ਵਰਿੰਦਰ ਸਿੰਘ ਲਾਂਗਰੀ ਦਾ ਫੋਨ ਨੰਬਰ (559) 316-9296






# ਸਿੱਖ ਵਿਆਹ ਸਮਾਗਮਾਂ ਉੱਤੇ ਘੱਟ ਤੋਂ ਘੱਟ ਖਰਚ ਕਰਨ : ਸਿੰਘ ਸਾਹਿਬਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਇੱਥੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਸਿੱਖ ਭਾਈਚਾਰੇ ਨੂੰ ਵਿਆਹ ਸਮਾਗਮਾਂ ਦੇ ਖਰਚੇ ਘੱਟ ਕਰਨ ਦੇ ਹੁਕਮ ਦਿੱਤੇ ਗਏ ਅਤੇ ਦਸਮ ਪਾਤਸ਼ਾਹ ਦੇ 350 ਸਾਲਾ ਪ੍ਰਕਾਸ਼ ਪੁਰਬ ਸਬੰਧੀ ਵੱਧ ਤੋਂ ਵੱਧ ਗੁਰਮਤਿ ਸਮਾਗਮ ਕਰਾਉਣ ਲਈ ਕਿਹਾ ਗਿਆ। ਅਕਾਲ ਤਖ਼ਤ ਵੱਲੋਂ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਲਈ ਉਨ੍ਹਾਂ ਦਾ ਸਨਮਾਨ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸਿੰਘ ਸਾਹਿਬਾਨ ਨੇ ਸੰਸਦ ਮੈਂਬਰ ਭਗਵੰਤ ਮਾਨ ਖ਼ਿਲਾਫ਼ ਕੀਤੀ ਗਈ ਸ਼ਿਕਾਇਤ ਬਾਰੇ ਕੋਈ ਵਿਚਾਰ-ਚਰਚਾ ਨਹੀਂ ਕੀਤੀ।

ਮੀਡੀਆ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਵਿਆਹਾਂ 'ਤੇ ਬੇਲੋੜਾ ਖਰਚ ਨਾ ਕੀਤਾ ਜਾਵੇ ਅਤੇ ਸਿੱਖ ਰੀਤਾਂ ਮੁਤਾਬਕ ਵਿਆਹ ਕੀਤੇ ਜਾਣ। ਉਨ੍ਹਾਂ ਕਿਹਾ ਕਿ ਆਨੰਦ ਕਾਰਜ 12 ਵਜੇ ਤੋਂ ਪਹਿਲਾਂ ਕੀਤੇ ਜਾਣ ਅਤੇ ਗੁਰਦੁਆਰੇ ਵਿੱਚ ਹੀ ਲੰਗਰ ਦਾ ਪ੍ਰਬੰਧ ਕੀਤਾ ਜਾਵੇ। ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਗੁਰਮਤਿ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਮੁੱਚੇ ਖ਼ਾਲਸਾ ਪੰਥ ਨੂੰ ਆਦੇਸ਼ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਪਰਪਿਤ ਵੱਧ ਤੋਂ



ਵੱਧ ਗੁਰਮਤਿ ਸਮਾਗਮ ਕਰਾਏ ਜਾਣ। ਸਿੰਘ ਸਾਹਿਬਾਨ ਵੱਲੋਂ ਫ਼ੈਸਲਾ ਲਿਆ ਗਿਆ ਹੈ ਕਿ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦਾ ਪੰਥ ਵਾਸਤੇ ਨਿਭਾਈਆਂ ਸੇਵਾਵਾਂ ਲਈ ਸਨਮਾਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਬੰਧੀ ਮਾਮਲਾ ਹਾਲੇ ਵਿਚਾਰ ਅਧੀਨ ਹੈ। ਜ਼ਿਕਰਯੋਗ ਹੈ ਕਿ ਭਗਵੰਤ ਮਾਨ 'ਤੇ ਭਾਜਪਾ ਦੇ ਕੌਮੀ ਸਕੱਤਰ ਆਰ.ਪੀ. ਸਿੰਘ ਨੇ ਅਰਦਾਸ ਮਗਰੋਂ ਪੜ੍ਹੀ ਜਾਂਦੀ ਪੰਕਤੀ ਨੂੰ ਬਦਲ ਕੇ ਗ਼ਲਤ ਢੰਗ ਨਾਲ ਬੋਲਣ ਦੇ ਦੋਸ਼ ਲਾਏ ਸਨ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ। ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘੁਬੀਰ ਸਿੰਘ, ਹੈੱਡ ਗ੍ਰੰਥੀ ਗਿਆਨੀ ਮੱਲ ਸਿੰਘ ਅਤੇ ਗਿਆਨੀ ਗੁਰਮੁੱਖ ਸਿੰਘ ਮੌਜੂਦ ਸਨ।


SFO/LAX to DELHI




FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ






MLS

ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ




ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635



ਰਾਜਿੰਦਰ ਸਿੰਘ
www.rsingh.pmz.com
3516 Deer Park Dr., Suit A
Stockton, CA 95219



# ਪੰਜਾਬ 'ਚ ਸਭ ਤੋਂ ਲੰਮਾ ਰੋਸ ਵਿਖਾਵਾ; ਕਰੀਬ 40 ਦਿਨਾਂ ਤੋਂ ਦੋ ਟੀਚਰ ਟਾਵਰ 'ਤੇ

## ਬਾਦਲ ਦੀ ਰਿਹਾਇਸ਼ ਤੋਂ 750 ਮੀਟਰ ਦੂਰ ਮੋਬਾਈਲ ਟਾਵਰ 'ਤੇ ਦੋ ਅਧਿਆਪਕ, ਹੇਠਾਂ 69 ਮੁਲਾਜ਼ਮ ਰਾਖੀ ਲਈ

**ਚੰਡੀਗੜ੍ਹ/ਬਿਊਰੋ ਨਿਊਜ਼:** ਤੁਸੀਂ ਵਿਵਸਥਾ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਦੇ ਬਹੁਤ ਸਾਰੇ ਤਰੀਕੇ ਵੇਖੇ ਹੋਣਗੇ। ਪੰਜਾਬ 'ਚ ਵਿਰੋਧ ਵਿਚ ਪਾਣੀ ਦੀਆਂ ਟੈਂਕੀਆਂ 'ਤੇ ਚੜ੍ਹ ਜਾਣਾ ਅਤੇ ਫਿਰ ਉਤਰ ਆਉਣਾ ਆਮ ਗੱਲ ਹੈ। ਚੰਡੀਗੜ੍ਹ ਦੇ ਸੈਕਟਰ-3 ਵਿਚ ਉੱਚ ਸੁਰੱਖਿਆ ਜ਼ੋਨ ਵਿਚ ਇਕ ਮੋਬਾਈਲ ਟਾਵਰ 'ਤੇ ਦੋ ਬੇਰੁਜ਼ਗਾਰ ਟੀਚਰ-ਗੁਰਦਾਸਪੁਰ ਦੇ 29 ਸਾਲ ਦੇ ਰਾਕੇਸ਼ ਅਤੇ ਫ਼ਾਜ਼ਿਲਕਾ ਦੇ 35 ਸਾਲ ਦੇ ਦੀਪਕ ਕਰੀਬ 40 ਦਿਨ ਤੋਂ ਚੜ੍ਹੇ ਹੋਏ ਹਨ। ਇਹ ਇਕ ਰਿਕਾਰਡ ਹੈ। ਇਸ ਤੋਂ ਪਹਿਲਾਂ 2011 ਵਿਚ ਅਵਤਾਰ ਸਿੰਘ ਨਗਲਾ ਨੇ ਜ਼ੀਰਕਪੁਰ 'ਚ ਇਕ ਦਰੱਖ਼ਤ 'ਤੇ 28 ਦਿਨ ਬਿਤਾਏ ਸਨ। 80 ਫ਼ੁੱਟ ਉੱਚਾ ਇਹ ਮੋਬਾਈਲ ਟਾਵਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਤੋਂ ਲਗਭਗ 750 ਮੀਟਰ ਦੂਰ ਹੈ। ਰਾਕੇਸ਼ ਅਤੇ ਦੀਪਕ ਟਾਵਰ ਉੱਪਰ ਸਾਢੇ ਤਿੰਨ ਫ਼ੁੱਟ ਥਾਂ 'ਤੇ ਕੈਦ ਹਨ। ਪਖਾਨੇ ਤੋਂ ਲੈ ਕੇ ਖਾਣਾ-ਪੀਣਾ ਅਤੇ ਸੌਣਾ ਇਸੇ ਥਾਂ 'ਤੇ ਹੋ ਰਿਹਾ ਹੈ। ਕੋਈ ਵੀ ਟਾਵਰ ਦੇ ਨੇੜੇ ਆਉਂਦਾ ਹੈ ਤਾਂ ਛਾਲ ਮਾਰਨ ਜਾਂ ਖ਼ੁਦ ਨੂੰ ਅੱਗ ਲਾਉਣ ਦੀ ਧਮਕੀ ਦਿੰਦੇ ਹਨ। ਧਮਕੀ ਦਾ ਅਸਰ ਅਜਿਹਾ ਹੈ ਕਿ ਵੀ.ਆਈ.ਪੀਜ਼ ਨਾਲ ਗੁਲਜ਼ਾਰ ਰਹਿਣ ਵਾਲਾ ਪੰਜਾਬ ਭਵਨ ਇੰਨੇ ਦਿਨਾਂ ਤੋਂ ਹਾਈਜੈਕ ਨਜ਼ਰ ਆ ਰਿਹਾ ਹੈ। ਇੱਥੇ ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ 69 ਕਰਮਚਾਰੀ ਦਿਨ-ਰਾਤ ਡਿਊਟੀ ਦੇ ਰਹੇ ਹਨ। ਹੇਠਾਂ ਡਟੇ ਪੁਲੀਸ ਵਾਲਿਆਂ ਨੂੰ ਬਹੁਤ ਦੂਰ ਤਕ ਜਾਣ ਦੀ ਇਜਾਜ਼ਤ ਨਹੀਂ ਹੈ। ਕੋਈ ਆਪਣੀ ਥਾਂ ਤੋਂ ਉਦੋਂ ਤਕ ਨਹੀਂ ਹਿਲਦਾ ਜਦੋਂ ਤਕ ਕਿ ਸੀਨੀਅਰ ਪੁਲੀਸ ਅਫ਼ਸਰ ਮੌਕੇ 'ਤੇ ਨਹੀਂ ਪੁੱਜ ਜਾਂਦੇ। ਇਨ੍ਹਾਂ ਪੁਲੀਸ ਵਾਲਿਆਂ, ਮੈਡੀਕਲ ਸਟਾਫ਼ ਦੀਆਂ ਨਜ਼ਰਾਂ ਹਰ ਵੇਲੇ ਟਾਵਰ ਉਤੇ ਲੱਗੀਆਂ ਰਹਿੰਦੀਆਂਹਨ। ਮੁਸਤੈਦੀ ਐਨੀ ਹੈ ਕਿ ਟਾਵਰ 'ਤੇ ਬੈਠੇ ਟੀਚਰ ਮਾੜੀ ਜਿਹੀ ਵੀ ਹਰਕਤ ਕਰਦੇ ਹਨ ਤਾਂ ਹੇਠਾਂ ਪੁਲੀਸ ਵਾਲੇ ਕਿਸੇ ਵੀ ਹਾਲਾਤ ਨਾਲ ਨਜਿੱਠਣ ਦੀ ਤਿਆਰੀ ਵਿਚ ਲੱਗ ਜਾਂਦੇ ਹਨ। ਇਹ ਦੋਵੇਂ ਟੀਚਰ ਆਪਣੇ ਨਾਲ ਖਾਣਾ, ਪਾਣੀ ਅਤੇ ਦੋ ਮੋਬਾਈਲ ਫ਼ੋਨ ਲੈ ਕੇ ਚੜ੍ਹੇ ਸਨ। ਖਾਣਾ-ਪਾਣੀ ਖ਼ਤਮ ਹੋ ਚੁੱਕਾ ਹੈ। ਇਸ ਦੌਰਾਨ ਚਾਰ ਵਾਰੀ ਉਨ੍ਹਾਂ ਨੂੰ ਖਾਣਾ ਪਹੁੰਚਾਇਆ ਗਿਆ ਹੈ। ਹੁਣ ਪਾਣੀ ਦੀ ਇਕ-ਇਕ ਬੂੰਦ ਬਚਾ ਕੇ ਖ਼ਰਚ ਕਰ ਰਹੇ ਹਨ। ਮੋਬਾਈਲ ਕਦੋਂ ਦੇ ਡਿਸਚਾਰਜ ਹੋ ਚੁੱਕੇ ਹਨ। ਠੰਢ ਤੋਂ ਬਚਣ ਲਈ ਚਾਰ ਕੰਬਲ ਹਨ।



### ਦੋਵੇਂ ਅੰਦੋਲਨਕਾਰੀਆਂ ਦੀ ਸੁਰੱਖਿਆ 'ਚ...

- 69 ਕਰਮਚਾਰੀ (ਪੰਜਾਬ-ਚੰਡੀਗੜ੍ਹ ਪੁਲੀਸ, ਮੈਡੀਕਲ ਸਟਾਫ਼, ਫ਼ਾਇਰ ਬ੍ਰਿਗੇਡ ਅਤੇ ਸਿਵਲ ਡਿਫ਼ੈਂਸ ਦੇ ਕਰਮਚਾਰੀ) ਲੱਗੇ ਹਨ ਡਿਊਟੀ 'ਤੇ...
- 06 ਜਵਾਨ ਪੰਜਾਬ ਪੁਲੀਸ ਦੇ ਦੋ ਸਿਫ਼ਟਾਂ 'ਚ
- 22 ਜਵਾਨ ਚੰਡੀਗੜ੍ਹ ਪੁਲੀਸ ਦੀਆਂ ਦੋ ਸ਼ਿਫ਼ਟਾਂ 'ਚ
- 18 ਜਵਾਨ ਚੰਡੀਗੜ੍ਹ ਫ਼ਾਇਰ ਬ੍ਰਿਗੇਡ ਦੀਆਂ ਤਿੰਨ ਸ਼ਿਫ਼ਟਾ 'ਚ
- 08 ਮੈਡੀਕਲ ਸਟਾਫ਼ ਐਂਬੂਲੈਂਸ 'ਚ ਦੋ ਸ਼ਿਫ਼ਟਾਂ 'ਚ
- 15 ਕਰਮਚਾਰੀ ਸਿਵਿਲ ਡਿਫ਼ੈਂਸ ਦੀਆਂ ਦੋ ਸ਼ਿਫ਼ਟਾਂ 'ਚ
- 8 ਲੱਖ ਰੁਪਏ ਰੋਜ਼ਾਨਾ ਦਾ ਖ਼ਰਚਾ ਹੈ ਐਨੇ ਕਰਮਚਾਰੀਆਂ ਦੀ ਸੈਲਰੀ 'ਤੇ। 2 ਨਵੰਬਰ ਤੋਂ ਇਹ ਰਕਮ ਸਿਰਫ਼ ਦੋ ਟੀਚਰਾਂ ਦੀ ਡਿਊਟੀ 'ਤੇ ਇਨਵੈਸਟ ਹੋ ਰਹੀ ਹੈ।
- ਪੰਜਾਬ ਭਵਨ 'ਚ ਵੀ.ਆਈ.ਪੀ. ਆਉਂਦੇ-ਜਾਂਦੇ ਰਹਿੰਦੇ ਹਨ, 40 ਦਿਨਾਂ ਤੋਂ ਕੋਈ ਨਹੀਂ ਆਇਆ।

### 3 ਕਰੋੜ ਦੀ ਹਾਈਡਰੋਲਿਕ ਪੌੜੀ ਹੇਠਾਂ ਖੜ੍ਹੀ ਹੈ...

- ਇਕ ਵਾਰੀ ਆਪਰੇਟ ਕਰਨ ਦਾ ਖ਼ਰਚ 1800 ਰੁਪਏ
- ਹਾਈਡਰੋਲਿਕ ਪੌੜੀ ਨਾਲ ਅਜੇ ਤਕ ਚਾਰ ਵਾਰੀ ਉਨ੍ਹਾਂ ਨੂੰ ਖਾਣਾ ਦਿੱਤਾ ਗਿਆ।
- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਨਿਯੁਕਤ ਅਦਾਲਤ ਦੇ ਸਹਿਯੋਗੀ ਵਕੀਲ ਦੋ ਵਾਰੀ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਇਸ ਮਸ਼ੀਨ ਰਾਹੀਂ ਉਪਰ ਤਕ ਗਏ ਸਨ।

### 2 ਨਵੰਬਰ ਨੂੰ ਮਿੱਤਲ ਦੀ ਪਾਰਟੀ 'ਚ ਚਕਮਾ ਦੇ ਕੇ ਚੜ੍ਹੇ ਟਾਵਰ 'ਤੇ...

ਪੰਜਾਬ ਭਵਨ 'ਚ 2 ਨਵੰਬਰ ਨੂੰ ਕੈਬਿਨਟ ਮੰਤਰੀ ਮਦਨ ਮੋਹਨ ਮਿੱਤਲ ਦੀ ਪਾਰਟੀ ਸੀ। ਇਸ ਦੌਰਾਨ ਸੁਰੱਖਿਆ ਮੁਲਾਜ਼ਮ ਵੀ.ਆਈ.ਪੀ. ਡਿਊਟੀ 'ਤੇ ਸਨ। ਮਹਿਮਾਨਾਂ ਨਾਲ ਦੋਵੇਂ ਟੀਚਰ ਵੀ ਭਵਨ 'ਚ ਦਾਖ਼ਲ ਹੋਏ। ਇਸ ਤੋਂ ਬਾਅਦ ਰਾਤ ਦੇ ਹਨੇਰੇ 'ਚ ਟਾਵਰ ਉਤੇ ਡਟ ਗਏ। ਪੂਰੀ ਰਾਤ ਚੁੱਪ ਰਹੇ। ਅਗਲੇ ਦਿਨ 3 ਨਵੰਬਰ ਨੂੰ ਸੂਰਜ ਨਿਕਲਣ ਨਾਲ ਹੀ ਦੋਹਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਉਦੋਂ ਪ੍ਰਸ਼ਾਸਨ ਨੂੰ ਪਤਾ ਲੱਗਾ ਕਿ ਕੋਈ ਟਾਵਰ 'ਤੇ ਚੜ੍ਹ ਗਿਆ ਹੈ। ਇਨ੍ਹਾਂ ਦੀ ਮੰਗ ਹੈ ਕਿ ਉਨ੍ਹਾਂ ਨੇ ਟੀ.ਈ.ਟੀ. ਪਾਸ ਕੀਤਾ ਹੈ ਅਤੇ ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ। ਇਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਅਧਿਆਪਕਾਂ ਦੀਆਂ 1000 ਆਸਾਮੀਆਂ ਖ਼ਾਲੀ ਹਨ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਸਿੱਖ ਮਨੁੱਖੀ ਵਿਕਾਸ ਫਾਊਂਡੇਸ਼ਨ ਨੇ ਵਿਦਿਆਰਥੀਆਂ ਦੀ ਵਿੱਤੀ ਮਦਦ ਲਈ ਜੁਟਾਏ ਢਾਈ ਲੱਖ ਡਾਲਰ



ਫਾਊਂਡੇਸ਼ਨ ਦੇ ਸਮਾਗਮ ਦੌਰਾਨ ਇਕ ਵਿਦਿਆਰਥੀ ਨੂੰ ਵਜ਼ੀਫਾ ਦਿੱਤੇ ਜਾਣ ਦੀ ਝਲਕ।

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਸਿੱਖਾਂ ਨਾਲ ਜੁੜੀ ਇਕ ਸੰਸਥਾ ਨੇ ਇਥੇ ਸਮਾਗਮ ਕਰਕੇ ਢਾਈ ਲੱਖ ਅਮਰੀਕੀ ਡਾਲਰ ਦੀ ਰਾਸ਼ੀ ਇਕੱਤਰ ਕੀਤੀ, ਜੋ ਕੇ ਪੰਜਾਬ ਤੇ ਗੁਆਂਢੀ ਸੂਬਿਆਂ ਵਿਚ ਵਿੱਤੀ ਪੱਖੋਂ ਕਮਜ਼ੋਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਦਿੱਤੀ ਜਾਵੇਗੀ। ਸਿੱਖ ਮਨੁੱਖੀ ਵਿਕਾਸ ਫਾਊਂਡੇਸ਼ਨ (ਐਸਐਚਡੀਐਫ਼) ਨਾਂ ਦੀ ਜਥੇਬੰਦੀ ਵੱਲੋਂ ਜਾਰੀ ਬਿਆਨ ਮੁਤਾਬਕ ਉਪਰੋਕਤ ਰਾਸ਼ੀ ਉਨ੍ਹਾਂ 700 ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫ਼ੇ ਵਜੋਂ ਮੁਹੱਈਆ ਕਰਵਾਈ ਜਾਵੇਗੀ, ਜੋ ਕਿ ਪੈਸੇ ਦੀ ਘਾਟ ਕਰਕੇ ਅੱਗੇ ਪੜ੍ਹਾਈ ਕਰਨ ਦੇ ਸਮਰੱਥ ਨਹੀਂ ਹਨ ।ਜਥੇਬੰਦੀ ਦੇ ਬੋਰਡ ਮੈਂਬਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ 17 ਸਾਲਾਂ ਤੋਂ ਇਹ ਕੰਮ ਕਰ ਰਹੇ ਹਨ। ਇਸ ਸਾਲ ਹੁਣ ਤਕ 539 ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਜਾ ਚੁੱਕੇ ਹਨ ਤੇ ਇਨ੍ਹਾਂ ਵਿੱਚੋਂ 65 ਫੀਸਦ ਤੋਂ ਵੱਧ ਵਿਦਿਆਰਥੀ ਪੰਜਾਬ ਦੇ ਪੇਂਡੂ ਖੇਤਰਾਂ ਨਾਲ ਸਬੰਧਤ ਹਨ। ਇਨ੍ਹਾਂ ਵਿਚ ਲੜਕੀਆਂ ਦੀ ਗਿਣਤੀ 74 ਫੀਸਦ ਦੇ ਕਰੀਬ ਹੈ। ਐਸਐਚਡੀਐਫ਼ ਦੇ ਚੇਅਰਮੈਨ ਗਜਿੰਦਰ ਸਿੰਘ ਨੇ ਕਿਹਾ, 'ਜਥੇਬੰਦੀ ਹੁਣ ਤਕ 4500 ਤੋਂ ਵੱਧ ਵਜ਼ੀਫ਼ੇ ਤਕਸੀਮ ਕੀਤੇ ਜਾ ਚੁੱਕੇ ਹਨ ਤੇ 2200 ਤੋਂ ਵੱਧ ਵਿਦਿਆਰਥੀ ਆਪਣੀ ਗਰੈਜੂਏਸ਼ਨ ਪੱਧਰ ਦੀ ਪੜ੍ਹਾਈ ਮੁਕੰਮਲ ਕਰਨ ਮਗਰੋਂ ਚੰਗੀਆਂ ਨੌਕਰੀਆਂ ਕਰ ਰਹੇ ਹਨ।' ਯੂ.ਕੇ. ਦੇ ਇਕ ਵੱਡੇ ਉਦਯੋਗਪਤੀ ਤੇ ਸਮਾਗਮ ਦੇ ਮੁੱਖ ਮਹਿਮਾਨ ਸਤਿੰਦਰ ਸਿੰਘ ਚੱਢਾ ਨੇ ਕਿਹਾ, 'ਲੋੜਵੰਦ ਬੱਚਿਆਂ ਲਈ ਉੱਚ ਸਿੱਖਿਆ ਸਭ ਤੋਂ ਵੱਡਾ ਤੋਹਫ਼ਾ ਹੈ, ਜੋ ਅਸੀਂ ਉਨ੍ਹਾਂ ਨੂੰ ਦੇ ਸਕਦੇ ਹਾਂ। ਮਨੁੱਖਤਾ ਦੀ ਭਲਾਈ ਕਰਨ ਦਾ ਇਹ ਵੱਡਾ ਜ਼ਰੀਆ ਹੈ, ਜਿਸ ਨਾਲ ਅਸੀਂ ਕਈਆਂ ਦੀ ਜ਼ਿੰਦਗੀ ਵਿਚ ਖ਼ੁਸ਼ਹਾਲੀ ਲਿਆ ਸਕਦੇ ਹਾਂ।' ਇਸ ਮੌਕੇ ਉਨ੍ਹਾਂ ਆਪਣੇ ਵੱਲੋਂ 25 ਹਜ਼ਾਰ ਡਾਲਰ ਦਾ ਚੰਦਾ ਦੇਣ ਦਾ ਵੀ ਐਲਾਨ ਕੀਤਾ। ਫਾਊਂਡੇਸ਼ਨ ਦੇ ਡਾਇਰੈਕਟਰ ਰਾਜਵੰਤ ਸਿੰਘ ਨੇ ਕਿਹਾ ਅਜੇ ਇਸ ਪਾਸੇ ਹੋਰ ਬਹੁਤ ਕੁਝ ਕੀਤੇ ਜਾਣ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਸਿੱਖ ਮਨੁੱਖੀ ਵਿਕਾਸ ਫਾਊਂਡੇਸ਼ਨ ਦਾ ਗਠਨ ਸਿੱਖ ਧਰਮ ਦੇ ਸੇਵਾ ਦੇ ਸੰਕਲਪ ਤੋਂ ਪ੍ਰੇਰਿਤ ਹੋ ਕੇ ਕੀਤਾ ਗਿਆ ਸੀ। ਅਮਰੀਕਾ ਅਧਾਰਤ ਇਸ ਸੰਸਥਾ ਦਾ ਕਿਸੇ ਸਿਆਸੀ ਜਥੇਬੰਦੀ ਨਾਲ ਕੋਈ ਲਾਗਾ ਦੇਗਾ ਨਹੀਂ ਤੇ ਸੰਸਥਾ ਨੂੰ ਬਿਨਾਂ ਮੁਨਾਫ਼ੇ ਦੇ ਚਲਾਇਆ ਜਾਂਦਾ ਹੈ। ਸੰਸਥਾ ਵੱਲੋਂ ਜਿਨ੍ਹਾਂ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਉਨ੍ਹਾਂ ਵਿੱਚੋਂ ਵੱਡੀ ਗਿਣਤੀ ਇੰਫੋਸਿਸ ਤੇ ਅਮੈਰੀਕਨ ਐਕਸਪ੍ਰੈਸ ਵਰਗੀਆਂ ਮਲਟੀਨੈਸ਼ਨਲ ਕੰਪਨੀਆਂ ਸਮੇਤ ਐਸਬੀਆਈ, ਮਰਚੈਂਟ ਨੇਵੀ ਤੇ ਇੰਡੀਅਨ ਏਅਰਫੋਰਸ ਜਿਹੇ ਅਦਾਰਿਆਂ ਵਿੱਚ ਤਾਇਨਾਤ ਹਨ।


Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਦਾ ਚੋਣ ਯੁੱਧ : ਆਮ ਆਦਮੀ ਪਾਰਟੀ ਦੇ ਚੋਣ ਯੋਧੇ

ਇਸ ਵਾਰ ਅਸੀਂ ਆਮ ਆਦਮੀ ਪਾਰਟੀ ਦੀ ਪੰਜਾਬ ਵਿਧਾਨ ਸਭਾ ਚੋਣਾਂ ਵਿਚਲੀ ਤਿਆਰੀ ਬਾਰੇ ਜ਼ਿਕਰ ਕਰਨ ਜਾ ਰਹੇ ਹਾਂ। ਵਿਧਾਨ ਸਭਾ ਚੋਣਾਂ ਲਈ ਮੈਦਾਨ ਵਿਚ ਪਹਿਲੀ ਵਾਰ ਨਿਤਰੀ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਟੀਮ ਦੇ ਮੋਹਰੀ ਵਿਅਕਤੀਆਂ ਦੀ ਸੰਖੇਪ ਵਿਚ ਜਾਣਕਾਰੀ। ਪੰਜਾਬ ਵਿਚ ਇਹ ਪਾਰਟੀ ਨਵੇਂ ਚੋਲੇ ਵਿਚ ਸਾਹਮਣੇ ਆਈ ਹੈ, ਜਿਸ ਨੇ ਆਪਣੀ ਟੀਮ ਅਤੇ ਸਮਰਥਕਾਂ ਦਾ ਆਧਾਰ ਖੜ੍ਹਾ ਕੀਤਾ ਹੈ ਪਰ ਸੱਤਾ ਵਿਰੋਧੀ ਲਹਿਰ ਕਾਰਨ ਉਸ ਨੂੰ ਕੋਈ ਖ਼ਾਸ ਮਿਹਨਤ ਵੀ ਨਹੀਂ ਕਰਨੀ ਪਈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦਾ ਸਿਆਸੀ ਭਵਿੱਖ ਪੰਜਾਬ ਵਿਚ ਘੜਿਆ ਜਾ ਰਿਹਾ ਹੈ। ਤੇ ਇਹ ਯਕੀਨੀ ਬਣਾਉਣ ਕਿ ਇਸ ਦਾ ਭਵਿੱਖ ਉਜਵਲ ਹੈ, ਇਸ ਦੇ ਅਫ਼ਸਰਸ਼ਾਹ ਤੋਂ ਐਕਟੀਵਿਸਟ ਤੇ ਫੇਰ ਸਿਆਸਤਦਾਨ ਬਣੇ ਅਰਵਿੰਦ ਨੇ ਦੇਸ਼ ਨੂੰ ਵੱਖਰਾ ਸਿਆਸੀ ਮੁਹਾਂਦਰਾ ਦੇਣ ਦਾ ਵਾਅਦਾ ਕੀਤਾ ਹੈ। 'ਆਪ' ਲਈ ਪੰਜਾਬ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਇਸ ਦੇ ਕੁਝ ਯੋਧਿਆਂ ਦਾ ਜ਼ਿਕਰ ਇਸ ਤਰ੍ਹਾਂ ਹੈ।

## ਅਹਿਮ ਕਿਰਦਾਰ

**ਸੰਜੇ ਸਿੰਘ, (44 ਸਾਲ)**



ਆਮ ਆਦਮੀ ਪਾਰਟੀ ਦਾ ਪੰਜਾਬ ਮਾਮਲਿਆਂ ਦਾ ਇੰਚਾਰਜ ਅਤੇ ਅਹਿਮ ਫ਼ੈਸਲੇ ਤੈਅ ਕਰਨ ਵਾਲੀ ਸ਼ਖ਼ਸੀਅਤ। ਕੇਜਰੀਵਾਲ ਤੋਂ ਬਿਨਾਂ ਕੋਈ ਵੀ ਉਸ ਦਾ ਫ਼ੈਸਲਾ ਰੱਦ ਨਹੀਂ ਕਰ ਸਕਦਾ। ਉਸ ਦਾ ਬੋਲਿਆ ਹਰ ਸ਼ਬਦ ਆਖ਼ਰੀ ਹੁੰਦਾ ਹੈ। ਪਾਰਟੀ ਦਾ ਢਾਂਚਾ ਖੜ੍ਹਾ ਕਰਨ ਵਿਚ ਉਸ ਦਾ ਅਹਿਮ ਹੱਥ ਹੈ। ਪਾਰਟੀ ਦੇ ਅੰਦਰੋਂ ਤੇ ਬਾਹਰੋਂ ਹੋਣ ਵਾਲੀ ਆਲੋਚਨਾ ਅਤੇ ਕਿਸੇ ਤਰ੍ਹਾਂ ਦੇ ਸੰਕਟ ਦਾ ਹੱਲ ਸੰਜੇ ਸਿੰਘ ਕੋਲ ਹੈ। ਪਰਦੇ ਦੇ ਸਾਹਮਣੇ ਨਾ ਆ ਕੇ ਵੀ, ਉਹ ਪਰਦੇ ਦੇ ਪਿਛੇ ਕੰਮ ਕਰਦਾ ਹੈ, ਭਾਵ ਉਹ ਹਰ ਥਾਂ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ ਜੋ ਵੀ ਹੋਣ, ਜੇ ਜਿੱਤ ਦਾ ਸਿਹਰਾ ਉਸ ਸਿਰ ਬੱਝਿਆ ਤਾਂ ਹਾਰ ਦਾ ਭਾਂਡਾ ਵੀ ਉਸੇ ਸਿਰ ਭੱਜੇਗਾ।

## ਸੱਜਾ ਹੱਥ

**ਦੁਰਗੇਸ਼ ਪਾਠਕ, (28 ਸਾਲ)**



ਪੰਜਾਬ ਵਿਚ ਕੇਜਰੀਵਾਲ ਦੇ ਸਾਰਿਆਂ ਤੋਂ ਨੇੜਲੇ ਵਿਅਕਤੀਆਂ ਵਿਚੋਂ ਇਕ। ਉਸ ਦੀ ਸਾਰੀ ਤਾਕਤ ਜਥੇਬੰਦਕ ਢਾਂਚਾ ਖੜ੍ਹਾ ਕਰਨ ਵਿਚ ਲਾਈ ਜਾ ਰਹੀ ਹੈ। ਸੰਜੇ ਤੋਂ ਇਲਾਵਾ ਦੁਰਗੇਸ਼ ਨੇ ਵੀ ਪਾਰਟੀ ਦੀਆਂ ਟਿਕਟਾਂ ਦੇਣ ਦੀ ਜ਼ਿੰਮੇਵਾਰੀ ਤੋਂ ਲੈ ਕੇ, 'ਆਪ' ਤੇ ਇਸ ਦੇ ਚੋਣ ਨਿਸ਼ਾਨ ਝਾੜੂ ਨੂੰ ਘਰ ਘਰ ਤੱਕ ਪਹੁੰਚਾਉਣ ਦਾ ਜ਼ਿੰਮਾ ਚੁੱਕਿਆ ਹੈ। ਉਹ ਸੁਣਦਾ ਜ਼ਿਆਦਾ ਤੇ ਬੋਲਦਾ ਘੱਟ ਹੈ। ਉਹ ਮੀਡੀਆ ਦੀ ਚਕਾਚੌਂਧ ਤੋਂ ਦੂਰ ਰਹਿੰਦਾ ਹੈ।



(ਪੇਸ਼ਕਾਰੀ ਚਿਤਲੀਨ ਸੇਠ 'ਹਿੰਦੁਸਤਾਨ ਟਾਈਮਜ਼')

## ਮੁੱਖ ਮਜਮੇਬਾਜ

**ਭਗਵੰਤ ਮਾਨ, (43 ਸਾਲ)**



ਕਾਮੇਡੀਅਨ ਤੇ ਸਿਆਸਤਦਾਨ ਭਗਵੰਤ ਮਾਨ 'ਆਪ' ਪ੍ਰਚਾਰ ਮੁਹਿੰਮ ਦੀ ਜਿੰਦ ਜਾਨ ਹੈ। ਬੋਲ ਕੇ ਲੋਕਾਂ ਨੂੰ ਆਕਰਸ਼ਤ ਕਰਨ ਦੀ ਸਮਰਥਾ ਹੈ। ਉਸ ਤੋਂ ਪਹਿਲਾਂ ਤੇ ਬਾਅਦ ਵਿਚ ਬੋਲਣ ਵਾਲਿਆਂ ਨੂੰ ਆਪਣੀ ਗੱਲ ਕਹਿਣ ਵਿਚ ਔਖਿਆਈ ਆਉਂਦੀ ਹੈ। ਉਹ ਲਚੀਲਾ ਹੋਣ ਦੇ ਨਾਲ ਨਾਲ ਕੇਜਰੀਵਾਲ ਦੀ ਸੁਰ ਵਿਚ ਸੁਰ ਮਿਲਾਉਣ ਵਾਲਾ ਵਿਅਕਤੀ ਹੈ। ਉਹ ਮੁੱਖ ਮੰਤਰੀ ਬਣਨ ਦਾ ਵੀ ਸੁਪਨਾ ਪਾਲ ਰਿਹਾ ਹੈ। ਅਕਸਰ ਵਿਵਾਦਾਂ ਵਿਚ ਵੀ ਘਿਰਿਆ ਰਹਿੰਦਾ ਹੈ ਤੇ ਮੰਨਿਆ ਜਾਂਦਾ ਹੈ ਕਿ ਉਸ ਦੀ ਸ਼ਰਾਬ ਪੀਣ ਦੀ ਆਦਤ, ਉਸ ਲਈ ਦਿੱਕਤਾਂ ਪੈਦਾ ਕਰਦੀ ਹੈ। ਉਸ ਦਾ ਮਜ਼ਾਹੀਆ ਸੁਭਾਅ ਅਤੇ ਸ਼ੋਸ਼ਲ ਮੀਡੀਆ ਦੀ ਵਿਆਪਕ ਵਰਤੋਂ ਕਰਨ ਕਾਰਨ ਨੌਜਵਾਨ ਜ਼ਿਆਦਾ 'ਆਪ' ਨਾਲ ਜੁੜਦੇ ਹਨ।

## ਸੰਕਟ ਮੋਚਣ

**ਗੁਰਪ੍ਰੀਤ ਸਿੰਘ ਵੜੈਚ 'ਘੁੱਗੀ', (45 ਸਾਲ)**



'ਆਪ' ਦਾ ਇਕ ਹੋਰ ਕਾਮੇਡੀ ਪਾਤਰ, ਉਹ ਵੀ ਪਾਰਟੀ ਦਾ ਸੰਕਟ ਮੋਚਣ ਹੈ। ਉਸ ਦੇ ਪਾਰਟੀ ਕਨਵੀਨਰ ਬਣਨ ਨਾਲ ਦੂਜਿਆਂ ਨੂੰ ਬਹੁਤ ਤਕਲੀਫ਼ ਹੋਈ। ਉਸ ਨੇ ਆਪਣੀ ਸੂਝ-ਬੂਝ ਤੇ ਸਹਿਜ ਸੁਭਾਅ ਨਾਲ ਆਪਣੇ ਵਿਰੋਧੀਆਂ ਨੂੰ ਵੀ ਸ਼ਾਂਤ ਕੀਤਾ। ਕਾਮੇਡੀਅਨ ਹੋਣ ਦੇ ਨਾਤੇ ਵੀ ਉਹ ਮਜ਼ਾਹੀਆ ਲਹਿਜ਼ੇ ਤੋਂ ਗੁਰੇਜ਼ ਕਰਦਾ ਹੈ ਤੇ ਸਿੱਖ ਇਤਿਹਾਸ 'ਤੇ ਪਕੜ ਹੋਣ ਕਾਰਨ, ਪਾਰਟੀ ਨੂੰ ਇਸ ਦਾ ਲਾਭ ਮਿਲਦਾ ਹੈ।

## ਘਰ ਵਿਚ ਹੀ ਆਲੋਚਕ

**ਐਚ.ਐਸ. ਫੂਲਕਾ, (60 ਸਾਲ)**



ਵਕੀਲ ਹੋਣ ਦੇ ਨਾਤੇ ਉਹ ਅਰਵਿੰਦ ਕੇਜਰੀਵਾਲ ਲਈ ਲੋਕਾਂ ਨੂੰ ਪਾਰਟੀ ਨਾਲ ਜੋੜਨ ਤੋਂ ਲੈ ਕੇ ਸਾਰੇ ਕਾਨੂੰਨੀ ਨੁਕਤਿਆਂ 'ਤੇ ਮਸ਼ਵਰਾ ਦਿੰਦਾ ਹੈ। ਵਨ-ਮੈਨ-ਸ਼ੋਅ, ਐਚ.ਐਸ. ਫੂਲਕਾ ਕੇਜਰੀਵਾਲ ਦੀ ਕੋਰ ਟੀਮ ਵਿਚ ਆਲੋਚਨਾਵਾਂ ਦਾ ਸ਼ਿਕਾਰ ਬਣਿਆ ਹੈ। 'ਆਪ' ਅੰਦਰਲੀਆਂ ਬਾਗ਼ੀ ਸੁਰਾਂ ਪ੍ਰਤੀ ਉਹ ਸਿਖ਼ਰ ਤੱਕ ਆਵਾਜ਼ ਪਹੁੰਚਾਉਂਦਾ ਹੈ। ਉਹ ਅਰਵਿੰਦ ਕੇਜਰੀਵਾਲ ਨੂੰ ਭਾਸ਼ਣਾਂ ਲਈ ਬੌਧਿਕ ਸਮੱਗਰੀ ਵੀ ਮੁਹੱਈਆ ਕਰਦਾ ਹੈ।

## ਦਿਸ਼ਾ ਸੂਚਕ

**ਜਰਨੈਲ ਸਿੰਘ, (43 ਸਾਲ)**



ਸੁੱਚਾ ਸਿੰਘ ਛੋਟੇਪੁਰ ਤੋਂ ਬਾਅਦ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੂੰ ਪੰਜਾਬ ਵਿਚ ਲਿਆ ਕੇ ਪਾਰਟੀ ਨੂੰ ਸਿੱਖ ਚਿਹਰਾ ਦਿੱਤਾ ਗਿਆ। ਕੱਟੜ ਧਾਰਨਾਵਾਂ ਵਜੋਂ ਜਾਣਿਆ ਜਾਂਦਾ ਹੈ ਤੇ ਉਹ ਅਰਵਿੰਦ ਕੇਜਰੀਵਾਲ ਨੂੰ ਸਿੱਖ ਅਤੇ ਸਮਾਜਿਕ-ਧਰਾਮਿਕ ਮਸਲਿਆਂ ਪ੍ਰਤੀ ਜਾਗਰੂਕ ਕਰਦਾ ਹੈ। ਅਰਵਿੰਦ ਕੇਜਰੀਵਾਲ ਨੇ ਉਸ ਨੂੰ ਪਾਰਟੀ ਲਈ ਆਜ਼ਾਦ ਤੌਰ 'ਤੇ ਪ੍ਰਤੀਕਿਰਿਆ ਜੁਟਾਉਣ ਦੀ ਵੀ ਜ਼ਿੰਮੇਵਾਰੀ ਸੌਂਪੀ ਹੋਈ ਹੈ।

## ਮੈਨੀਫੈਸਟੋ ਮੇਕਰ

**ਕੰਵਰ ਸੰਧੂ, (61 ਸਾਲ)**



ਪੱਤਰਕਾਰ ਹੋਣ ਦੇ ਨਾਤੇ ਉਹ ਦਹਾਕਿਆਂ ਤੋਂ ਪੰਜਾਬ ਮਾਮਲਿਆਂ ਦਾ ਮਾਹਰ ਹੈ। ਮੈਨੀਫੈਸਟੋ ਤਿਆਰ ਕਰਨ ਵਿਚ ਪਾਰਟੀ ਨੇ ਉਸ ਦੀ ਪੰਜਾਬ ਮਸਲਿਆਂ ਬਾਰੇ ਜਾਣਕਾਰੀ ਦੀ ਮੁਹਾਰਤ ਨੂੰ ਬਾਖ਼ੂਬੀ ਵਰਤਿਆ ਹੈ। ਭਖਦੇ ਮਸਲਿਆਂ 'ਤੇ ਵੱਡੇ ਪੱਧਰ 'ਤੇ ਆਨ ਲਾਈਨ ਸਮਰਥਕ ਜੁਟਾਉਣ ਵਿਚ ਉਸ ਦੀ ਅਹਿਮ ਭੂਮਿਕਾ ਹੈ। ਉਸ ਦੀ ਬਾਦਲ ਵਿਰੋਧੀ ਪਹੁੰਚ ਕਾਰਨ ਟੀ.ਵੀ. ਰਾਹੀਂ ਪਰਵਾਸੀ ਦਰਸ਼ਕ ਵੀ ਉਸ ਨਾਲ ਜੁੜੇ ਹਨ।

## ਵੀਡੀਓ ਮਾਮਲਾ : ਭਗਵੰਤ ਮਾਨ ਨੂੰ ਸਰਦ ਰੁੱਤ ਇਜਲਾਸ ਲਈ ਮੁਅੱਤਲ ਕੀਤਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੰਸਦ ਭਵਨ ਦੀ ਵੀਡੀਓ ਬਣਾਉਣ ਦੇ ਮਾਮਲੇ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਨੇ ਆਮ ਆਦਮੀ ਪਾਰਟੀ (ਆਪ) ਦੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੂੰ ਬਾਕੀ ਰਹਿੰਦੇ ਸਰਦ ਰੁੱਤ ਸੈਸ਼ਨ ਲਈ ਮੁਅੱਤਲ ਕੀਤੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਜੁਲਾਈ ਮਹੀਨੇ ਸੰਸਦ ਭਵਨ ਦੀ ਵੀਡੀਓ ਬਣਾਉਣ ਕਾਰਨ ਵਿਵਾਦਾਂ ਵਿੱਚ ਘਿਰੇ 43 ਸਾਲਾ ਭਗਵੰਤ ਮਾਨ ਦਾ ਵਿਹਾਰ ਬਹੁਤ ਹੀ ਇਤਰਾਜ਼ਯੋਗ ਸੀ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਨੂੰ ਜਾਣਕਾਰੀ ਦੀ ਘਾਟ ਹੈ ਅਤੇ ਉਹ ਗ਼ੈਰ-ਜ਼ਿੰਮੇਵਾਰ ਹਨ। ਨੌਂ ਮੈਂਬਰੀ ਸੰਸਦੀ ਜਾਂਚ ਕਮੇਟੀ ਦੀ ਅਗਵਾਈ ਕਰ ਰਹੇ ਭਾਜਪਾ ਮੈਂਬਰ ਕਿਰਤ ਸੋਮੱਈਆ ਨੇ ਲੋਕ ਸਭਾ ਵਿੱਚ ਰਿਪੋਰਟ ਪੇਸ਼ ਕੀਤੀ। ਕਮੇਟੀ ਨੇ ਹਾਲਾਂਕਿ ਇਸ ਮਾਮਲੇ ਵਿਚ ਸੁਰੱਖਿਆ ਦਾ ਮਸਲਾ ਸੁਰੱਖਿਆ ਤੇ ਗ੍ਰਹਿ ਮੰਤਰਾਲੇ 'ਤੇ ਆਧਾਰਤ ਸੰਸਦੀ ਕਮੇਟੀ ਦੇ ਵਿਚਾਰਨ ਲਈ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਸਦ ਦੀ ਸੁਰੱਖਿਆ ਦਾ ਮਾਮਲਾ ਗੰਭੀਰ ਹੈ ਤੇ ਇਸ ਦੀ ਪਹਿਲ ਦੇ ਆਧਾਰ 'ਤੇ ਸਮੀਖਿਆ ਹੋਣੀ ਚਾਹੀਦੀ ਹੈ। ਕਮੇਟੀ ਨੇ ਕਿਹਾ ਕਿ ਮੈਂਬਰਾਂ ਨੇ ਲੰਮੀ ਵਿਚਾਰ ਚਰਚਾ ਮਗਰੋਂ ਲੋਕ ਸਭਾ ਮੈਂਬਰ ਭਗਵੰਤ ਮਾਨ 16ਵੀਂ ਲੋਕ ਸਭਾ ਦੇ ਦਸਵੇਂ ਇਜਲਾਸ ਦੇ ਬਾਕੀ ਰਹਿੰਦੇ ਸੈਸ਼ਨ ਲਈ ਮੁਅੱਤਲ ਕਰਨ ਦਾ ਫ਼ੈਸਲਾ ਲਿਆ ਹੈ। ਲੋਕ ਸਭਾ ਦਾ ਸਰਦ ਸੁੱਤ ਸੈਸ਼ਨ 16 ਦਸੰਬਰ ਨੂੰ ਖ਼ਤਮ ਹੋ ਰਿਹਾ ਹੈ।

## ਜਲੰਧਰ ਛਾਉਣੀ ਤੋਂ 'ਆਪ' ਟਿਕਟ ਦੇ ਦਾਅਵੇਦਾਰਾਂ ਵਲੋਂ ਉਮੀਦਵਾਰ ਵਾਲੀਆ ਖ਼ਿਲਾਫ਼ ਮੋਰਚਾ

**ਜਲੰਧਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੀਆਂ ਟਿਕਟਾਂ ਦੇ ਦਾਅਵੇਦਾਰਾਂ ਨੇ ਪਾਰਟੀ ਲੀਡਰਸ਼ਿਪ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਟਿਕਟਾਂ ਦਾ ਝਾਂਸਾ ਦੇ ਕੇ ਉਨ੍ਹਾਂ ਨੂੰ ਵਿੱਤੀ ਚੂਨਾ ਲਾਇਆ ਗਿਆ ਹੈ। ਜਲੰਧਰ ਛਾਉਣੀ ਤੋਂ ਟਿਕਟ ਦੇ ਦਾਅਵੇਦਾਰਾਂ ਨੇ ਇਕਜੁੱਟ ਹੁੰਦਿਆਂ ਐਲਾਨ ਕੀਤਾ ਕਿ ਉਹ ਇੱਥੋਂ ਐਲਾਨੇ 'ਆਪ' ਉਮੀਦਵਾਰ ਐਚ.ਐਸ. ਵਾਲੀਆ ਦਾ ਡਟ ਕੇ ਵਿਰੋਧ ਕਰਨਗੇ। ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਾਕੀ ਦੀ ਸਾਬਕਾ ਕਪਤਾਨ ਤੇ ਗੋਲਡਨ ਗਰਲ ਵਜੋਂ ਜਾਣੀ ਜਾਂਦੀ ਰਾਜਬੀਰ ਕੌਰ, ਕੌਮਾਂਤਰੀ ਹਾਕੀ ਖਿਡਾਰੀ ਜਗਦੀਪ ਗਿੱਲ, ਐਨਆਰਆਈ ਸਭਾ ਦੇ ਸਾਬਕਾ ਪ੍ਰਧਾਨ ਜਸਬੀਰ ਸਿੰਘ ਗਿੱਲ ਤੇ ਨਰਿੰਦਰ ਸਿੰਘ ਚਾਵਲਾ ਨੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਲੀਡਰਸ਼ਿਪ ਦੇ ਸੀਨੀਅਰ ਆਗੂਆਂ ਨੇ ਜਲੰਧਰ ਛਾਉਣੀ ਵਿਧਾਨ ਸਭਾ ਤੋਂ ਟਿਕਟ ਦੇਣ ਦਾ ਭਰੋਸਾ ਦਿੱਤਾ ਸੀ। ਇਨ੍ਹਾਂ ਆਗੂਆਂ ਨੇ ਕਿਹਾ ਕਿ ਟਿਕਟ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ ਲੱਖਾਂ ਰੁਪਏ ਖ਼ਰਚਾ ਦਿੱਤੇ ਗਏ। ਹਾਕੀ ਦੇ ਕੌਮਾਂਤਰੀ ਖਿਡਾਰੀ ਜਗਦੀਪ ਗਿੱਲ ਨੇ ਦੱਸਿਆ ਕਿ 'ਆਪ' ਆਗੂਆਂ ਨੇ ਉਨ੍ਹਾਂ ਕੋਲੋਂ ਲਗਭਗ 10 ਲੱਖ ਰੁਪਏ ਖ਼ਰਚਾ ਲਏ ਸਨ। ਗੋਲਡਨ ਗਰਲ ਰਾਜਬੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਰੈਲੀ ਵਾਸਤੇ 5 ਬੱਸਾਂ ਭੇਜਣ ਲਈ ਕਿਹਾ ਗਿਆ ਸੀ ਤੇ ਬਾਅਦ ਵਿੱਚ ਕਿਹਾ ਗਿਆ ਕਿ ਉਹ ਪੰਜਾਂ ਬੱਸਾਂ ਦੇ 10 ਹਜ਼ਾਰ ਦੇ ਹਿਸਾਬ ਨਾਲ 50 ਹਜ਼ਾਰ ਰੁਪਏ ਭੇਜ ਦੇਣ। ਰਾਜਬੀਰ ਨੇ ਦੋਸ਼ ਵੀ ਲਾਇਆ ਕਿ ਹੋਰਡਿੰਗ ਬੋਰਡ ਅਤੇ ਹੋਰ ਖ਼ਰਚਿਆਂ ਦੀ ਆੜ ਹੇਠ 'ਆਪ' ਆਗੂ ਉਨ੍ਹਾਂ ਦੇ ਪੈਸੇ ਲਵਾਉਂਦੇ ਰਹੇ। ਟਿਕਟ ਦੇ ਇੱਕ ਹੋਰ ਚਾਹਵਾਨ ਨਰਿੰਦਰ ਸਿੰਘ ਚਾਵਲਾ ਨੇ ਦੱਸਿਆ ਕਿ 'ਆਪ' ਦੀ ਲੀਡਰਸ਼ਿਪ ਨੇ ਉਨ੍ਹਾਂ ਕੋਲੋਂ ਵੀ ਪੰਜ ਲੱਖ ਰੁਪਏ ਖ਼ਰਚ ਕਰਵਾ ਦਿੱਤੇ ਸਨ। ਐਨਆਰਆਈ ਸਭਾ ਪੰਜਾਬ ਦੇ ਸਾਬਕਾ ਪ੍ਰਧਾਨ ਜਸਬੀਰ ਸਿੰਘ ਗਿੱਲ ਨੇ ਦੱਸਿਆ ਕਿ 'ਆਪ' ਦੇ ਇੱਕ 'ਹਿੰਮਤੀ' ਆਗੂ ਨੇ ਉਨ੍ਹਾਂ ਦੀ ਜਲੰਧਰ ਛਾਉਣੀ ਤੋਂ ਟਿਕਟ 'ਪੱਕੀ' ਕਰ ਦਿੱਤੀ ਸੀ। ਇਸੇ ਉਮੀਦ ਨਾਲ ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਕੋਲੋਂ ਫੰਡ ਇਕੱਠਾ ਕਰਕੇ ਪਾਰਟੀ ਨੂੰ ਦਿੱਤਾ ਸੀ। ਇਨ੍ਹਾਂ ਆਗੂਆਂ ਨੇ ਸਿੱਧੇ ਤੌਰ 'ਤੇ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਦਾ ਨਾਂ ਲੈਣ ਤੋਂ ਗੁਰੇਜ਼ ਕੀਤਾ। ਇਸ ਮੌਕੇ ਸੀਨੀਅਰ ਪੱਤਰਕਾਰ ਮੇਜਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਅਰਵਿੰਦ ਕੇਜਰੀਵਾਲ, ਦੁਰਗੇਸ਼ ਪਾਠਕ ਤੇ ਸੰਜੇ ਸਿੰਘ ਨੇ ਜਲੰਧਰ ਛਾਉਣੀ ਤੋਂ ਟਿਕਟ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਪਾਰਟੀ ਲੀਡਰਸ਼ਿਪ ਨਾਲ ਜੇਕਰ ਕੋਈ ਗੱਲ ਕਰਨੀ ਪਈ ਤਾਂ ਟਿਕਟ ਦੇ ਸਾਰੇ ਦਾਅਵੇਦਾਰ ਇਕੱਠੇ ਹੋ ਕੇ ਉਨ੍ਹਾਂ ਨੂੰ ਮਿਲਣਗੇ।



# ਹਰਦੀਪ ਖਹਿਰਾ ਨੇ ਵੀ ਅਕਾਲੀ ਦਲ ਖ਼ਿਲਾ.ਫ ਬ.ਗਾਵਤ ਦਾ ਬਿਗਲ ਵਜਾਇਆ, ਮੁਢਲੀ ਮੈਂਬਰਸ਼ਿਪ ਛੱਡੀ



**ਪਟਿਆਲਾ/ਬਿਊਰੋ ਨਿਊਜ਼ :** ਪਟਿਆਲਾ ਵਿੱਚ ਟੌਹੜਾ ਪਰਿਵਾਰ ਅਤੇ ਸੰਧੂ ਪਰਿਵਾਰ ਤੋਂ ਬਾਅਦ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਹੋਰ ਸੀਨੀਅਰ ਆਗੂ ਨੇ ਬ.ਗਾਵਤ ਦਾ ਬਿਗਲ ਵਜਾ ਦਿੱਤਾ ਹੈ। ਅਕਾਲੀ ਦਲ ਦੇ ਵਰਕਿੰਗ ਕਮੇਟੀ ਮੈਂਬਰ ਤੇ ਸੀਨੀਅਰ ਆਗੂ ਹਰਦੀਪ ਸਿੰਘ ਖਹਿਰਾ ਨੇ ਅੱਜ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀ.ਫਾ ਦੇ ਦਿੱਤਾ। ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਸਰਮਾਏਦਾਰਾਂ ਨੂੰ ਟਿਕਟਾਂ ਵੰਡਣ ਦੇ ਦੋਸ਼ ਲਾਏ ਹਨ।

ਇੱਥੇ ਪ੍ਰੈੱਸ ਕਾਨ.ਫਰੰਸ ਨੂੰ ਸੰਬੋਧਨ ਕਰਦਿਆਂ ਹਰਦੀਪ ਸਿੰਘ ਖਹਿਰਾ ਨੇ ਕਿਹਾ ਕਿ ਅਕਾਲੀ ਦਲ ਹੁਣ ਜੁਝਾਰੂ ਤੇ ਸਮਰਪਿਤ ਵਰਕਰਾਂ ਦੀ ਪਾਰਟੀ ਨਹੀਂ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਪਾਰਟੀ ਵੱਲੋਂ ਅਜਿਹੇ ਵਿਅਕਤੀਆਂ ਨੂੰ ਟਿਕਟਾਂ ਦੇ ਕੇ ਮੈਦਾਨ ਵਿੱਚ ਉਤਾਰਿਆ ਜਾ ਰਿਹਾ ਹੈ ਜੋ ਪਾਰਟੀ ਦੇ ਮੁਢਲੇ ਮੈਂਬਰ ਵੀ ਨਹੀਂ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਇਸ ਵੇਲੇ ਸਰਮਾਏਦਾਰਾਂ ਤੇ ਅ.ਫਸਰਸ਼ਾਹੀ ਨੂੰ ਟਿਕਟਾਂ ਵੰਡਣ ਦਾ ਰੁਝਾਨ ਸਿਖ਼ਰ 'ਤੇ ਹੈ। ਇਸ ਕਾਰਨ ਆਮ ਵਰਕਰਾਂ ਦੀ ਪੁੱਛ-ਪ੍ਰਤੀਤ ਨਹੀਂ ਹੋ ਰਹੀ। ਇਸ ਮੌਕੇ ਸ੍ਰੀ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਅਸਤੀ.ਫਾ ਪਾਰਟੀ ਪ੍ਰਧਾਨ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਜਾਂ 'ਆਪ' ਵਿੱਚੋਂ ਕਿਸੇ ਇੱਕ ਵਿੱਚ ਸ਼ਾਮਲ ਹੋਣ ਬਾਰੇ .ਫੈਸਲਾ ਆਪਣੇ ਵਰਕਰਾਂ ਦੀ ਸਲਾਹ ਨਾਲ ਕਰਨਗੇ ਅਤੇ ਪਟਿਆਲਾ (ਦਿਹਾਤੀ) ਹਲਕੇ ਵਿੱਚ ਵਿਚਰ ਕੇ ਆਪਣੇ ਵਰਕਰਾਂ ਨੂੰ ਲਾਮਬੰਦ ਕਰਨਗੇ।

# ਹੰਸ ਨੂੰ ਹੁਣ ਭਾਇਆ ਕਮਲ ਦੇ ਫੁੱਲ ਦਾ ਰਸ



**ਨਵੀਂ ਦਿੱਲੀ/ਬਿਊਰੋ ਨਿਊਜ਼,** ਉੱਘੇ ਪੰਜਾਬੀ ਗਾਇਕ ਹੰਸ ਰਾਜ ਹੰਸ ਅੱਜ ਭਾਜਪਾ ਵਿੱਚ ਸ਼ਾਮਲ ਹੋ ਗਏ। ਇਥੇ ਭਾਜਪਾ ਹੈੱਡ ਕੁਆਰਟਰ ਵਿੱਚ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਹੰਸ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰ ਲਿਆ। ਸ੍ਰੀ ਹੰਸ, ਜੋ ਕਿ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ ਤੇ ਹੁਣ ਭਾਜਪਾ ਨਾਲ ਆ ਜੁੜੇ ਹਨ, ਨੇ ਇਸ ਫ਼ੈਸਲੇ ਦਾ ਆਧਾਰ ਭਾਜਪਾ ਦੇ ਕਈ 'ਇਨਕਲਾਬੀ ਫ਼ੈਸਲਿਆਂ' ਨੂੰ ਦੱਸਿਆ ਹੈ। ਉਧਰ ਭਾਜਪਾ ਨੇ ਆਸ ਜਤਾਈ ਹੈ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਸੂਫ਼ੀ ਗਾਇਕ ਦੇ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਭਾਈਚਾਰੇ ਦੀ ਵੱਡੀ ਹਮਾਇਤ ਜੁਟਾਉਣ ਵਿੱਚ ਸ.ਫਲ ਰਹੇਗੀ। ਗੱਠਜੋੜ ਨੂੰ ਐਤਕੀਂ ਕਾਂਗਰਸ ਤੋਂ ਇਲਾਵਾ ਆਮ ਆਦਮੀ ਪਾਰਟੀ ਤੋਂ ਸਖ਼ਤ ਟੱਕਰ ਮਿਲਣ ਦੀ ਸੰਭਾਵਨਾ ਹੈ। ਪਦਮਸ੍ਰੀ ਐਵਾਰਡ ਜੇਤੂ ਹੰਸ ਨੇ ਮੋਦੀ ਨੂੰ 'ਬੱਬਰ ਸ਼ੇਰ' ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਭਾਰਤ ਆਲਮੀ ਮੰਚ 'ਤੇ ਮੋਹਰੀ ਹੋ ਕੇ ਉਭਰਿਆ ਹੈ ਤੇ ਹਰ ਭਾਰਤੀ ਲਈ ਇਹ ਮਾਣ ਵਾਲੀ ਗੱਲ ਹੈ। ਸ਼ਾਹ ਦੀ ਤਾਰੀ.ਫ ਕਰਦਿਆਂ ਹੰਸ ਨੇ ਕਿਹਾ ਕਿ ਭਾਜਪਾ ਪ੍ਰਧਾਨ ਦੀ ਰਹਿਨੁਮਾਈ ਵਿੱਚ ਪਾਰਟੀ ਦਾ ਨਾ ਸਿਰਫ਼ ਵਿਸਥਾਰ ਹੋਇਆ ਬਲਕਿ ਇਸ ਦੀ ਮਕਬੂਲੀਅਤ ਵੀ ਕਈ ਗੁਣਾਂ ਵਧ ਗਈ। ਉਂਜ ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸੌਂਪੀ ਕਿਸੇ ਵੀ ਜ਼ਿੰਮੇਵਾਰੀ ਨੂੰ ਉਹ ਪੂਰਾ ਕਰਨਗੇ। ਸੂਤਰਾਂ ਮੁਤਾਬਕ ਹੰਸ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਜਲੰਧਰ ਪੱਛਮੀ (ਰਾਖਵਾਂ)ਤੋਂ ਭਾਜਪਾ ਦੀ ਟਿਕਟ ਮਿਲ ਸਕਦੀ ਹੈ। ਗੌਰਤਲਬ ਹੈ ਕਿ ਹੰਸ ਨੇ 2009 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਲੋਕ ਸਭਾ ਦੀ ਚੋਣ ਲੜੀ ਸੀ, ਜਿਸ ਵਿੱਚ ਉਨ੍ਹਾਂ ਨੂੰ ਹਾਰ ਨਸੀਬ ਹੋਈ ਸੀ। ਇਸ ਸਾਲ ਫਰਵਰੀ ਵਿੱਚ ਉਹ ਕੈਪਟਨ ਅਮਰਿੰਦਰ ਸਿੰਘ ਦੇ ਕਹਿਣ 'ਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

# ਗੁਰਪ੍ਰੀਤ ਸਿੰਘ ਵੜੈਚ ਆਪਣੇ ਰਿਹਾਇਸ਼ੀ ਹਲਕੇ ਬਟਾਲਾ ਤੋਂ ਲੜਨਗੇ ਚੋਣ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ('ਆਪ') ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਆਪਣੇ ਰਿਹਾਇਸ਼ੀ ਵਿਧਾਨ ਸਭਾ ਹਲਕੇ ਬਟਾਲਾ ਤੋਂ ਹੀ ਚੋਣ ਲੜਣਗੇ। 'ਆਪ' ਵੱਲੋਂ ਚਾਰ ਹੋਰ ਉਮੀਦਵਾਰਾਂ ਦਾ ਐਲਾਨ ਕਰਦਿਆਂ ਇਹ ਖ਼ੁਲਾਸਾ ਕੀਤਾ ਗਿਆ ਹੈ। 'ਆਪ' ਵੱਲੋਂ ਜਾਰੀ ਕੀਤੀ ਗਈ ਸੂਚੀ ਤਹਿਤ ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੂੰ ਵਿਧਾਨ ਸਭਾ ਹਲਕਾ ਬਟਾਲਾ ਤੋਂ ਟਿਕਟ ਦਿੱਤੀ ਗਈ ਹੈ। ਉਨ੍ਹਾਂ ਦਾ ਜੱਦੀ ਪਿੰਡ ਖੋਖਰ ਫੌਜੀਆਂ ਬਟਾਲਾ ਵਿਧਾਨ ਸਭਾ ਹਲਕੇ ਵਿੱਚ ਪੈਂਦਾ ਹੈ। ਸ੍ਰੀ ਵੜੈਚ ਨੇ ਕਿਹਾ ਕਿ ਉਹ ਆਪਣੇ ਪਿੰਡ ਅਤੇ ਹਲਕੇ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ ਅਤੇ ਉਨ੍ਹਾਂ ਨੇ ਆਪਣੇ ਹਲਕੇ ਵਿੱਚੋਂ ਹੀ ਚੋਣ ਲੜਨ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਤੋਂ ਇਲਾਵਾ ਕੋ-ਆਪ੍ਰੇਟਿਵ ਸੁਸਾਇਟੀ ਖੀਰਾ ਵਾਲੀ ਦੇ ਪ੍ਰਧਾਨ ਸੁਖਵੰਤ ਸਿੰਘ ਪੱਡਾ ਨੂੰ ਕਪੂਰਥਲਾ, ਪਾਰਟੀ ਦੇ ਬੁੱਧੀਜੀਵੀ ਸੈੱਲ ਦੇ ਮੈਂਬਰ ਅਤੁੱਲ ਨਾਗਪਾਲ ਨੂੰ ਅਬੋਹਰ ਅਤੇ ਮਾਨਸਾ ਦੇ ਸੈਕਟਰ ਇੰਚਾਰਜ ਸੁਖਵਿੰਦਰ ਸਿੰਘ ਮਾਨ ਨੂੰ ਸਰਦੂਲਗੜ੍ਹ ਹਲਕੇ ਤੋਂ ਟਿਕਟਾਂ ਦਿੱਤੀਆਂ ਗਈਆਂ ਹਨ। ਆਮ ਆਦਮੀ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਬਟਾਲਾ ਤੋਂ ਟਿਕਟ ਮਿਲਣ ਮਗਰੋਂ ਉਨ੍ਹਾਂ ਗੱਲਬਾਤ ਕਰਦਿਆਂ ਕਿਹਾ ਕਿ ਉਹ ਬਟਾਲਾ ਦੇ ਉਦਯੋਗ ਨੂੰ ਮੁੜ ਤੋਂ ਪੈਰਾਂ-ਸਿਰ ਕਰਨ ਅਤੇ ਵਿਕਾਸ ਪੱਖੋਂ ਪਛੜੇ ਇਸ ਹਲਕਾ ਦੇ ਚੁਫੇਰਿਉਂ ਵਿਕਾਸ ਲਈ ਕੋਸ਼ਿਸ਼ਾਂ ਕਰਨਗੇ। ਸ੍ਰੀ ਘੁੱਗੀ ਨੇ ਆਖਿਆ ਕਿ ਉਹ ਇਸ ਹਲਕੇ ਦੇ ਪੱਛੜੇਪਨ ਨੂੰ ਦੂਰ ਕਰਨ ਲਈ ਪੂਰਾ ਟਿੱਲ ਲਾਉਣਗੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੀ ਆਪਸੀ ਖਿੱਚੋਤਾਣ ਨੇ ਧਾਰਮਿਕ ਤੇ ਇਤਿਹਾਸਿਕ ਸ਼ਹਿਰ ਨੂੰ ਨਰਕ ਬਣਾ ਦਿੱਤਾ ਹੈ। ਉਨ੍ਹਾਂ ਕਿਹਾ 'ਆਪ' ਬੁਝੇ ਹੋਏ ਦੀਵਿਆਂ ਵਿਚ ਤੇਲ ਪਾ ਰਹੀ ਹੈ ਤੇ ਲੋਕਾਂ ਨੂੰ ਜ਼ੁਲਮ ਖ਼ਿਲਾਫ਼ ਬੋਲਣਾ ਅਤੇ ਲੜਨਾ ਸਿਖਾ ਰਹੀ ਹੈ। ਉਨ੍ਹਾਂ ਪੰਜਾਬ 'ਚ 'ਆਪ' ਦੀ ਸਰਕਾਰ ਬਣਨ ਦਾ ਦਾਅਵਾ ਕੀਤਾ।

# ਘੁਬਾਇਆ ਪਰਿਵਾਰ ਦਾ ਚੌਲ ਘੁਟਾਲਾ, ਦੇਣਦਾਰੀ 8 ਕਰੋੜ ਤੋਂ ਵਧ ਕੇ 15 ਕਰੋੜ ਹੋਈ



**ਫਿਰੋਜ਼ਪੁਰ/ਬਿਊਰੋ ਨਿਊਜ਼ :** ਪੰਜ ਸਾਲ ਪਹਿਲਾਂ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਸ਼ੈੱਲਰ ਵਿੱਚ ਹੋਇਆ ਚੌਲ ਘੁਟਾਲਾ ਅਜੇ ਤੱਕ ਪਰਿਵਾਰ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। 8 ਕਰੋੜ ਦੀ ਦੇਣਦਾਰੀ ਵਧ ਕੇ 15 ਕਰੋੜ ਤੱਕ ਪਹੁੰਚ ਗਈ ਹੈ। ਪਨਸਪ ਦੇ ਅਧਿਕਾਰੀ ਇਸ ਦੀ ਵਸੂਲੀ ਲਈ ਹਰ ਹੀਲਾ ਵਰਤ ਚੁੱਕੇ ਹਨ, ਪਰ ਵਸੂਲੀ ਨਹੀਂ ਕਰ ਸਕੇ। ਰਕਮ ਇੰਨੀ ਬਣ ਗਈ ਹੈ ਕਿ ਸ਼ੈੱਲਰ ਦੀ ਜਾਇਦਾਦ ਕੁਰਕ ਕਰਕੇ ਵੀ ਮਹਿਕਮੇ ਦੀ ਵਸੂਲੀ ਪੂਰੀ ਨਹੀਂ ਹੁੰਦੀ। ਥੱਕ ਹਾਰ ਕੇ ਮਹਿਕਮੇ ਨੇ ਹੁਣ ਸਥਾਨਕ ਅਦਾਲਤ ਵਿੱਚ ਕੇਸ ਦਾਇਰ ਕਰ ਦਿੱਤਾ ਹੈ।

ਜਲਾਲਾਬਾਦ ਦੇ ਟਿਵਾਣਾ ਰੋਡ 'ਤੇ ਸਥਿਤ ਰਾਈਸ ਮਿੱਲ (ਐਸਆਰ ਇੰਡਸਟਰੀਜ਼) ਵਿੱਚ ਪਨਸਪ ਵਿਭਾਗ ਨੇ ਸਾਲ 201112 ਵਿੱਚ ਕਸਟਮ ਮਿਲਿੰਗ ਲਈ 174465 ਕੱਟੇ ਪੈਡੀ ਜਾਰੀ ਕੀਤੀ ਸੀ। ਰਾਈਸ ਮਿੱਲ ਵੱਲੋਂ 40 912.04 ਕੁਇੰਟਲ ਚੌਲ ਦਾ ਭੁਗਤਾਨ ਜੂਨ 20 12 ਤੱਕ ਕੀਤਾ ਜਾਣਾ ਸੀ। ਇਸ ਦਰਮਿਆਨ ਰਾਈਸ ਮਿੱਲ ਨੇ 4048.83 ਕੁਇੰਟਲ ਚੌਲ ਪਨਸਪ ਦੇ ਖਾਤੇ ਵਿੱਚ ਐਫਸੀਆਈ ਨੂੰ ਭੁਗਤਾ ਦਿੱਤਾ, ਪਰ ਬਾਕੀ ਰਹਿੰਦੇ ਮਾਲ ਦਾ ਭੁਗਤਾਨ ਨਹੀਂ ਕੀਤਾ। ਜਲਾਲਾਬਾਦ ਪਨਸਪ ਦੇ ਕੇਂਦਰ ਇੰਚਾਰਜ ਗੁਰਦੀਪ ਸਿੰਘ ਅਤੇ ਜਰਨੈਲ ਸਿੰਘ ਨੇ ਜਦ 15 ਮਈ 2012 ਨੂੰ ਮਾਲ ਦੀ ਚੈਕਿੰਗ ਕੀਤੀ ਗਈ ਤਾਂ ਇਸ ਘੁਟਾਲੇ ਦਾ ਪਰਦਾਫਾਸ਼ ਹੋਇਆ।

ਚੈਕਿੰਗ ਦੌਰਾਨ 141745 ਗੱਟੇ ਪੈਡੀ ਦੀ ਘਾਟ ਪਾਈ ਗਈ। ਵਿਭਾਗ ਦੀ ਸੂਚਨਾ ਮਗਰੋਂ ਪੰਜਾਬ ਸਰਕਾਰ ਵੱਲੋਂ ਦੋ ਵਾਰ ਮਿਲਿੰਗ ਦਾ ਸਮਾਂ ਵਧਾਉਣ ਦੇ ਬਾਵਜੂਦ ਨਿਗਮ ਦੇ ਚੌਲ ਦਾ ਭੁਗਤਾਨ ਅੱਜ ਤੱਕ ਨਹੀਂ ਕੀਤਾ ਗਿਆ। ਚੌਲ ਦੀ ਕੀਮਤ ਫਰਵਰੀ 2013 ਵਿੱਚ 8 ਕਰੋੜ 88 ਲੱਖ 4450 ਰੁਪਏ ਦੱਸੀ ਗਈ ਸੀ। ਸ਼ਿਕਾਇਤਾਂ ਦੇ ਬਾਵਜੂਦ ਪੁਲੀਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਕਾਰਨ ਪਨਸਪ ਨੇ 2013 ਵਿਚ ਇਹ ਕੇਸ ਮਹਿਕਮੇ ਦੇ ਆਰਬਿਟਰੇਟਰ (ਜੱਜ) ਕੋਲ ਭੇਜ ਦਿੱਤਾ ਗਿਆ। ਆਰਬਿਟਰੇਟਰ ਨੇ ਮਹਿਕਮੇ ਦੇ ਹੱਕ ਵਿਚ .ਫੈਸਲਾ ਸੁਣਾ ਦਿੱਤਾ ਹੈ। .ਫੈਸਲੇ ਮੁਤਾਬਕ ਰਿਕਵਰੀ ਦੀ ਰਕਮ 15 ਕਰੋੜ ਤੇ ਨੇੜੇ ਪਹੁੰਚ ਗਈ ਹੈ। ਸ਼ੈੱਲਰ ਵਾਲੀ ਜ਼ਮੀਨ ਦੀ ਕੀਮਤ ਕਰੀਬ 4 ਕਰੋੜ ਰੁਪਏ ਮੰਨੀ ਜਾ ਰਹੀ ਹੈ ਜਿਸ ਨੂੰ ਕੁਰਕ ਕਰਕੇ ਵੀ ਮਹਿਕਮੇ ਦੀ ਵਸੂਲੀ ਪੂਰੀ ਨਹੀਂ ਹੁੰਦੀ।

ਪਨਸਪ ਦੇ ਮੌਜੂਦਾ ਜ਼ਿਲ੍ਹਾ ਮੈਨੇਜਰ ਮਨਪ੍ਰੀਤ ਸਿੰਘ ਨੇ ਕਿਹਾ ਕਿ ਪੁਲੀਸ ਨੇ ਆਰਬਿਟਰੇਟਰ ਦੇ .ਫੈਸਲੇ ਨੂੰ ਆਧਾਰ ਮੰਨ ਕੇ ਕੋਰਟ ਵਿੱਚ ਜਾਣ ਦੀ ਸਲਾਹ ਦਿੱਤੀ ਹੈ। ਮਹਿਕਮੇ ਵੱਲੋਂ ਸਥਾਨਕ ਅਦਾਲਤ ਵਿੱਚ ਕੇਸ ਲਾ ਦਿੱਤਾ ਗਿਆ ਹੈ। ਦੂਜੇ ਪਾਸੇ ਸ਼ੇਰ ਸਿੰਘ ਘੁਬਾਇਆ ਦਾ ਕਹਿਣਾ ਸੀ ਕਿ ਖ਼ੁਰਦ-ਬੁਰਦ ਹੋਏ ਮਾਲ ਨਾਲ ਉਨ੍ਹਾਂ ਦੀ ਪਤਨੀ ਦਾ ਕੋਈ ਸਬੰਧ ਨਹੀਂ ਹੈ ਕਿਉਂਕਿ ਉਸ ਨੇ ਸ਼ੈਲਰ ਵਿੱਚੋਂ ਆਪਣਾ ਹਿੱਸਾ ਕੱਢ ਲਿਆ ਸੀ।

## ਬਾ.ਗੀ ਸੁਰਾਂ ਸ਼ਾਂਤ ਕਰਨ ਲਈ ਘੁਬਾਇਆ ਦੇ ਮੁੰਡੇ ਨੂੰ ਟਿਕਟ ਦੀ ਪੇਸ਼ਕਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਫਿਰੋਜ਼ਪੁਰ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦੇ ਪਰਿਵਾਰ ਵਿਚ ਬਾਗ਼ੀ ਸੁਰਾਂ ਨੂੰ ਸ਼ਾਂਤ ਕਰਨ ਲਈ ਅਕਾਲੀ ਦਲ ਨੇ ਜੋੜ-ਤੋੜ ਦੀ ਸਿਆਸਤ ਤੇਜ਼ ਕਰ ਦਿੱਤੀ ਹੈ। ਸੰਸਦ ਮੈਂਬਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰ ਕੇ ਪਾਰਟੀ ਪ੍ਰਤੀ ਵਫ਼ਾਦਾਰੀ ਜ਼ਾਹਰ ਕੀਤੀ ਹੈ। ਸੂਤਰਾਂ ਨੇ ਦੱਸਿਆ ਕਿ ਸ੍ਰੀ ਘੁਬਾਇਆ ਨੂੰ ਪਲੋਸਣ ਲਈ ਉਸ ਦੇ ਪੁੱਤਰ ਨੂੰ ਮਲੋਟ ਤੋਂ ਟਿਕਟ ਦੀ ਪੇਸ਼ਕਸ਼ ਕੀਤੀ ਗਈ ਹੈ। ਸ੍ਰੀ ਬਾਦਲ ਨਾਲ ਮੁਲਾਕਾਤ ਤੋਂ ਬਾਅਦ ਘੁਬਾਇਆ ਨੇ ਦੱਸਿਆ ਕਿ ਉਨ੍ਹਾਂ ਮੁੱਖ ਮੰਤਰੀ ਨੂੰ ਕਾਲਜ 'ਤੇ ਵਿਜੀਲੈਂਸ ਛਾਪੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਪਾਰਟੀ ਹਾਈ ਕਮਾਂਡ ਨੂੰ ਕਿਹਾ ਕਿ ਪੁੱਤਰ ਨੂੰ ਜਲਾਲਾਬਾਦ, ਫਾਜ਼ਿਲਕਾ ਜਾਂ ਫਿਰੋਜ਼ਪੁਰ ਦਿਹਾਤੀ ਹਲਕੇ ਤੋਂ ਸੀਟ ਦਿੱਤੀ ਜਾਵੇ। ਸੂਤਰਾਂ ਨੇ ਕਿਹਾ ਕਿ ਅਕਾਲੀ ਦਲ ਫਿਰੋਜ਼ਪੁਰ ਸ਼ਹਿਰੀ ਹਲਕਾ ਭਾਜਪਾ ਨਾਲ ਬਦਲਣ ਬਾਰੇ ਗੰਭੀਰਤਾ ਨਾਲ ਵਿਚਾਰਾਂ ਕਰ ਰਹੀ ਹੈ ਕਿਉਂਕਿ ਫਾਜ਼ਿਲਕਾ ਹਲਕਾ ਭਾਜਪਾ ਕੋਲ ਹੈ। ਜਲਾਲਾਬਾਦ ਤੋਂ ਸੁਖਬੀਰ ਬਾਦਲ ਚੋਣ ਲੜ ਸਕਦੇ ਹਨ ਅਤੇ ਫਿਰੋਜ਼ਪੁਰ ਦਿਹਾਤੀ ਹਲਕੇ ਤੋਂ ਉਮੀਦਵਾਰ ਐਲਾਨਿਆ ਜਾ ਚੁੱਕਿਆ ਹੈ।

# ਸ਼ੇਰਗਿੱਲ ਦਿਖਾ ਸਕਦੇ ਹਨ ਮਜੀਠੀਆ ਖ਼ਿਲਾ.ਫ ਚੋਣ ਲੜਨ ਦੀ ਹਿੰਮਤ



**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਵੱਲੋਂ ਮੁਹਾਲੀ ਤੋਂ ਉਮੀਦਵਾਰ ਐਲਾਨੇ ਹਿੰਮਤ ਸਿੰਘ ਸ਼ੇਰਗਿੱਲ ਨੂੰ ਇੱਥੋਂ ਹਟਾ ਕੇ ਵਿਧਾਨ ਸਭਾ ਹਲਕਾ ਮਜੀਠਾ ਵਿੱਚ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਚੋਣ ਲੜਵਾਈ ਜਾ ਸਕਦੀ ਹੈ। ਇਸੇ ਰਣਨੀਤੀ ਤਹਿਤ ਪਾਰਟੀ ਦੇ ਕਾਨੂੰਨੀ ਸੈੱਲ ਦੇ ਮੁਖੀ ਸ੍ਰੀ ਸ਼ੇਰਗਿੱਲ ਪਿਛਲੇ ਕਈ ਦਿਨਾਂ ਤੋਂ ਵਿਧਾਨ ਸਭਾ ਹਲਕਾ ਮੁਹਾਲੀ ਤੋਂ ਆਪਣਾ ਚੋਣ ਪ੍ਰਚਾਰ ਛੱਡ ਕੇ ਮਜੀਠਾ ਹਲਕੇ ਵਿੱਚ ਸਰਗਰਮ ਹਨ। ਪਾਰਟੀ ਮੁਖੀ ਅਰਵਿੰਦ ਕੇਜਰੀਵਾਲ 14 ਦਸੰਬਰ ਨੂੰ ਹਲਕਾ ਮਜੀਠਾ ਵਿਖੇ ਰੈਲੀ ਕਰ ਕੇ ਹਲਕੇ ਦੇ ਉਮੀਦਵਾਰ ਦਾ ਐਲਾਨ ਕਰ ਸਕਦੇ ਹਨ। ਸੂਤਰਾਂ ਮੁਤਾਬਕ 'ਆਪ' ਵੱਲੋਂ ਇੱਕ ਪ੍ਰਮੁੱਖ ਸਿਆਸੀ ਪਾਰਟੀ ਦੇ ਇੱਕ-ਦੋ ਆਗੂਆਂ ਨੂੰ ਵੀ ਪਾਰਟੀ ਵਿੱਚ ਸ਼ਾਮਲ ਕਰ ਕੇ ਮਜੀਠਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਜਾ ਸਕਦਾ ਹੈ। 'ਆਪ' ਆਗੂ ਅਜਿਹੇ ਆਗੂਆਂ ਦੇ ਸੰਪਰਕ ਵਿੱਚ ਹਨ।

ਸ੍ਰੀ ਕੇਜਰੀਵਾਲ ਪਹਿਲਾਂ ਸੰਸਦ ਮੈਂਬਰ ਭਗਵੰਤ ਮਾਨ ਨੂੰ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਿਰੁੱਧ ਜਲਾਲਾਬਾਦ ਹਲਕੇ ਤੋਂ ਚੋਣ ਲੜਾਉਣ ਦਾ ਐਲਾਨ ਕਰ ਚੁੱਕੇ ਹਨ। ਸ੍ਰੀ ਸ਼ੇਰਗਿੱਲ ਪਿਛਲੇ ਦਿਨਾਂ ਵਿੱਚ ਰੈਲੀ ਦੀ ਤਿਆਰੀ ਸਬੰਧੀ ਮਜੀਠਾ ਹਲਕੇ ਦੇ ਕਈ ਪਿੰਡਾਂ ਦਾ ਦੌਰਾ ਕਰ ਚੁੱਕੇ ਹਨ। ਦੱਸਣਯੋਗ ਹੈ ਕਿ ਸ੍ਰੀ ਮਜੀਠੀਆ ਵੱਲੋਂ ਸ੍ਰੀ ਕੇਜਰੀਵਾਲ ਸਮੇਤ ਆਪ (ਪੰਜਾਬ) ਦੇ ਇੰਚਾਰਜ ਸੰਜੈ ਸਿੰਘ ਵਿਰੁੱਧ ਨਸ਼ੇ ਦੇ ਮੁੱਦੇ ਉਪਰ ਉਨ੍ਹਾਂ ਨੂੰ ਬਦਨਾਮ ਕਰਨ ਦੇ ਦੋਸ਼ ਹੇਠ ਮਾਣਹਾਨੀ ਦੇ ਕੇਸ ਪਾਏ ਗਏ ਹਨ ਅਤੇ ਇਨ੍ਹਾਂ ਮਾਮਲਿਆਂ ਸਬੰਧੀ ਕਾਨੂੰਨੀ ਚਾਰਜ਼ੋਈ ਸ੍ਰੀ ਸ਼ੇਰਗਿੱਲ ਹੀ ਕਰ ਰਹੇ ਹਨ। ਸ੍ਰੀ ਸ਼ੇਰਗਿੱਲ ਨੇ ਕਿਹਾ ਕਿ ਪਾਰਟੀ ਵੱਲੋਂ ਲਾਈ ਡਿਊਟੀ ਅਨੁਸਾਰ ਉਹ ਪਿਛਲੇ ਦਿਨਾਂ ਤੋਂ ਰੈਲੀ ਦੀਆਂ ਤਿਆਰੀਆਂ ਵਾਸਤੇ ਮਜੀਠਾ ਹਲਕੇ ਵਿੱਚ ਆਏ ਹਨ ਅਤੇ 14 ਦਸੰਬਰ ਤੱਕ ਇੱਥੇ ਹੀ ਰਹਿਣਗੇ। ਸ੍ਰੀ ਸ਼ੇਰਗਿੱਲ ਨੂੰ ਮਜੀਠਾ ਹਲਕੇ ਵਿੱਚ ਭੇਜਣ 'ਤੇ ਮੁਹਾਲੀ ਤੋਂ 'ਆਪ' ਦਾ ਨਵਾਂ ਉਮੀਦਵਾਰ ਕੌਣ ਹੋਵੇਗਾ, ਇਸ ਉਪਰ ਕਈ ਤਰ੍ਹਾਂ ਦੀ ਚਰਚਾ ਚੱਲ ਰਹੀ ਹੈ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ (ਪੱਤਰਕਾਰ) ਨੂੰ ਪੰਜਾਬ ਵਿੱਚ 'ਪੰਥਕ ਪੱਤਾ' ਚਲਾਉਣ ਲਈ ਚੋਣ ਮੈਦਾਨ ਵਿਚ ਉਤਾਰਨ ਬਾਰੇ ਵੀ ਸੋਚ ਰਹੇ ਹਨ। ਪਿਛਲੇ ਸਮੇਂ ਜਰਨੈਲ ਸਿੰਘ ਨੇ ਬਾਦਲ ਵਿਰੋਧੀ ਕਈ 'ਪੰਥਕ ਧਿਰਾਂ' ਦੇ ਆਗੂਆਂ ਨੂੰ ਆਪਣੇ ਨਾਲ ਦਿੱਲੀ ਲਿਜਾ ਕੇ ਉਨ੍ਹਾਂ ਦੀ ਮੁਲਾਕਾਤ ਸ੍ਰੀ ਕੇਜਰੀਵਾਲ ਨਾਲ ਕਰਵਾਈ ਸੀ। ਜਰਨੈਲ ਸਿੰਘ ਪੰਜਾਬ ਦੀਆਂ ਕਈ 'ਪੰਥਕ ਧਿਰਾਂ' ਦੇ ਨੇੜੇ ਹਨ। ਉਨ੍ਹਾਂ ਨੇ ਅਕਾਲੀ ਦਲ ਦਿੱਲੀ ਦੇ ਪ੍ਰਮੁੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਹਰਾਇਆ ਸੀ।

## ਪੰਜਾਬ ਫ਼ਰੰਟ ਨੇ ਐਲਾਨੇ 15 ਉਮੀਦਵਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਪੰਜਾਬ ਫ਼ਰੰਟ ਦੇ 15 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਜਿਨ੍ਹਾਂ ਵਿਚ ਗੁਰਿੰਦਰ ਸਿੰਘ ਜੌਹਲ ਅਜਨਾਲਾ, ਗੁਰਦਰਸ਼ਨ ਸਿੰਘ ਅਮਰਗੜ੍ਹ, ਪ੍ਰਿੰਸੀਪਲ ਸੂਬਾ ਸਿੰਘ ਅੰਮ੍ਰਿਤਸਰ ਦੱਖਣੀ, ਬਲਵਿੰਦਰ ਫ਼ੌਜੀ ਅੰਮ੍ਰਿਤਸਰ ਪੱਛਮੀ, ਜਗਤਾਰ ਸਿੰਘ ਗਿੱਲ ਅਟਾਰੀ, ਮਨਿੰਦਰ ਸਿੰਘ ਚੱਬੇਵਾਲ, ਮਾਸਟਰ ਰਾਜ ਕੁਮਾਰ ਅਲੀਸ਼ੇਰ ਲਹਿਰਾਗਾਗਾ, ਰਾਜੀਵ ਅਰੋੜਾ ਲੁਧਿਆਣਾ ਕੇਂਦਰੀ, ਕੰਵਰ ਰੰਜਨ ਲੁਧਿਆਣਾ ਦੱਖਣੀ, ਪ੍ਰੋ. ਸੰਤੋਖ ਸਿੰਘ ਔਜਲਾ ਲੁਧਿਆਣਾ ਪੱਛਮੀ, ਬਿਕਰਮਜੀਤ ਸਿੰਘ ਫ਼ਤਿਹਪੁਰ ਮਜੀਠਾ, ਪਰਮਜੀਤ ਸਿੰਘ ਨਾਭਾ, ਪ੍ਰੋ. ਮੋਹਨਜੀਤ ਕੌਰ ਟਿਵਾਣਾ ਪਟਿਆਲਾ 2, ਐਡਵੋਕੇਟ ਇੰਦਰਜੀਤ ਸਿੰਘ ਪਾਇਲ, ਜ਼ੋਰਾਵਰ ਸਿੰਘ ਭਾਓਵਾਲ ਰੋਪੜ ਸ਼ਾਮਲ ਹਨ।

## 'ਆਪ' ਆਗੂ ਦੀ ਸ਼ਿਕਾਇਤ 'ਤੇ ਕਾਂਗਰਸੀ ਵਿਧਾਇਕ ਰਾਜਾ ਵੜਿੰਗ ਖ਼ਿਲਾਫ਼ ਕੇਸ ਦਰਜ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼ :** ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਖਿੱਚੋਤਾਣ ਦਿਨੋ-ਦਿਨ ਵਧਦੀ ਜਾ ਰਹੀ ਹੈ। ਕਾਂਗਰਸ ਦੇ ਵਿਧਾਇਕ ਤੇ ਆਲ ਇੰਡੀਆ ਯੂਥ ਕਾਂਗਰਸ ਕਮੇਟੀ ਦੇ ਕੌਮੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਸ ਦੇ ਚਾਰ ਗੰਨਮੈਨਾਂ ਖ਼ਿਲਾਫ਼ 'ਆਪ' ਵਰਕਰ ਸੁਰਿੰਦਰਪਾਲ ਸਿੰਘ ਦੀ ਉਹਦੇ ਘਰ ਪਿੰਡ ਗੁੜ੍ਹੀ ਸੰਘਰ ਵਿੱਚ ਜਾ ਕੇ ਕੁੱਟਮਾਰ ਕਰਨ ਦੇ ਦੋਸ਼ਾਂ ਤਹਿਤ ਥਾਣਾ ਕੋਟਭਾਈ ਵਿੱਚ ਕੇਸ ਦਰਜ ਕੀਤਾ ਗਿਆ ਹੈ। ਕੇਸ 'ਆਪ' ਦੇ ਗਿੱਦੜਬਾਹਾ ਤੋਂ ਉਮੀਦਵਾਰ ਜਗਦੀਪ ਸਿੰਘ ਸੰਧੂ ਵੱਲੋਂ ਇਥੇ ਬਠਿੰਡਾ ਰੋਡ 'ਤੇ ਆਵਾਜਾਈ ਠੱਪ ਕਰਨ ਮਗਰੋਂ ਦਰਜ ਕੀਤਾ ਗਿਆ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਰਾਜਾ ਵੜਿੰਗ ਨੇ 'ਆਪ' ਵਰਕਰ ਨੂੰ ਬਿਨਾਂ ਵਜ੍ਹਾ ਆਪਣੇ ਗੰਨਮੈਨਾਂ ਦੀ ਮਦਦ ਨਾਲ ਕੁੱਟਿਆ ਤੇ ਉਸ ਦੀ ਮਾਤਾ ਨਾਲ ਬਦਸਲੂਕੀ ਕੀਤੀ। ਇਸ ਵਰਕਰ ਦਾ ਕਸੂਰ ਸਿਰਫ਼ ਇੰਨਾ ਸੀ ਕਿ ਉਸ ਨੇ ਰਾਜਾ ਵੜਿੰਗ ਕੋਲੋਂ ਹਲਕੇ ਦੇ ਵਿਕਾਸ ਸਬੰਧੀ ਸਵਾਲ ਪੁੱਛਿਆ, ਪਰ ਜਵਾਬ ਦੇਣ ਦੀ ਥਾਂ ਵਿਧਾਇਕ ਨੇ ਉਸ ਨਾਲ ਕੁੱਟਮਾਰ ਕੀਤੀ। ਇਸ ਮੌਕੇ ਵੱਡੀ ਗਿਣਤੀ 'ਆਪ' ਵਰਕਰਾਂ ਨੇ ਰੋਸ ਮੁਜ਼ਾਹਰਾ ਕੀਤਾ।



ਯਾਦ ਰਹੇ ਕਿ ਰਾਜਾ ਵੜਿੰਗ ਦੇ ਹਮਾਇਤੀ ਪਵਨਦੀਪ ਸਿੰਘ ਵਾਸੀ ਸੋਹਣੇਵਾਲਾ ਰੱਤੇਵਾਲਾ ਵੱਲੋਂ ਐਤਵਾਰ ਨੂੰ ਥਾਣਾ ਕੋਟਭਾਈ ਵਿੱਚ ਇਤਲਾਹ ਦਿੱਤੀ ਸੀ ਕਿ 'ਆਪ' ਦੇ ਪੰਜ ਵਰਕਰਾਂ ਸੁਰਿੰਦਰਪਾਲ ਸਿੰਘ, ਅਮਨਦੀਪ, ਅਮਨ, ਗੁਰਪ੍ਰੀਤ ਸਿੰਘ ਤੇ ਬੋਘਾ ਸਿੰਘ ਨੇ ਉਸ ਦੀ ਕਾਰ ਦੀ ਤੋੜਭੰਨ ਕੀਤੀ ਹੈ ਤੇ ਇੱਟਾਂ ਰੋੜਿਆਂ ਨਾਲ ਉਸ ਉਪਰ ਹਮਲਾ ਕੀਤਾ। ਪੁਲੀਸ ਨੇ ਸ਼ਿਕਾਇਤ ਦੇ ਆਧਾਰ 'ਤੇ ਉਸੇ ਦਿਨ ਇਨ੍ਹਾਂ ਵਰਕਰਾਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਜਦਕਿ ਸੁਰਿੰਦਰਪਾਲ ਸਿੰਘ ਦੀ ਅਰਜ਼ੀ 'ਤੇ ਕੋਈ ਕਾਰਵਾਈ ਨਹੀਂ ਕੀਤੀ। ਪੁਲੀਸ ਦੀ ਇਸ ਕਾਰਵਾਈ ਨੂੰ ਪੱਖਪਾਤੀ ਦੱਸਦਿਆਂ ਹੀ 'ਆਪ' ਵੱਲੋਂ ਧਰਨਾ ਲਾਇਆ ਗਿਆ ਸੀ।

# ਮੁੱਖ ਮੁਕਾਬਲਾ ਤਾਂ ਕਾਂਗਰਸ ਤੇ 'ਆਪ' ਵਿਚਾਲੇ : ਅਮਰਿੰਦਰ ਸਿੰਘ



ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਵਿਚ ਸ਼ਾਮਲ ਹੁੰਦੇ ਹੋਏ 'ਆਪ' ਆਗੂ ਸੀ ਐਮ ਲਖਨਪਾਲ (ਸੱਜੇ), ਪੀ ਕੇ ਸ਼ਰਮਾ (ਖੱਬਿਓਂ ਤੀਜੇ), ਇਕਬਾਲ ਪੰਨੂ (ਖੱਬਿਓਂ ਦੂਜੇ) ਤੇ ਭਰਪੂਰ ਸਿੰਘ।

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਾਲੇ ਹੋਵੇਗਾ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਪ੍ਰਿਅੰਕਾ ਗਾਂਧੀ ਨੂੰ ਬੇਨਤੀ ਕਰਨਗੇ ਕਿ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਪੰਜਾਬ ਵਿੱਚ ਪਾਰਟੀ ਲਈ ਚੋਣ ਪ੍ਰਚਾਰ ਕਰਨ ਆਉਣ। ਇਸ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਨੋਟਬੰਦੀ ਕਾਰਨ ਹੋਈਆਂ ਮੌਤਾਂ ਦੇ ਮਾਮਲੇ ਵਿੱਚ ਅਦਾਲਤ ਦਾ ਦਰਵਾਜ਼ਾ ਖੜਕਾਏਗੀ।

ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਸਲ ਮੁਕਾਬਲਾ ਕਾਂਗਰਸ ਤੇ 'ਆਪ' ਵਿਚਕਾਰ ਹੈ। ਹਾਲਾਂਕਿ ਉਨ੍ਹਾਂ ਕਿਹਾ ਕਿ 'ਆਪ' ਦੀ ਸਥਿਤੀ ਕਮਜ਼ੋਰ ਹੁੰਦੀ ਜਾ ਰਹੀ ਹੈ ਤੇ ਪਾਰਟੀ ਨੂੰ ਪ੍ਰਚਾਰ ਲਈ 50 ਹਜ਼ਾਰ ਲੋਕ ਬਾਹਰਲੇ ਸੂਬਿਆਂ ਤੋਂ ਲਿਆਉਣੇ ਪਏ ਹਨ। ਹਾਕਮ ਧਿਰ ਅਕਾਲੀ-ਭਾਜਪਾ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਤਾਂ ਮੁਕਾਬਲੇ ਤੋਂ ਹੀ ਬਾਹਰ ਹੈ। ਉਨ੍ਹਾਂ 'ਆਪ' ਆਗੂ ਸੀ ਐਮ ਲਖਨਪਾਲ, ਪੀ ਕੇ ਸ਼ਰਮਾ, ਇਕਬਾਲ ਪੰਨੂ ਤੇ ਭਰਪੂਰ ਸਿੰਘ ਦਾ ਕਾਂਗਰਸ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਹੁਣ 'ਆਪ' ਦਾ ਗ੍ਰਾਫ਼ ਹੇਠਾਂ ਡਿੱਗ ਰਿਹਾ ਹੈ ਤੇ ਪੰਜਾਬ ਵਾਸੀਆਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਬਿਆਨ ਦੇ ਰਹੇ ਹਨ ਕਿ ਪਾਰਟੀ ਦੀ ਸਰਕਾਰ ਆਉਣ 'ਤੇ ਕਿਸੇ ਦਲਿਤ ਆਗੂ ਨੂੰ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ, ਜਦੋਂਕਿ ਦਿੱਲੀ ਸਰਕਾਰ ਵਿੱਚ ਕੋਈ ਸਿੱਖ ਜਾਂ ਦਲਿਤ ਮੰਤਰੀ ਨਹੀਂ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਪ੍ਰਿਅੰਕਾ ਗਾਂਧੀ ਨੂੰ ਅਪੀਲ ਕਰਨਗੇ ਕਿ ਉਹ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨਾਲ ਪੰਜਾਬ ਵਿੱਚ ਪਾਰਟੀ ਦੇ ਪ੍ਰਚਾਰ ਲਈ ਆਉਣ। ਨੋਟਬੰਦੀ ਦੇ ਮਾਮਲੇ 'ਤੇ ਉਨ੍ਹਾਂ ਕਿਹਾ ਕਿ ਸਾਰੇ ਦੇਸ਼ ਵਾਸੀ ਕਰੰਸੀ ਦੀ ਤੋਟ ਨਾਲ ਜੂਝ ਰਹੇ ਹਨ ਅਤੇ ਬੈਂਕਾਂ ਅਤੇ ਏਟੀਐਮਜ਼ ਅੱਗੇ 100 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਇਸ ਮੁੱਦੇ 'ਤੇ ਪੰਜਾਬ ਕਾਂਗਰਸ ਅਦਾਲਤ ਦਾ ਦਰਵਾਜ਼ਾ ਖੜਕਾਏਗੀ।

# 'ਸਵਰਾਜ ਇੰਡੀਆ' ਪਾਰਟੀ ਨਹੀਂ ਉਤਰੇਗੀ ਚੋਣ ਮੈਦਾਨ ਵਿਚ



ਜਲੰਧਰ 'ਚ ਪ੍ਰੈਸ ਕਾਨਫਰੰਸ ਕਰਦੇ ਹੋਏ ਸਵਰਾਜ ਅਭਿਆਨ ਦੇ ਕੌਮੀ ਸਕੱਤਰ ਰਾਜੀਵ ਸ਼ਾਅ।

**ਜਲੰਧਰ/ਬਿਊਰੋ ਨਿਊਜ਼ :** ਦੋ ਮਹੀਨੇ ਪਹਿਲਾਂ ਹੋਂਦ ਵਿੱਚ ਆਈ ਯੋਗਿੰਦਰ ਯਾਦਵ ਦੀ ਪਾਰਟੀ 'ਸਵਰਾਜ ਇੰਡੀਆ' ਨੇ ਪੰਜਾਬ ਵਿੱਚ ਹੋਣ ਵਾਲੀਆਂ ਅਗਾਮੀ ਵਿਧਾਨ ਸਭਾ ਚੋਣਾਂ ਲੜਨ ਤੋਂ ਇਨਕਾਰ ਕਰ ਦਿੱਤਾ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਅੱਜ ਇੱਥੇ ਮੀਟਿੰਗ ਕਰਕੇ ਪੰਜਾਬ ਦੀ 11 ਮੈਂਬਰੀ ਐਡਹਾਕ ਕਮੇਟੀ ਕਾਇਮ ਕੀਤੀ ਹੈ। ਸਵਰਾਜ ਇੰਡੀਆ ਦੇ ਕੌਮੀ ਜਨਰਲ ਸਕੱਤਰ ਅਜੀਤ ਝਾਅ ਨੇ ਦੱਸਿਆ ਕਿ ਉਨ੍ਹਾਂ ਦੀ ਨਵੀਂ ਪਾਰਟੀ ਹਾਲੇ ਚੋਣਾਂ ਲੜਨ ਦੀ ਸਥਿਤੀ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਮੇਤ ਸਾਰੀਆਂ ਹੀ ਪਾਰਟੀਆਂ ਪੰਜਾਬ ਲਈ ਸਿਰਫ਼ ਚੋਣਾਂ ਤੱਕ ਹੀ ਸੋਚ ਰਹੀਆਂ ਹਨ ਜਦਕਿ ਉਨ੍ਹਾਂ ਦੀ ਪਾਰਟੀ ਚੋਣਾਂ ਤੋਂ ਅੱਗੇ ਜਾ ਕੇ ਪੰਜਾਬ ਦੇ ਭਵਿੱਖ ਬਾਰੇ ਵੀ ਚਿੰਤਨ ਕਰ ਰਹੀ ਹੈ। ਸ੍ਰੀ ਝਾਅ ਨੇ 'ਆਪ' 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਿਸ ਮੰਤਵ ਲਈ 'ਆਪ' ਦਾ ਗਠਨ ਹੋਇਆ ਸੀ ਉਸ ਰਾਹ ਤੋਂ ਪਾਰਟੀ ਬੁਰੀ ਤਰ੍ਹਾਂ ਭਟਕ ਚੁੱਕੀ ਹੈ ਅਤੇ ਹੁਣ ਉਹ ਵੀ ਰਵਾਇਤੀ ਪਾਰਟੀਆਂ ਵਾਂਗ ਹੀ ਰਾਜਨੀਤੀ ਕਰ ਰਹੀ ਹੈ।

ਪਾਰਟੀ ਦੇ ਪੰਜਾਬ ਅਤੇ ਹਿਮਾਚਲ ਦੇ ਇੰਚਾਰਜ ਰਾਜੀਵ ਗੋਧਾਰਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਬੇਸ਼ੱਕ ਚੋਣਾਂ ਨਹੀਂ ਲੜੇਗੀ ਪਰ ਉਹ ਚੋਣਾਂ ਵਿਚ ਖੜ੍ਹੇ ਦਾਗੀ ਉਮੀਦਵਾਰ ਖ਼ਿਲਾਫ਼ ਪ੍ਰਚਾਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੀ ਐਡਹਾਕ ਕਮੇਟੀ ਦਾ ਗਠਨ ਹੋ ਚੁੱਕਿਆ ਹੈ ਅਤੇ ਹੁਣ ਕਮੇਟੀ ਨੇ ਤੈਅ ਕਰਨਾ ਹੈ ਕਿ ਉਨ੍ਹਾਂ ਨੇ ਚੋਣਾਂ ਵਿਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਣੀ ਹੈ।

# ਵਿਧਾਇਕ ਗੁਰਤੇਜ ਸਿੰਘ ਘੁੜਿਆਣਾ ਨੇ ਛੱਡਿਆ ਅਕਾਲੀ ਦਲ, ਹੁਣ ਆਜ਼ਾਦ ਚੋਣ ਲੜਨਗੇ

**ਅਬੋਹਰ/ਬਿਊਰੋ ਨਿਊਜ਼ :** ਹਲਕਾ ਬੱਲੂਆਣਾ ਤੋਂ ਟਿਕਟ ਨਾ ਮਿਲਣ ਤੋਂ ਖ਼ਫ਼ਾ ਹੋਏ ਮੌਜੂਦਾ ਅਕਾਲੀ ਵਿਧਾਇਕ ਸ. ਗੁਰਤੇਜ ਸਿੰਘ ਘੁੜਿਆਣਾ ਨੇ ਹਲਕੇ ਦੇ ਅਹੁਦੇਦਾਰਾਂ ਤੇ ਵਰਕਰਾਂ ਦੀ ਮੀਟਿੰਗ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਬਾਗ਼ੀ ਹੋ ਕੇ ਹਲਕੇ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਵਿਧਾਇਕ ਘੁੜਿਆਣਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਹਲਕੇ ਤੋਂ ਲਗਾਤਾਰ ਚਾਰ ਵਾਰ ਟਿਕਟ ਦੇ ਕੇ ਬਹੁਤ ਮਾਣ ਬਖ਼ਸ਼ਿਆ ਹੈ। ਪਾਰਟੀ ਨੇ ਇਸ ਵਾਰ ਵੀ ਉਨ੍ਹਾਂ ਦੀ ਟਿਕਟ ਨਹੀਂ ਕੱਟੀ ਹੈ, ਪਰ ਹਲਕੇ ਦੇ ਕੁਝ ਆਗੂਆਂ ਵੱਲੋਂ ਪਾਰਟੀ ਮੂਹਰੇ ਉਨ੍ਹਾਂ ਨੂੰ ਕਈ ਤਰੀਕਿਆਂ ਨਾਲ ਬਦਨਾਮ ਕਰਕੇ ਉਨ੍ਹਾਂ ਦੀ ਟਿਕਟ ਕਟਵਾਈ ਗਈ ਹੈ। ਇਹ ਪੁਛੇ ਜਾਣ 'ਤੇ ਕਿ ਉਹ ਕਿਸ ਪਾਰਟੀ ਦੀ ਟਿਕਟ 'ਤੇ ਚੋਣ ਲੜਨਗੇ ਤਾਂ ਉਨ੍ਹਾਂ ਕਿਹਾ ਕਿ ਦੋ ਦਿਨ ਬਾਅਦ ਸੂਚੀ ਵਿਚ ਨਾਂਅ ਆਉਣ 'ਤੇ ਆਪਣੇ ਆਪ ਹੀ ਪਤਾ ਚੱਲ ਜਾਵੇਗਾ ਕਿ ਉਹ ਕਿਸ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਹੇ ਹਨ ਜਾਂ ਫੇਰ ਆਜ਼ਾਦ ਚੋਣ ਲੜ ਰਹੇ ਹਨ।

# ਯਾਮਨੀ ਗੌਮਰ, ਬਲਬੀਰ ਬਾਠ ਤੇ ਜੀਵਨਜੋਤ ਕੌਰ ਨੇ 'ਆਪ' ਨੂੰ ਅਲਵਿਦਾ ਕਿਹਾ

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਆਮ ਆਦਮੀ ਪਾਰਟੀ ਨੂੰ ਇੱਕ ਤੋਂ ਬਾਅਦ ਇੱਕ ਝਟਕੇ ਲੱਗ ਰਹੇ ਹਨ। 'ਆਪ' ਲੀਡਰ ਤੇ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣ ਲੜਨ ਵਾਲੀ ਯਾਮਨੀ ਗੌਮਰ, ਮਾਝੇ ਦੇ ਵੱਡੇ ਬਲਬੀਰ ਸਿੰਘ ਬਾਠ ਤੇ ਫਰੀਦਕੋਟ ਤੋਂ ਕਨਵੀਨਰ ਜੀਵਨਜੋਤ ਕੌਰ ਵੱਲੋਂ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ। ਬਲਬੀਰ ਸਿੰਘ ਬਾਠ ਜੋ ਅਕਾਲੀ ਦਲ ਛੱਡ ਕੇ ਕੁਝ ਸਮਾਂ ਪਹਿਲਾਂ ਹੀ 'ਆਪ' ਵਿਚ ਸ਼ਾਮਲ ਹੋਏ ਸਨ, ਪਰ ਉਹ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਬਟਾਲਾ ਵਿਚ ਅਕਾਲੀ ਦਲ 'ਚ ਉਹ ਸ਼ਾਮਲ ਹੋਏ। ਉੱਥੇ ਹੀ ਯਾਮਨੀ ਗੌਮਰ ਜੋ 'ਆਪ' ਵੱਲੋਂ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣਾਂ ਵੀ ਲੜ ਚੁੱਕੀ ਹੈ, ਨੇ ਪਾਰਟੀ ਵਿਚ ਚੱਲ ਰਹੇ ਮਤਭੇਦਾਂ ਦਾ ਹਵਾਲਾ ਦਿੰਦਿਆਂ ਅਸਤੀਫਾ ਦੇ ਦਿੱਤਾ ਹੈ। ਯਾਮਨੀ ਨੇ ਇਲਜ਼ਾਮ ਲਾਉਂਦਿਆ ਕਿਹਾ ਕਿ ਆਮ ਆਦਮੀ ਪਾਰਟੀ ਦਲਿਤ ਵਿਰੋਧੀ ਹੈ। ਯਾਮਿਨੀ ਗੌਮਰ ਨੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ, ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ 'ਤੇ ਪ੍ਰਾਈਵੇਟ ਲਿਮਟਿਡ ਕੰਪਨੀ ਬਣਾਉਣ ਦੇ ਦੋਸ਼ ਲਾਏ ਹਨ। ਯਾਮਨੀ ਨੇ ਕਿਹਾ ਕਿ 'ਆਪ' ਦਲਿਤ ਵਿਰੋਧੀ, ਸਿੱਖ ਵਿਰੋਧੀ ਤੇ ਪੰਜਾਬ ਵਿਰੋਧੀ ਪਾਰਟੀ ਹੈ। ਪਾਰਟੀ ਦੇ ਅਹਿਮ ਦਲਿਤ ਚਿਹਰਿਆਂ



ਵਿਚ ਸ਼ੁਮਾਰ ਯਾਮਨੀ ਸ਼ਾਮ ਚੁਰਾਸੀ (ਰਿਜ਼ਰਵ) ਤੋਂ ਵਿਧਾਨ ਸਭਾ ਟਿਕਟ ਦੀ ਚਾਹਵਾਨ ਸੀ। ਪ੍ਰੈੱਸ ਕਾਨਫਰੰਸ ਦੌਰਾਨ ਭਾਵੁਕ ਹੁੰਦਿਆਂ ਉਸ ਨੇ ਕਿਹਾ ਕਿ ਪਾਰਟੀ ਵਲੰਟੀਅਰਾਂ ਨਾਲ ਗੁਲਾਮਾਂ ਵਰਗਾ ਵਿਹਾਰ ਕੀਤਾ ਜਾਂਦਾ ਹੈ। 'ਆਪ' ਦੇ ਅਖੌਤੀ ਅਬਜ਼ਰਵਰ ਭ੍ਰਿਸ਼ਟਾਚਾਰ ਵਿਚ ਲੱਗੇ ਹੋਏ ਹਨ। ਯਾਮਨੀ ਨੇ ਕਿਹਾ ਕਿ ਅਕਾਲੀ ਦਲ ਨੇ ਸੱਤਾ ਵਿਚ ਆ ਕੇ ਭ੍ਰਿਸ਼ਟਾਚਾਰ ਕੀਤਾ ਜਦਕਿ 'ਆਪ' ਸੱਤਾ ਵਿਚ ਆਉਣ ਤੋਂ ਪਹਿਲਾਂ ਹੀ ਭ੍ਰਿਸ਼ਟਾਚਾਰ ਵਿਚ ਲੱਗੀ ਹੋਈ ਹੈ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਕਿਸੇ ਦਲਿਤ ਨੂੰ ਪੰਜਾਬ ਦਾ ਉਪ ਮੁੱਖ ਮੰਤਰੀ ਬਣਾਏ ਜਾਣ ਦੇ ਐਲਾਨ 'ਤੇ ਯਾਮਨੀ ਨੇ ਕਿਹਾ ਕਿ ਇਹ ਚੋਣ ਸਟੰਟ ਤੋਂ ਸਿਵਾਏ ਕੁਝ ਵੀ ਨਹੀਂ ਹੈ। ਉਸ ਨੇ ਕਿਹਾ ਕਿ ਜੇ ਪਾਰਟੀ ਸੱਚਮੁੱਚ ਫ਼ਿਕਰਮੰਦ ਹੈ ਤਾਂ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਨੂੰ, ਜੋ ਦਲਿਤ ਵੀ ਹਨ ਤੇ ਸਿੱਖ ਵੀ, ਪਾਰਲੀਮਾਨੀ ਗਰੁੱਪ ਦਾ ਆਗੂ ਕਿਉਂ ਨਹੀਂ ਐਲਾਨਦੀ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਫਰੀਦਕੋਟ ਤੋਂ ਕਨਵੀਨਰ ਡਾ. ਜੀਵਨਜੋਤ ਕੌਰ ਨੇ ਪਾਰਟੀ ਤੋਂ ਵੱਖ ਹੋ ਕੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਜਿਵੇਂ-ਜਿਵੇਂ ਨੇੜੇ ਆ ਰਹੀਆਂ ਹਨ, ਆਮ ਆਦਮੀ ਪਾਰਟੀ ਵਿਚ ਵੀ ਕਲੇਸ਼ ਰੁਕਣ ਦਾ ਨਾਂ ਨਹੀਂ ਲੈ ਰਿਹਾ। ਪਾਰਟੀ ਦੇ ਨੇਤਾ ਰਹੇ ਵਿਨੋਦ ਕੁਮਾਰ ਬਿੰਨੀ ਤੋਂ ਸ਼ੁਰੂ ਹੋਇਆ ਦੋਸ਼ਾਂ ਦਾ ਦੌਰ ਜਾਰੀ ਹੈ। ਪਾਰਟੀ ਛੱਡਣ ਤੋਂ ਪਹਿਲਾਂ ਉਨ੍ਹਾਂ ਨੇ ਆਮ ਆਦਮੀ ਪਾਰਟੀ ਆਗੂਆਂ 'ਤੇ ਗੰਭੀਰ ਦੋਸ਼ ਲਾਏ ਸਨ। ਜ਼ਿਕਰਯੋਗ ਹੈ ਕਿ ਬਾਠ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਤਿੰਨ ਵਾਰ ਵਿਧਾਇਕ ਬਣੇ ਅਤੇ ਮੰਤਰੀ ਵੀ ਰਹਿ ਚੁੱਕੇ ਹਨ ਅਤੇ ਉਹ ਪਿਛਲੇ ਦਿਨੀਂ ਹਲਕਾ ਸ੍ਰੀ ਹਰਗੋਬਿੰਦਪੁਰ ਦੀ ਸੀਟ ਨੂੰ ਲੈ ਕੇ ਅਕਾਲੀ ਦਲ ਪਾਰਟੀ ਨਾਲ ਨਾਰਾਜ਼ ਹੋ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨੂੰ ਉਸ ਸਮੇਂ ਆਮ ਆਦਮੀ ਪਾਰਟੀ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਸ਼ਾਮਲ ਕਰਵਾਇਆ ਸੀ। ਭਾਵੇਂ ਕਿ ਉਨ੍ਹਾਂ ਦੀ ਆਮ ਆਦਮੀ ਪਾਰਟੀ ਵਿਚ ਕੋਈ ਵੀ ਗਤੀਵਿਧੀ ਨਹੀਂ ਰਹੀ, ਪ੍ਰੰਤੂ ਸ੍ਰੀ ਹਰਗੋਬਿੰਦਪੁਰ ਤੋਂ ਉਮੀਦਵਾਰ ਬਦਲਣ ਤੋਂ ਬਾਅਦ ਉਨ੍ਹਾਂ ਨੇ ਮੁੜ ਪਾਰਟੀ ਵਿਚ ਆਉਣ ਦਾ ਫ਼ੈਸਲਾ ਕੀਤਾ।

## ਪੰਜਾਬ ਆ ਕੇ ਵਸਣ ਵਾਲੇ ਪਰਵਾਸੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿਆਂਗੇ : ਕੇਜਰੀਵਾਲ

**ਤਰਨ ਤਾਰਨ/ਬਿਊਰੋ ਨਿਊਜ਼ :** ਤਰਨਤਾਰਨ ਵਿਚ ਆਮ ਆਦਮੀ ਪਾਰਟੀ ਵੱਲੋਂ ਵਿਸ਼ਾਲ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਿਦੇਸ਼ਾਂ ਵਿਚ ਰਹੇ ਪਰਵਾਸੀਆਂ ਨੂੰ ਵੀ ਪਾਰਟੀ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ ਤੇ ਕਿਹਾ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ ਤਾਂ ਉਨ੍ਹਾਂ ਲਈ ਵਿਸ਼ੇਸ਼ ਵਿਵਸਥਾ ਕੀਤੀ ਜਾਵੇਗੀ। ਪਰਵਾਸੀਆਂ ਨੂੰ 'ਆਪ' ਸਰਕਾਰ ਇਥੇ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਏਗੀ, ਜੋ ਇਥੇ ਆ ਕੇ ਵਸਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਤੋਂ ਇਲਾਵਾ ਸਿੱਖਿਆ ਤੇ ਸਿਹਤ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਜਿਸ ਕੁਰਸੀ 'ਤੇ ਸੁਖਬੀਰ ਬੈਠੇ ਹਨ, ਉਸ 'ਤੇ ਦਲਿਤ ਭਾਈਚਾਰੇ

ਬਾਕੀ ਸਫ਼ਾ 33 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

14 ਦਸੰਬਰ 2016 ਤੋਂ 20 ਦਸੰਬਰ 2016

## ਸਰਦ ਰੁੱਤ, ਸਰਗਰਮ ਸਿਆਸਤ

ਵਿਧਾਨ ਸਭਾ ਚੋਣਾਂ ਐਨ ਸਿਰ ਉੱਤੇ ਆਉਣ ਕਾਰਨ ਸਰਦੀ ਦੀ ਰੁੱਤੇ ਪੰਜਾਬ ਦਾ ਸਿਆਸੀ ਪਿੜ ਦਿਨੋਂ ਦਿਨ ਗਰਮਾ ਰਿਹਾ ਹੈ। ਵੈਸੇ ਇਸ ਰੁੱਤ ਵਿੱਚ ਪੰਜਾਬ ਦੇ ਲੋਕ ਖ਼ਾਸ ਕਰ ਕਿਸਾਨ ਕਣਕਾਂ ਬੀਜਣ ਤੋਂ ਲਗਭਗ ਵਿਹਲੇ ਹੋਣ ਕਾਰਨ ਅਕਸਰ ਸੁਸਤਾਉਣ ਵਾਲੇ ਰੌਅ ਵਿੱਚ ਹੁੰਦੇ ਹਨ। ਸਿਆਸੀ ਆਗੂ ਵੀ ਇਨ੍ਹੀਂ ਦਿਨੀਂ ਛੁੱਟੀਆਂ ਮਨਾਉਣ 'ਚ ਰੁਝੇ ਨਜ਼ਰੀਂ ਪੈਂਦੇ ਹਨ। ਇਸ ਵਾਰ ਲੋਕ ਤਾਂ ਭਾਵੇਂ ਸਹਿਜੇ ਸਹਿਜੇ ਸਿਆਸੀ ਸਰਗਰਮੀਆਂ ਨੂੰ ਵੇਖ ਅਤੇ ਸ਼ਾਮਲ ਵੀ ਹੋ ਰਹੇ, ਸਿਆਸੀ ਪਾਰਟੀਆਂ ਅਤੇ ਆਗੂਆਂ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਨਵੇਂ ਸਾਲ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਮੁੱਖ ਤੌਰ ਉੱਤੇ ਸੱਤਾਧਾਰੀ ਅਕਾਲੀ ਦਲ (ਬਾਦਲ), ਮੁੱਖ ਵਿਰੋਧੀ ਪਾਰਟੀ ਕਾਂਗਰਸ ਅਤੇ ਭਾਰਤੀ ਰਾਜਨੀਤੀ ਦਾ ਰੰਗ-ਰੂਪ ਬਦਲ ਦੇਣ ਦੇ ਨਾਅਰੇ ਨਾਲ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ (ਆਪ) ਵਿਚਾਲੇ ਮੁਕਾਬਲਾ ਹੋਣ ਬਾਰੇ ਕੋਈ ਦੋ ਰਾਵਾਂ ਨਹੀਂ। ਲੋਕਾਂ ਦੀ ਦਿਲਚਸਪੀ ਇਸ ਗੱਲ ਵਿੱਚ ਹੈ ਕਿ ਰਾਜਸੀ ਪਾਰਟੀਆਂ ਵੋਟਰਾਂ ਨੂੰ ਭਰਮਾਉਣ ਲਈ ਕਿਹੜੇ ਕਿਹੜੇ ਦਾਅ ਚੱਲ ਰਹੀਆਂ ਹਨ।

ਆਪਣੀ ਲਗਾਤਾਰ ਦੋ ਵਾਰ ਸਰਕਾਰ ਹੋਣ ਕਾਰਨ ਸੱਤਾਧਾਰੀ ਅਕਾਲੀ ਦਲ ਦਾ ਮੁੱਖ ਨਿਸ਼ਾਨ ਅਤੇ ਨਾਅਰਾ 'ਪੰਜਾਬ ਦੇ ਰਿਕਾਰਡ ਤੋੜ ਵਿਕਾਸ' ਦੇ ਆਸਰੇ ਤੀਜੀ ਵਾਰ ਚੋਣਾਂ ਜਿੱਤ ਕੇ ਲੋਕਾਂ ਦੀ ਹੋਰ ਸੇਵਾ ਕਰਨ ਦਾ ਹੈ। ਪ੍ਰਾਈਵੇਟ ਕੰਪਨੀਆਂ ਰਾਹੀਂ ਸੜਕਾਂ/ਫਲਾਈਓਵਰਾਂ/ਪੁਲਾਂ ਦੀ ਉਸਾਰੀ, ਵੱਡੇ ਸਨਅਤੀ ਘਰਾਣਿਆਂ ਨੂੰ ਸਰਕਾਰੀ ਤੌਰ ਉੱਤੇ ਸਸਤੀਆਂ ਜ਼ਮੀਨਾਂ ਅਤੇ ਟੈਕਸਾਂ ਦੀਆਂ ਰਿਆਇਤਾਂ ਦੇ ਕੇ ਥਰਮਲ ਪਲਾਂਟ ਲਗਵਾ ਕੇ ਮਹਿੰਗੀ ਬਿਜਲੀ ਖਰੀਦਣਾ, ਸਰਕਾਰੀ ਬੱਸਾਂ ਤੋਂ ਲਾਹੇਵੰਦੇ ਰੂਟ ਖੋਹ ਕੇ ਬਾਦਲ ਪਰਿਵਾਰ, ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਦੀਆਂ ਲਗਜ਼ਰੀ ਬੱਸਾਂ ਰਾਹੀਂ ਅਮੀਰਾਂ ਨੂੰ ਸੁੱਖ ਆਰਾਮ ਅਤੇ ਗਰੀਬ ਲੋਕਾਂ ਨੂੰ ਗਰੀਬੀ ਦਾ ਹੋਰ ਅਹਿਸਾਸ ਕਰਾਉਣਾ.... ਅਜਿਹੇ ਹੀ ਕੰਮ ਜੇ ਵਿਕਾਸ ਕਹੇ ਜਾ ਸਕਦੇ ਹਨ ਤਾਂ ਪੰਜਾਬ ਦਾ ਰੱਬ ਰਾਖਾ। ਫੇਰ ਤਾਂ ਹਰੀਕੇ ਪੱਤਣ ਝੀਲ ਵਿੱਚ ਸੋਮਵਾਰ ਨੂੰ ਚਲਾਈ 'ਜਲ-ਬੱਸ' ਪੰਜਾਬ ਦੇ ਕੌਮਾਂਤਰੀ ਵਿਕਾਸ ਦਾ ਨਮੂਨਾ ਕਹੀ ਜਾਣੀ ਚਾਹੀਦੀ ਹੈ। ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਅਜਿਹੇ ਹਵਾਈ ਸੁਪਨਿਆਂ ਦੇ ਪ੍ਰੋਜੈਕਟ ਅਧੀਨ ਬਠਿੰਡਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣਾ ਤਾਂ ਫਿਰ ਸੱਚਮੁਚ ਹੀ ਪੰਜਾਬ ਨੂੰ ਕੈਲੀਫੋਰਨੀਆ ਬਣਾਉਣਾ ਤਾਂ ਕੀ ਉਸ ਤੋਂ ਕਿਤੇ ਅਗਾਂਹ ਲਿਜਾਣ ਦੀ ਸ਼ੁਰੂਆਤ ਵਜੋਂ ਵੇਖਿਆ ਜਾਣਾ ਬਣਦਾ ਹੈ। ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੇ ਸਰਕਾਰੀ ਸਾਧਨਾਂ ਦੇ ਜ਼ੋਰ 'ਤੇ 8 ਦਸੰਬਰ ਦੀ ਮੋਗਾ ਵਿਚਲੀ 'ਪਾਣੀ ਬਚਾਓ, ਪੰਜਾਬ ਬਚਾਓ ਰੈਲੀ' 'ਚ ਲੋਕਾਂ ਦਾ ਚੋਖਾ ਇਕੱਠ ਕਰਕੇ ਆਪਣੇ ਵਰਕਰਾਂ ਵਿੱਚ ਜੋਸ਼ ਭਰਨ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਪੰਜਾਬ ਦੀ ਰਾਜਨੀਤੀ ਵਿੱਚ ਹੂੰਝਾ ਫੇਰੂ ਲੋਕ ਹੁੰਗਾਰੇ ਦੇ ਚਰਚਿਆਂ ਵਿਚਕਾਰ ਆਮ ਆਦਮੀ ਪਾਰਟੀ ਦੀ ਦਿੱਲੀਓਂ ਹੁਕਮ ਚਲਾਉਂਦੀ ਲੀਡਰਸ਼ਿਪ ਨੇ ਹੁਣ ਪੰਜਾਬ ਉਤਾਰਾ ਕਰਨ ਬਾਅਦ ਸਿੱਧੀ ਕਾਰਵਾਈ ਸ਼ੁਰੂ ਕਰਕੇ ਖੁਰਦੀ ਸਮਝੀ ਜਾਂਦੀ ਆਪਣੀ ਸਾਖ਼ ਨੂੰ ਸਿਆਸੀ ਤੌਰ ਉੱਤੇ ਮੋਹਰੀ ਸਫ਼ਾਂ ਵਿੱਚ ਲਿਆ ਖੜ੍ਹਾ ਕੀਤਾ ਹੈ। ਲੁਧਿਆਣਾ ਵਿੱਚ ਹਾਲ ਵਿੱਚ ਹੀ ਬੈਂਸ ਭਰਾਵਾਂ ਵਲੋਂ 'ਬੇਈਮਾਨ ਭਜਾਓ ਰੈਲੀ' ਵਿੱਚ ਲੋਕਾਂ ਦਾ ਵਿਸ਼ਾਲ ਇਕੱਠ ਆਮ ਆਦਮੀ ਪਾਰਟੀ ਦੇ ਵੱਡੇ ਸਿਆਸੀ ਆਧਾਰ ਦੀ ਜ਼ਾਮਨੀ ਭਰਦਾ ਹੈ। ਪੰਜਾਬ ਦੇ ਪਾਣੀਆਂ ਬਾਰੇ ਅਰਵਿੰਦ ਕੇਜਰੀਵਾਲ ਦਾ ਸਪਸ਼ਟ ਸਟੈਂਡ ਲੈਣਾ ਆਪ ਦੇ ਪੰਜਾਬ ਪੱਖੀ ਹੋਣ ਵਲ ਰਾਜਸੀ ਐਲਾਨਨਾਮੇ ਵਜੋਂ ਉਭਾਰਿਆ ਜਾਵੇਗਾ।

ਰਾਜ ਵਿਧਾਨ ਸਭਾ ਦੇ 117 ਹਲਕਿਆਂ ਵਾਸਤੇ ਇਨ੍ਹਾਂ ਤਿੰਨਾਂ ਧਿਰਾਂ ਵਿਚੋਂ ਅਕਾਲੀ ਦਲ ਅਤੇ 'ਆਪ' ਵਾਲਿਆਂ ਨੇ ਆਪਣੇ ਉਮੀਦਵਾਰਾਂ ਬਾਰੇ ਅੰਤਮ ਫੈਸਲਾ ਅਤੇ ਐਲਾਨ ਕਰਕੇ ਚੋਣ ਸਰਗਰਮੀਆਂ ਤੇਜ਼ ਕਰਨ ਦੇ ਪ੍ਰੋਗਰਾਮ ਉਲੀਕ ਰੱਖੇ ਹਨ। ਪਰ ਇਸ ਵਾਰ 'ਸੱਤਾ ਹਥਿਆਉਣ' ਦਾ ਸੁਪਨਾ ਸੱਚ ਹੋਣ ਦਾ ਭਰੋਸਾ ਕਰੀ ਬੈਠੀ ਪੰਜਾਬ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਸਦਾ ਵਾਂਗ ਅਪਣੇ 'ਦਿੱਲੀ ਵਿਚਲੇ ਮਾਲਕਾਂ' ਕੋਲ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਮ ਰੂਪ ਦੇਣ ਦੇ ਮਿੰਨਤਾਂ ਤਰਲੇ ਕਰਨ ਲਈ ਮਜਬੂਰ ਹੈ। ਇਹ ਨਵਾਂ ਵਰਤਾਰਾ ਨਹੀਂ। ਕਾਂਗਰਸ ਦਾ ਹਰ ਵਾਰ ਇਹੋ ਹਾਲ ਹੁੰਦਾ ਹੈ ਅਤੇ ਇਸ ਦੇਰੀ ਨਾਲ ਜਿੱਥੇ ਪਾਰਟੀ ਦਾ ਅੰਦਰੂਨੀ ਸੰਕਟ ਚੋਣਾਂ ਮੌਕੇ ਵਧਦਾ ਹੈ, ਉੱਥੇ ਐਨ ਆਖ਼ਰੀ ਮੌਕੇ ਅਜਿਹੀ ਉਥਲ-ਪੁਥਲ ਨਾਲ ਨਜਿੱਠਣਾ ਸੰਭਵ ਨਹੀਂ ਹੁੰਦਾ। ਇਸ ਵਾਰ ਵੀ ਇਹੋ ਵਾਪਰਣਾ ਹੈ। ਹੋਰਨਾਂ ਰਾਜਸੀ ਪਾਰਟੀਆਂ ਵਿਚੋਂ ਟਿਕਟਾਂ ਨਾ ਮਿਲਣ ਤੋਂ ਨਾਰਾਜ਼ ਅਤੇ ਰਾਜਸੀ ਉਡਾਣ ਭਰਨੋਂ 'ਪਿਛੜਿਆਂ' ਨੂੰ ਆਪਣੇ ਵਿੱਚ ਸ਼ਾਮਲ ਕਰਕੇ ਹਿੱਕਾਂ ਤਾਣ ਰਹੇ ਪੰਜਾਬ ਕਾਂਗਰਸ ਦੇ ਕਰਤਿਆਂ-ਧਰਤਿਆਂ ਨੂੰ ਟਿਕਟਾਂ ਦੀ ਵੰਡ ਕਾਰਨ ਆਪਣੀਆਂ ਚੋਣ ਸਰਗਰਮੀਆਂ ਦੇ ਪਛੜ ਜਾਣ ਨੂੰ ਪੂਰਨਾ ਮੁਸ਼ਕਲ ਹੋਵੇਗਾ।

ਅਸਲੀਅਤ ਤਾਂ ਇਹ ਹੈ ਕਿ ਮੋਦੀ ਸਰਕਾਰ ਦੇ 'ਨੋਟਬੰਦੀ' ਦੇ ਆਰਥਿਕ ਇਨਕਲਾਬ, ਜਿਹੜਾ ਬੁਰੀ ਤਰ੍ਹਾਂ ਫੇਲ੍ਹ ਹੋਣ ਕਾਰਨ ਮਹਿਜ਼ ਰਾਜਸੀ ਸ਼ੋਸ਼ਾ ਬਣ ਕੇ ਰਹਿ ਗਿਆ ਹੈ, ਨੇ ਭਾਰਤ ਦੇ ਹੋਰਨਾਂ ਸੂਬਿਆਂ ਦੇ ਲੋਕਾਂ ਵਾਂਗ ਪੰਜਾਬੀਆਂ ਨੂੰ ਵੱਡੇ ਮਾਲੀ ਅਤੇ ਸਮਾਜਿਕ ਸੰਕਟ ਵਿੱਚ ਫਸਾਇਆ ਹੋਇਆ ਹੈ। ਕਣਕ ਦੀ ਬਿਜਾਈ ਮੌਕੇ ਕਿਸਾਨਾਂ ਨੂੰ ਪੈਸੇ ਪੈਸੇ ਲਈ ਆਤੁਰ ਕਰਨ ਦਾ ਅਸਰ ਪਹਿਲਾਂ ਹੀ ਦੀਵਾਲੀਆ ਹੋਣ ਕੰਢੇ ਪਹੁੰਚ ਚੁੱਕੀ ਕਿਸਾਨੀ ਦਾ ਪੱਕੇ ਤੌਰ ਉੱਤੇ ਲੱਕ ਤੋੜਨਾ ਹੈ। ਆਮ ਦੁਕਾਨਦਾਰ, ਖੇਤ ਮਜ਼ਦੂਰ, ਕਿਰਤੀ ਅਤੇ ਮੁਲਾਜ਼ਮ ਸਭ 'ਮੋਦੀ ਮੰਤਰ' ਦੀ ਮਾਰ ਝੱਲਦੇ ਹੋਏ 'ਦੇਸ਼ ਭਗਤੀ' ਦਾ ਫਰਮਾਨ ਸੁਣ ਅਤੇ ਸਹਿ ਰਹੇ ਹਨ।

ਇਸ ਸਾਰੇ ਰਾਜਸੀ ਰੌਲੇ ਰੱਪੇ ਦੌਰਾਨ ਖਾੜਕੂ ਧਿਰਾਂ ਵਲੋਂ ਬੁਲਾਇਆ ਸਰਬੱਤ ਖਾਲਸਾ ਵੀ ਪੰਥਕ ਸਫ਼ਾਂ ਵਿੱਚ ਚੁੰਝ ਚਰਚਾ ਅਤੇ ਸੱਤਾ ਦੇ ਗਲਿਆਰਿਆਂ ਵਿੱਚ ਵਕਤੀ ਚਿੰਤਾ ਦਾ ਵਿਸ਼ਾ ਰਿਹਾ। ਬੇਸ਼ੱਕ ਪੰਜਾਬ ਸਰਕਾਰ ਪੁਲੀਸ ਸ਼ਕਤੀ ਦੀ ਵਰਤੋਂ ਰਾਹੀਂ ਸਰਬੱਤ ਖਾਲਸਾ ਸਮਾਗਮ ਨੂੰ ਤਕਨੀਕੀ ਤੌਰ ਉੱਤੇ ਨਿਰਧਾਰਤ ਥਾਂ ਉੱਤੇ ਹੋਣ ਦੇਣ ਤੋਂ ਰੋਕਣ ਵਿੱਚ ਸਫ਼ਲ ਰਹੀ। ਪਰ ਸਰਕਾਰੀ ਰੋਕਾਂ ਦੇ ਬਾਵਜੂਦ ਵੱਖ ਵੱਖ ਦਿਸ਼ਾਵਾਂ ਤੋਂ ਸਿੱਖ ਸੰਗਤਾਂ ਦਾ ਤਲਵੰਡੀ ਸਾਬੋ ਵਲ ਕੂਚ ਕਰਨਾ, ਸੱਤਾਧਾਰੀ ਆਗੂਆਂ, ਸਰਕਾਰੀ ਮੋਹਰਾ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸ ਦੇ 'ਗੁਲਾਮ' ਜਥੇਦਾਰਾਂ ਪ੍ਰਤੀ ਸਿੱਖ ਰੋਹ ਦਾ ਸਪਸ਼ਟ ਅਤੇ ਪ੍ਰਤੀਕਾਤਮਕ ਪ੍ਰਗਟਾਵਾ ਸੀ। ਜਿਹੜੇ ਵੀ ਅਤੇ ਜਿੰਨੇ ਵੀ ਸਿੱਖ ਵਿੰਗੇ-ਟੇਡੇ ਰਾਹਾਂ, ਵੱਟਾਂ-ਖੇਤਾਂ ਅਤੇ 'ਨੇਰ੍ਹੇ-ਸਵੇਰੇ' ਮੌਕਾ ਮਿਲਦਿਆਂ 'ਸਰਬੱਤ ਖਾਲਸਾ' ਵਿੱਚ ਸ਼ਾਮਲ ਹੋਣ ਲਈ ਅੱਗੇ ਵਧੇ, ਉਹ ਸਿੱਖ ਇਤਿਹਾਸ ਦੇ ਕਈ ਅਹਿਮ ਮੌਕਿਆਂ ਦਾ ਚੇਤਾ ਕਰਾਉਣ ਦੇ ਨਾਲ ਨਾਲ ਸਿੱਖ ਸਿਦਕ ਦੀ ਮਿਸਾਲ ਸਨ।

ਇਹ ਸਭ ਕੁਝ ਸਰਦ ਰੁੱਤੇ ਸਰਗਰਮ ਸਿਆਸਤ ਦਾ ਝਲਕਾਰਾ ਮਾਤਰ ਹੈ। ਆਉਣ ਵਾਲਾ ਹਰ ਦਿਨ ਪੰਜਾਬ ਦੇ ਸਿਆਸੀ ਭਵਿੱਖ ਸਬੰਧੀ ਸਰਗਰਮੀਆਂ ਨੂੰ ਸਿਖ਼ਰ ਵਲ ਲਿਜਾਏਗਾ। ਚੋਣਾਂ ਦੇ ਰੂਪ ਵਿੱਚ ਲੋਕਰਾਜੀ ਮਸ਼ਕਾਂ ਦੇ ਰਾਮ ਰੌਲੇ ਵਿੱਚ ਵੋਟਰ ਆਪਣੇ ਭਵਿੱਖ ਸਬੰਧੀ ਆਪਣੇ ਵੋਟ ਦੇ ਹੱਕ ਦੀ ਠੀਕ ਵਰਤੋਂ ਕਰਨ ਦੇ ਭਰਮ ਵਿੱਚ ਰਾਜਸੀ ਡਰਾਮੇਬਾਜ਼ਾਂ ਹੱਥੋਂ ਅਕਸਰ ਲੁਟਿਆਂ ਜਾਂਦਾ ਹੈ। ਇਸ ਵਾਰ ਵੋਟਰ ਵੀ ਉਹੀ ਹੈ ਤੇ ਮਜਸਮੇਬਾਜ਼ ਪਹਿਲਾਂ ਨਾਲੋਂ ਵੀ ਵੱਧ ਤਜਰਬੇਕਾਰ!!

# ਗੁਆਚੇ ਮੌਕਿਆਂ ਦੀ ਕਹਾਣੀ ਬਣ ਗਈ ਅੰਮ੍ਰਿਤਸਰ ਕਾਨਫ਼ਰੰਸ

**ਜਿਸ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਫ਼ਗਾਨ ਰਾਸ਼ਟਰਪਤੀ ਅਬਦੁਲ ਗਨੀ ਨੇ ਦੀਦਾਰ ਕੀਤੇ; ਇਹ ਉਹ ਮੁਕੱਦਸ ਅਸਥਾਨ ਹੈ ਜਿਸ ਦੀ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਨੇ 28 ਦਸੰਬਰ 1588 ਨੂੰ ਨੀਂਹ ਰੱਖੀ ਸੀ। ਇਸ ਅਸਥਾਨ ਦੀ ਫੇਰੀ ਪਿਛਲੇ ਗਿਲੇ-ਸ਼ਿਕਵੇ ਭੁਲਾਉਣ ਦਾ ਵੱਡਾ ਮੌਕਾ ਸੀ, ਜੋ ਖੁੰਝਾ ਦਿੱਤਾ ਗਿਆ। ਹਾਰਟ ਆਫ ਏਸ਼ੀਆ ਕਾਨਫ਼ਰੰਸ ਦੌਰਾਨ ਰਾਸ਼ਟਰਪਤੀ ਗ਼ਨੀ ਦੀ ਸ੍ਰੀ ਹਰਿਮੰਦਰ ਸਾਹਿਬ ਫੇਰੀ ਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਪਰਿਕਰਮਾ ਵਿੱਚ ਤਸਵੀਰਾਂ ਖਿੱਚਣ ਦੇ ਮੌਕੇ ਤਕ ਹੀ ਸੀਮਿਤ ਕਰ ਕੇ ਰੱਖ ਦਿੱਤਾ ਗਿਆ। ਸ੍ਰੀ ਗ਼ਨੀ ਨੇ ਉਸ ਵੇਲੇ ਅਤੇ ਅਗਲੀ ਸਵੇਰ ਕਾਨਫ਼ਰੰਸ ਨੂੰ ਆਪਣੇ ਸੰਬੋਧਨ ਦੌਰਾਨ ਦਰਬਾਰ ਸਾਹਿਬ ਨਾਲ ਜੁੜੀਆਂ ਘਟਨਾਵਾਂ ਉੱਤੇ ਕੋਈ ਅਫ਼ਸੋਸ ਵੀ ਨਾ ਪ੍ਰਗਟਾਇਆ।**



**ਕੇ.ਸੀ. ਸਿੰਘ***

ਅੰਮ੍ਰਿਤਸਰ ਵਿੱਚ 'ਹਾਰਟ ਆਫ ਏਸ਼ੀਆ' ਕਾਨਫ਼ਰੰਸ, ਜਿਸ ਦਾ ਉਦਘਾਟਨ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਂਝੇ ਤੌਰ ਉੱਤੇ ਕੀਤਾ, ਵਿੱਚ 14 ਦੇਸ਼ਾਂ ਨੇ ਭਾਗ ਲਿਆ ਅਤੇ ਦੋ ਦਰਜਨ ਤੋਂ ਵੀ ਵੱਧ ਦੇਸ਼ ਇਸ ਦੀ ਹਮਾਇਤ ਕਰ ਰਹੇ ਸਨ। ਇਸ ਨਾਲ ਪੰਜਾਬ ਸਫ਼ਾਰਤੀ ਸਰਗਰਮੀਆਂ ਦਾ ਮਰਕਜ਼ ਬਣਿਆ ਅਤੇ ਸਿੱਖਾਂ ਦਾ ਸਭ ਤੋਂ ਪਾਵਨ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸਫ਼ਾਰਤੀ ਵਹੀਰਾਂ ਲਈ ਖਿੱਚ ਦਾ ਕੇਂਦਰ ਬਣਿਆ ਰਿਹਾ। ਜਿਵੇਂ ਕਿ ਮਾਰਸੈਲ ਪਰਾਉਸਤ ਨੇ ਲਿਖਿਆ ਸੀ, ਅਜਿਹਾ ਹੋਣ ਨਾਲ ਅਤੀਤ ਦੀਆਂ ਯਾਦਾਂ ਵੀ ਤਾਜ਼ਾ ਹੋਈਆਂ।

ਪਹਿਲੀ ਗੱਲ ਜਿਸ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਫ਼ਗਾਨ ਰਾਸ਼ਟਰਪਤੀ ਅਬਦੁਲ ਗਨੀ ਨੇ ਦੀਦਾਰ ਕੀਤੇ; ਇਹ ਉਹ ਮੁਕੱਦਸ ਅਸਥਾਨ ਹੈ ਜਿਸ ਦੀ ਸੂਫ਼ੀ ਸੰਤ ਹਜ਼ਰਤ ਮੀਆਂ ਮੀਰ ਨੇ 28 ਦਸੰਬਰ 1588 ਨੂੰ ਨੀਂਹ ਰੱਖੀ ਸੀ। ਇਸ ਅਸਥਾਨ ਦੀ ਫੇਰੀ ਪਿਛਲੇ ਗਿਲੇ-ਸ਼ਿਕਵੇ ਭੁਲਾਉਣ ਦਾ ਵੱਡਾ ਮੌਕਾ ਸੀ, ਜੋ ਖੁੰਝਾ ਦਿੱਤਾ ਗਿਆ। ਸਿੱਖ ਧਰਮ ਸੁਧਾਰਵਾਦੀ ਭਗਤੀ ਅੰਦੋਲਨ ਵਿਚੋਂ ਉੱਭਰਿਆ ਸੀ ਅਤੇ 17ਵੀਂ ਤੇ 18ਵੀਂ ਸਦੀ ਦੌਰਾਨ ਦੇ ਕੁਝ ਮੁਗ਼ਲ ਹਾਕਮਾਂ ਅਤੇ ਅਫ਼ਗਾਨ ਧਾੜਵੀਆਂ ਦੇ ਧਾਰਮਿਕ ਜਬਰ ਤੇ ਜ਼ੁਲਮਾਂ ਨੇ ਇਸ ਦੇ ਵੱਖਰੇ ਵਜੂਦ ਨੂੰ ਤਰਾਸ਼ਣ ਦਾ ਕੰਮ ਕੀਤਾ। ਅਹਿਮਦ ਸ਼ਾਹ ਅਬਦਾਲੀ ਦੀ ਹਕੂਮਤ ਦੌਰਾਨ ਅਫ਼ਗਾਨ ਧਾੜਵੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਅਕਸਰ ਆਪਣਾ ਨਿਸ਼ਾਨਾ ਬਣਾਇਆ ਅਤੇ ਇੱਕ ਵਾਰ ਇਸ ਦੀ ਇਮਾਰਤ ਵੀ ਨਸ਼ਟ ਕਰ ਦਿੱਤੀ। 1764 ਵਿਚ ਉਸ ਨੇ ਸਿੱਖਾਂ, ਖ਼ਾਸਕਰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਪਵਿੱਤਰ ਸਥਾਨਾਂ ਨੂੰ ਨਿਸ਼ਾਨਾ ਬਣਾ ਕੇ ਜਿਹੜਾ ਹਮਲਾ ਕੀਤਾ ਸੀ, ਉਹ ਅੱਜ ਵੀ ਸਿੱਖ ਚੇਤਿਆਂ ਵਿੱਚ ਉੱਕਰਿਆ ਹੋਇਆ ਹੈ।

ਹਾਰਟ ਆਫ ਏਸ਼ੀਆ ਕਾਨਫ਼ਰੰਸ ਦੌਰਾਨ ਰਾਸ਼ਟਰਪਤੀ ਗ਼ਨੀ ਦੀ ਸ੍ਰੀ ਹਰਿਮੰਦਰ ਸਾਹਿਬ ਫੇਰੀ ਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਪਰਿਕਰਮਾ ਵਿੱਚ ਤਸਵੀਰਾਂ ਖਿੱਚਣ ਦੇ ਮੌਕੇ ਤਕ ਹੀ ਸੀਮਿਤ ਕਰ ਕੇ ਰੱਖ ਦਿੱਤਾ ਗਿਆ। ਸ੍ਰੀ ਗ਼ਨੀ ਨੇ ਉਸ ਵੇਲੇ ਅਤੇ ਅਗਲੀ ਸਵੇਰ ਕਾਨਫ਼ਰੰਸ ਨੂੰ ਆਪਣੇ ਸੰਬੋਧਨ ਦੌਰਾਨ ਦਰਬਾਰ ਸਾਹਿਬ ਨਾਲ ਜੁੜੀਆਂ ਘਟਨਾਵਾਂ ਉੱਤੇ ਕੋਈ ਅਫ਼ਸੋਸ ਵੀ ਨਾ ਪ੍ਰਗਟਾਇਆ ਅਤੇ ਇੰਜ ਇੱਕ ਇਤਿਹਾਸਕ ਮੌਕਾ ਖੁੰਝਾ ਦਿੱਤਾ ਗਿਆ ਕਿਉਂਕਿ ਇਸ ਨੂੰ ਤਾਲਿਬਾਨ ਵਿਰੁੱਧ ਚੱਲ ਰਹੀ ਅਫ਼ਗਾਨਿਸਤਾਨ ਦੀ ਮੌਜੂਦਾ ਜੰਗ ਨਾਲ ਜਾਂ ਕੱਟੜਪੰਥੀ ਇਸਲਾਮ ਨਾਲ ਇਸਲਾਮੀ ਜਗਤ ਦੇ ਸਮੁੱਚੇ ਸੰਘਰਸ਼ ਨਾਲ ਜੋੜਿਆ ਜਾ ਸਕਦਾ ਸੀ। ਆਖ਼ਿਰ, ਤਾਲਿਬਾਨ ਵੱਲੋਂ ਬਾਮਿਆਨ ਸਥਿਤ ਮਹਾਤਮਾ ਬੁੱਧ ਦੇ ਬੁੱਤਾਂ ਨੂੰ ਤਬਾਹ ਕਰਨਾ ਜਾਂ ਇਸਲਾਮਿਕ ਸਟੇਟ (ਆਈ.ਐੱਸ.ਆਈ.ਐੱਸ.) ਵੱਲੋਂ ਸੀਰੀਆ ਵਿਚ ਪ੍ਰਾਚੀਨ ਗਿਰਜਾਘਰਾਂ ਜਾਂ ਪੁਰਾਣੇ ਸਮਾਰਕਾਂ ਨੂੰ ਢਾਹਿਆ ਜਾਣਾ ਉਹੋ ਜਿਹੇ ਕੱਟੜਪੁਣੇ ਦੀ ਮਿਸਾਲ ਹੀ ਹੈ ਜਿਹੜਾ ਪਿਛਲੀਆਂ ਸਦੀਆਂ ਦੌਰਾਨ ਮੁਸਲਿਮ ਧਾੜਵੀਆਂ ਨੇ ਭਾਰਤੀ ਧਾਰਮਿਕ ਸਥਾਨਾਂ ਪ੍ਰਤੀ ਵਿਖਾਇਆ ਸੀ ਜਾਂ ਜਿਵੇਂ ਕੈਥੋਲਿਕ ਹਾਕਮਾਂ ਨੇ ਆਪਣੇ ਕਾਰਜਕਾਲ ਦੌਰਾਨ ਪੁਰਤਗਾਲ ਦੇ ਕਬਜ਼ੇ ਹੇਠਲੇ ਗੋਆ ਵਿੱਚ ਕੀਤਾ ਸੀ। ਇਹ ਤਾਂ ਜਰਮਨ ਚਾਂਸਲਰ ਵਿਲੀ ਬਰਾਂਟ ਦਾ ਹੀ ਜੇਰਾ ਸੀ ਜਿਸ ਨੇ 7 ਦਸੰਬਰ 1970 ਨੂੰ 'ਵਾਰਸਾ ਘੈਟੋ ਅਪਰਾਈਜ਼ਿੰਗ' ਸਮਾਰਕ ਸਾਹਮਣੇ ਝੁਕ ਕੇ ਇਸ ਮੁੱਦੇ ਉੱਤੇ ਬਹਿਸ ਛੇੜੀ ਸੀ ਕਿ ਜਰਮਨਾਂ ਨੂੰ ਨਾਜ਼ੀਆਂ ਦੇ ਗੁਨਾਹਾਂ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

ਦੂਜਾ, 'ਅੰਮ੍ਰਿਤਸਰ ਐਲਾਨਨਾਮੇ' ਦੇ ਪ੍ਰਸੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ 1994 ਦੇ ਐਲਾਨਨਾਮੇ ਨੂੰ ਵੀ ਅੱਖੋਂ ਪਰੋਖੇ ਕੀਤਾ ਜਿਸ ਵਿੱਚ ਸਿੱਖਾਂ ਲਈ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ ਗਈ ਸੀ। ਦਿਲਚਸਪ ਤੱਥ ਇਹ ਹੈ ਕਿ 1994 ਦੇ ਐਲਾਨਨਾਮੇ ਵਿੱਚ ਭਾਰਤ ਵਿੱਚ ਇੱਕ ਖੁੱਲ੍ਹੇ-ਡੁੱਲ੍ਹੇ ਸੰਘ ਦੀ ਸਥਾਪਨਾ ਦੀ ਮੰਗ ਕੀਤੀ ਗਈ ਸੀ ਜਦੋਂਕਿ ਮੌਜੂਦਾ ਐਲਾਨਨਾਮਾ ਮੱਧ ਏਸ਼ੀਆ ਤੋਂ ਦੱਖਣੀ ਏਸ਼ੀਆ ਤਕ ਦੇ ਸਮੁੱਚੇ ਖੇਤਰ ਦੀ ਇਕਜੁੱਟਤਾ ਦੀ ਮੰਗ ਕਰਦਾ ਹੈ। ਇਸ ਨੇ ਦੋ ਅਹਿਮ ਤੱਤਾਂ ਨੂੰ ਨਜ਼ਰਅੰਦਾਜ਼ ਕੀਤਾ। ਇੱਕ ਤਾਂ ਸਮੁੱਚੇ ਸੰਸਾਰ ਵਿੱਚ ਇਸ ਵੇਲੇ ਰੁਝਾਨ ਸੰਸਾਰੀਕਰਨ ਦੇ ਉਲਟ ਭਾਵ ਕੌਮੀ ਸੁਰੱਖਿਆਵਾਦ ਦਾ ਚੱਲ ਰਿਹਾ ਹੈ; ਖ਼ਾਸਕਰ ਪੱਛਮ ਭਾਵ ਯੂਰੋਪ ਤੇ ਅਮਰੀਕਾ ਵਿੱਚ, ਜਿੱਥੇ ਖੇਤਰੀ ਅਖੰਡਤਾ ਦੇ ਫ਼ਾਇਦਿਆਂ ਉੱਤੇ ਸੁਆਲ ਖੜ੍ਹੇ ਕੀਤੇ ਜਾ ਰਹੇ ਹਨ। ਦੂਜਾ ਮੁੱਖ ਵਿਸ਼ਾ ਹੈ ਕਿ ਸਾਡੇ ਵਾਲੇ ਖੇਤਰ ਦੇ ਦੇਸ਼ਾਂ ਵਿਚਾਲੇ ਬੇਭਰੋਸਗੀ, ਖ਼ਾਸ ਕਰ ਕੇ ਭਾਰਤ ਅਤੇ ਪਾਕਿਸਤਾਨ ਵਿਚਾਲੇ, ਜਿਸ ਤੋਂ ਬਿਨਾਂ ਇਹ ਸਾਰਾ ਖੇਤਰ ਨਾ ਤਾਂ ਆਪਸ ਵਿੱਚ ਜੁੜ ਸਕਦਾ ਹੈ ਅਤੇ ਨਾ ਹੀ ਵਪਾਰ ਵਿਕਸਤ ਹੋ ਸਕਦਾ ਹੈ।

ਹਾਰਟ ਆਫ ਏਸ਼ੀਆ ਕਾਨਫ਼ਰੰਸ ਦਾ ਸੰਕਲਪ ਪਹਿਲੀ ਵਾਰ 2011 ਵਿਚ ਰੱਖਿਆ ਗਿਆ ਸੀ ਅਤੇ ਇਸ ਦਾ ਉਦੇਸ਼ ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ਾਂ ਵਿੱਚ ਵਿਚਾਰ-ਵਟਾਂਦਰੇ ਦਾ ਤਾਣਾ-ਬਾਣਾ ਸਿਰਜਣਾ ਸੀ ਅਤੇ ਇਨ੍ਹਾਂ ਹੀ ਦੇਸ਼ਾਂ ਨੇ ਐਲਾਨ ਵੀ ਕਰਨੀ ਸੀ ਤਾਂ ਜੋ 'ਸਮੁੱਚੇ ਖੇਤਰ ਵਿੱਚ ਆਪਸੀ ਭਰੋਸਾ ਅਤੇ ਵਿਸ਼ਵਾਸ ਵਧ ਸਕੇ।' ਇਹ ਯਕੀਨੀ ਬਣਾਇਆ ਜਾਣਾ ਸੀ ਕਿ ਅਫ਼ਗਾਨਿਸਤਾਨ ਕਿਤੇ ਮੁੜ 1990 ਤੋਂ ਬਾਅਦ ਦੀ ਦੋ ਗੁਆਂਢੀ ਤਾਕਤਾਂ ਦੀ ਖਾਨਾਜੰਗੀ ਵਾਲੇ ਮਾਹੌਲ ਵਿੱਚ ਫਸ ਕੇ ਬਲੀ ਦਾ ਬੱਕਰਾ ਬਣ ਕੇ ਨਾ ਰਹਿ ਜਾਵੇ। ਅਜਿਹਾ ਨਤੀਜਾ ਕੱਢਣਾ ਆਮ ਸਮਝ ਵਾਲੀ ਗੱਲ ਹੈ ਕਿ ਅਫ਼ਗਾਨਿਸਤਾਨ ਨੂੰ ਆਰਥਿਕ ਤੌਰ 'ਤੇ ਸਵੈ-ਨਿਰਭਰ ਬਣਾਉਣ ਅਤੇ ਇਸ ਨੂੰ ਨਸ਼ਿਆਂ ਤੇ ਦਹਿਸ਼ਤਗਰਦੀ ਦੇ ਚੱਕਰ ਤੋਂ ਪਰ੍ਹਾਂ ਰੱਖਣ ਲਈ ਇਸ ਨੂੰ ਮਾਲੀ ਇਮਦਾਦ ਦੇਣ ਅਤੇ ਇਸ ਨੂੰ ਖੇਤਰੀ ਵਪਾਰ ਤੇ ਨਿਵੇਸ਼ ਦੇ ਰਾਹਾਂ ਨਾਲ ਜੋੜਨ ਦੀ ਲੋੜ ਹੈ।

ਅੰਮ੍ਰਿਤਸਰ ਐਲਾਨਨਾਮਾ ਇਸ ਗੱਲ ਨੂੰ ਮੰਨਦਾ ਹੈ ਅਤੇ ਇਸ ਦਾ ਹੱਲ ਦੋ ਭਾਗਾਂ ਵਿੱਚ ਲੱਭਦਾ ਹੈ। ਇੱਕ ਦਾ ਸਬੰਧ ਤਾਂ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਨਾਲ ਹੈ ਅਤੇ ਦੂਜਾ ਖ਼ੁਸ਼ਹਾਲੀ ਕਿਵੇਂ ਹਾਸਲ ਕਰਨੀ ਹੈ, ਇਸ ਦਾ ਜਵਾਬ ਖੋਜਦਾ ਹੈ। ਪਹਿਲਾ ਭਾਗ ਤਾਂ ਦਹਿਸ਼ਤਗਰਦੀ, ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਤੇ ਕੱਟੜਪੰਥੀ ਇਸਲਾਮ ਦੇ ਆਪਸੀ ਮੇਲ-ਮਿਲਾਪ ਨੂੰ ਉਜਾਗਰ ਕਰਦਾ ਹੈ ਅਤੇ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਸਬੰਧਤ ਧਿਰਾਂ ਵੱਲੋਂ ਰਾਸ਼ਟਰੀ ਸਾਧਨਾਂ ਤੇ ਕੌਮਾਂਤਰੀ ਪ੍ਰਤੀਬੱਧਤਾਵਾਂ ਦੀ ਵਰਤੋਂ ਉੱਤੇ ਜ਼ੋਰ ਦਿੰਦਾ ਹੈ। ਦੂਜਾ ਭਾਗ, ਸਮੁੱਚੇ ਖੇਤਰ ਨੂੰ ਆਪਸ ਵਿੱਚ ਜੋੜਨ ਅਤੇ ਮੁਕਤ ਵਪਾਰ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਅਤੇ ਇਹ ਮੌਜੂਦਾ ਤੇ ਯੋਜਨਾਬੱਧ ਸੜਕਾਂ, ਰੇਲ-ਮਾਰਗਾਂ ਤੇ ਬੰਦਰਗਾਹਾਂ ਨੂੰ ਆਪਸ ਵਿੱਚ ਜੋੜਨ ਅਤੇ ਉਨ੍ਹਾਂ ਦੇ ਵਿਕਾਸ ਉੱਤੇ ਆਧਾਰਤ ਹੈ। ਉਦਾਹਰਣ ਵਜੋਂ, ਚਾਬਹਾਰ ਦੇ ਵਿਕਾਸ ਲਈ ਅਫ਼ਗਾਨਿਸਤਾਨ ਅਤੇ ਇਰਾਨ ਨਾਲ ਭਾਰਤ ਦਾ ਤ੍ਰੈਪੱਖੀ ਸਮਝੌਤਾ ਅਤੇ ਚੀਨ ਦੀ 'ਇੱਕ ਪੱਟੀ, ਇੱਕ ਸੜਕ' ਪਹਿਲਕਦਮੀ ਇਸ ਵੇਲੇ ਦੋ ਵੱਖਰੇ ਉੱਦਮਾਂ ਦਾ ਇੱਕ ਚੱਕਰਵਿਊਹ ਹੈ ਜੋ ਚੀਨ ਅਤੇ ਰੂਸ ਨੂੰ ਮੱਧ ਏਸ਼ੀਆ ਅਤੇ ਦੱਖਣੀ ਏਸ਼ੀਆ ਨਾਲ ਜੋੜਦਾ ਹੈ।

ਇੱਕ ਨਵੇਂ ਏਸ਼ੀਆ ਲਈ ਇਸ ਦ੍ਰਿਸ਼ਟੀ ਦੇ ਦਿਲ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸਬੰਧ ਆ ਫਸਦੇ ਹਨ; ਜਿਹੜੇ ਇਸ ਵੇਲੇ ਬੇਭਰੋਸਗੀ ਅਤੇ ਸ਼ਰੀਕੇਬਾਜ਼ੀ ਦੀਆਂ ਜਿੱਲ੍ਹਣਾਂ ਵਿੱਚ ਫਸੇ ਹੋਏ ਹਨ। ਅੰਮ੍ਰਿਤਸਰ ਵਿਚ ਭਾਰਤ ਨੇ ਪਾਕਿਸਤਾਨ ਨੂੰ, ਰਾਸ਼ਟਪਤੀ ਗ਼ਨੀ ਦੇ ਇਨ੍ਹਾਂ ਕਥਨਾਂ ਨਾਲ ਕਿ ਪਾਕਿਸਤਾਨੀ ਮਦਦ ਤੋਂ ਬਿਨਾਂ ਤਾਲਿਬਾਨ ਕਦੇ ਆਪਣੀ ਹੋਂਦ ਕਾਇਮ ਹੀ ਨਹੀਂ ਰੱਖ ਸਕਦੇ ਅਤੇ ਆਪਣੇ ਇਸ ਸ਼ਿਕਵੇ ਕਿ ਪਾਕਿਸਤਾਨ ਨੂੰ ਹਰ ਹਾਲਤ ਵਿੱਚ ਦਹਿਸ਼ਤਗਰਦੀ ਦੀ ਬਰਾਮਦ ਰੋਕਣੀ ਹੋਵੇਗੀ, ਰਾਹੀਂ ਚੋਖੀ ਕਸੂਤੀ ਸਥਿਤੀ ਵਿੱਚ ਫਸਾਇਆ। ਭਾਵੇਂ ਭਾਰਤੀ ਵਿਦੇਸ਼ ਦਫ਼ਤਰ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਸਲਾਹਕਾਰ ਸਰਤਾਜ ਅਜ਼ੀਜ਼ ਨਾਲ ਕਿਸੇ ਤਰ੍ਹਾਂ ਦੀ ਮੀਟਿੰਗ ਤੋਂ ਇਨਕਾਰ ਕੀਤਾ ਹੈ, ਪਰ ਇਹ ਗੱਲ ਮੰਨਣ ਵਾਲੀ ਨਹੀਂ ਹੈ ਕਿ ਉੱਥੇ ਸੁਨੇਹਿਆਂ ਦਾ ਆਦਾਨ-ਪ੍ਰਦਾਨ ਨਹੀਂ ਹੋਇਆ ਹੋਵੇਗਾ। ਜੇ ਅਜਿਹਾ ਆਦਾਨ-ਪ੍ਰਦਾਨ ਨਹੀਂ ਹੋਇਆ, ਤਦ ਵੀ ਇਹ ਇੱਕ ਮੌਕਾ ਗੁਆਉਣ ਵਾਲੀ ਗੱਲ ਹੈ ਕਿਉਂਕਿ ਬਿਨਾਂ ਦਰ ਖੁੱਲ੍ਹੇ ਰੱਖਿਆਂ ਪਾਕਿਸਤਾਨ ਪ੍ਰਤੀ ਤਾਕਤ ਵਿਖਾਉਣ ਵਾਲੀ ਨੀਤੀ ਕੰਮ ਨਹੀਂ ਕਰ ਸਕਦੀ।

ਅੰਮ੍ਰਿਤਸਰ ਐਲਾਨਨਾਮੇ ਵਿੱਚ ਇਹ ਸੰਕੇਤ ਦਿੱਤਾ ਗਿਆ ਹੈ ਕਿ ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ਾਂ ਵਿੱਚ ਹੁਣ ਇਹੋ ਆਮ-ਸਹਿਮਤੀ ਬਣਦੀ ਜਾ ਰਹੀ ਹੈ ਕਿ ਜੇ ਇਸ ਖੇਤਰ ਵਿੱਚ ਸਥਿਰਤਾ ਕਾਇਮ ਰੱਖਣੀ ਹੈ ਤਾਂ ਅਫ਼ਗਾਨਿਸਤਾਨ ਵਿੱਚ ਸਥਿਰਤਾ ਜ਼ਰੂਰੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਉਦੋਂ ਤਕ ਨਹੀਂ ਕੀਤੀ ਜਾ ਸਕਦੀ, ਜਦੋਂ ਤਕ ਸ਼ਰੀਕੇਬਾਜ਼ੀਆਂ ਚੱਲਦੀਆਂ ਰਹਿਣਗੀਆਂ ਅਤੇ ਇੱਕ-ਦੂਜੇ ਦੇ ਨੁਕਸਾਨ ਤੇ ਆਪਣੇ ਫ਼ਾਇਦੇ ਦੀ ਖੇਡ ਬੰਦ ਨਹੀਂ ਹੋ ਜਾਂਦੀ। ਪਾਕਿਸਤਾਨ ਨੂੰ,

ਬਾਕੀ ਸਫ਼ਾ 33 'ਤੇ

# ਰਾਣਾ ਵਰਗੀ ਦਲੇਰ ਕੁੜੀ ਹੀ ਲੈ ਸਕਦੀ ਹੈ ਹਕੂਮਤ ਨਾਲ ਟੱਕਰ

**ਚੰਡੀਗੜ੍ਹ ਦੇ ਪ੍ਰਾਚੀਨ ਕਲਾ ਕੇਂਦਰ ਵਿਚ ਰਾਣਾ ਅਯੂਬ ਦੀ ਕਿਤਾਬ 'ਗੁਜਰਾਤ ਫਾਈਲਜ਼' ਦਾ ਬੂਟਾ ਸਿੰਘ ਵਲੋਂ ਪੰਜਾਬੀ ਅਨੁਵਾਦ 'ਗੁਜਰਾਤ ਫਾਈਲਾਂ' ਬੀਤੇ ਦਿਨੀਂ ਜਾਰੀ ਕੀਤਾ ਗਿਆ। ਇਹ ਕਿਤਾਬ ਗੁਜਰਾਤ ਵਿਚ ਮੁਸਲਮਾਨਾਂ ਖ਼ਿਲਾਫ਼ 2002 ਵਿਚ ਹੋਈ ਹਿੰਸਾ 'ਤੇ ਆਧਾਰਤ ਰਾਣਾ ਦੀ ਖੋਜੀ ਪੱਤਰਕਾਰੀ ਹੈ। ਇਸ ਮੌਕੇ ਕਾਲਜ ਅਧਿਆਪਕਾ ਪ੍ਰੋਫੈਸਰ (ਮਿਸ) ਮੋਨਿਕਾ ਕੁਮਾਰ, ਜੋ ਅੱਜ ਕਲ੍ਹ ਰੀਜਨਲ ਇੰਸਟੀਚਿਊਟ ਆਫ਼ ਇਗਲਿੰਸ ਚੰਡੀਗੜ੍ਹ ਵਿੱਚ ਲੱਗੇ ਹੋਏ ਹਨ, ਨੇ ਇਸ ਕਿਤਾਬ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਜੋ ਇਸ ਤਰ੍ਹਾਂ ਹਨ।**

**ਮੋਨਿਕਾ ਕੁਮਾਰ**
(ਫੋਨ ਨੰਬਰ 9417532822)

ਰਾਣਾ ਅਯੂਬ ਦੀ 'ਗੁਜਰਾਤ ਫਾਈਲਾਂ' ਪੜ੍ਹਦਿਆਂ ਮੈਂ ਵੱਖਰੇ ਵੱਖਰੇ ਪੜਾਵਾਂ ਵਿਚੋਂ ਗੁਜ਼ਰੀ ਹਾਂ। ਵੱਖਰੀ ਤਰ੍ਹਾਂ ਦਾ ਅਨੁਭਵ ਮੈਂ ਮਹਿਸੂਸ ਕੀਤਾ ਹੈ। ਸਭ ਤੋਂ ਪਹਿਲਾਂ ਤਾਂ ਮੈਂ ਇਹੀ ਕਹਿਣਾ ਚਾਹਾਂਗੀ ਕਿ ਰਾਣਾ ਅਯੂਬ ਬਹੁਤ ਬਹੁਤ ਦਲੇਰ ਕੁੜੀ ਐ। ਸ਼ਾਇਦ ਇਹ ਟਿੱਪਣੀ ਕਹਿਣ ਵਿਚ ਛੋਟੀ ਲਗਦੀ ਹੋਵੇ ਪਰ ਇਹਦੇ ਅਰਥ ਬਹੁਤ ਵੱਡੇ ਹਨ। ਇਸ ਕਿਤਾਬ ਵਿਚ ਜਿਸ ਦਲੇਰੀ ਦਾ ਜ਼ਿਕਰ ਹੈ, ਉਹ ਕਿਸੇ ਅੱਧੇ ਪਾਗ਼ਲ ਦਾ ਕੰਮ ਨਹੀਂ ਹੋ ਸਕਦਾ, ਮਤਲਬ ਇਹ ਨੀਮ ਪਾਗ਼ਲ ਦਾ ਕੰਮ ਨਹੀਂ ਹੈ... 'ਪੂਰੇ ਪਾਗਲ' ਦਾ ਹੈ..... ਜਿਹਦਾ ਡੀ.ਐਨ.ਏ. ਪਾਗ਼ਲਪਣ ਨਾਲ ਭਰਿਆ ਹੋਇਆ ਹੈ...ਜ਼ਾਹਰਾ ਤੌਰ 'ਤੇ ਇਹ ਉਸ ਦੀ ਕਿਤਾਬ ਹੈ। ਇਹ ਰਾਣਾ ਦੀ ਕਿਤਾਬ ਹੈ।

ਇਸ ਕਿਤਾਬ ਰਾਹੀਂ ਰਾਣਾ ਦਾ ਜੀਵਨ ਵੀ ਉਭਰ ਕੇ ਸਾਹਮਣੇ ਆਇਆ ਹੈ। ਜਿਵੇਂ ਕਿ ਹਤਾਸ਼ਾ...। ਹਤਾਸ਼ਾ ਕਿਸ ਦੇ ਜੀਵਨ ਵਿਚ ਨਹੀਂ ਆਉਂਦੀ ਪਰ ਅਸੀਂ ਇਸ ਹਤਾਸ਼ਾ ਨੂੰ ਸਿਰਜਣਾਤਮਕ ਪੱਖ ਤੋਂ ਕਿਵੇਂ ਉਭਰ ਸਕਦੇ ਹਾਂ, ਇਹ ਰਾਣਾ ਤੋਂ ਜ਼ਰੂਰ ਸਿੱਖਿਆ ਜਾ ਸਕਦਾ ਹੈ। ਇਸ ਕਿਤਾਬ ਦੀ ਜਿਹੜੀ ਪਿੱਠਭੂਮੀ ਹੈ, ਉਹ ਤੁਹਾਨੂੰ ਇਸ ਗੱਲ ਲਈ ਪ੍ਰੇਰਦੀ ਹੈ ਕਿ ਤੁਸੀਂ ਆਪਣੀ ਹਤਾਸ਼ਾ ਜਾਂ ਨਿਰਾਸ਼ਾ ਵਿਚੋਂ ਕਿਸ ਤਰ੍ਹਾਂ ਨਿਕਲਣਾ ਹੈ। ਰਾਣਾ ਨੇ ਆਪਣੀ ਹਤਾਸ਼ਾ ਵਿਚੋਂ ਆਪਣੀ ਭਵਿੱਖ ਦੀ ਯਾਤਰਾ ਮਿੱਥੀ ਤੇ ਉਹ ਵੀ ਦਲੇਰਾਨਾ ਢੰਗ ਨਾਲ। ਅਤੇ ਰਾਣਾ ਦੀ ਹਤਾਸ਼ਾ ਕੋਈ ਨਿੱਜੀ ਸਮੱਸਿਆ ਨਹੀਂ, ਬਲਕਿ ਉਸ ਦੇ ਆਲੇ-ਦੁਆਲੇ ਹੋ-ਵਾਪਰ ਰਹੇ ਵਰਤਾਰੇ ਕਾਰਨ ਹੈ ਤੇ ਰਾਣਾ ਵਰਗੀ ਜੁਝਾਰੂ ਪੱਤਰਕਾਰ ਲਈ ਉਸ ਅਸੁਖਾਵੇਂ ਮਾਹੌਲ ਨੂੰ ਸਹਿਜੇ ਲੈਣਾ ਬਹੁਤ ਮੁਸ਼ਕਲ ਹੈ। ਉਹ ਪ੍ਰੇਸ਼ਾਨ ਹੁੰਦੀ ਹੈ ਕਿ ਉਸ ਦੇ ਦੋਸਤ ਸ਼ਾਹਿਦ ਆਜ਼ਮੀ ਦਾ ਕਤਲ ਸਿਰਫ਼ ਇਸ ਲਈ ਹੋ ਜਾਂਦਾ ਹੈ, ਕਿਉਂਕਿ ਉਸ ਨੇ ਮੁੰਬਈ ਬੰਬ ਧਮਾਕਿਆਂ ਦੇ ਝੂਠੇ ਮਾਮਲਿਆਂ ਵਿਚੋਂ ਕਈਆਂ ਨੂੰ ਬਚਾਇਆ ਸੀ। ਉਹ ਮਾਨਸਿਕ ਪੀੜਾ ਵਿਚੋਂ ਲੰਘ ਰਹੀ ਹੈ ਤੇ ਇਸੇ ਪੀੜਾ ਤੋਂ ਛੁਟਕਾਰਾ ਪਾਉਣ ਲਈ ਉਹ ਨਾਗਪੁਰ ਜਾਂਦੀ ਹੈ। ਉਥੇ ਉਹ ਉਨ੍ਹਾਂ ਆਦੀਵਾਸੀਆਂ ਦੀ ਮਦਦ ਲਈ ਜਾਂਦੀ ਹੈ, ਜਿਨ੍ਹਾਂ ਨੂੰ ਗ਼ਲਤ ਢੰਗ ਨਾਲ ਫਸਾਇਆ ਜਾ ਰਿਹਾ ਹੈ। ਉਨ੍ਹਾਂ ਕੋਲੋਂ ਚੰਦਰ ਸ਼ੇਖਰ ਦਾ ਸਾਹਿਤ ਬਰਾਮਦ ਹੋਣ ਵਰਗੇ ਇਲਜ਼ਾਮ ਲਾ ਕੇ ਉਨ੍ਹਾਂ ਨੂੰ ਕੈਦ ਕੀਤਾ ਜਾ ਰਿਹਾ ਹੈ। ਪਰ ਉਥੇ ਜਾ ਕੇ ਵੀ ਰਾਣਾ ਹੋਰ ਬੇਚੈਨ ਹੋ ਜਾਂਦੀ ਹੈ। ਉਸ ਦਾ ਮਾਨਸਿਕ ਤਣਾਅ ਵਧਦਾ ਜਾਂਦਾ ਹੈ। ਉਂਜ ਤਾਂ ਉਹ ਡਾਕਟਰਾਂ ਕੋਲੋਂ ਇਲਾਜ ਕਰਵਾ ਕਰਵਾ ਕੇ ਹੰਭ ਚੁੱਕੀ ਹੈ ਪਰ ਚੰਗੀ ਤਕਦੀਰ ਨੂੰ ਉਸ ਦਾ ਵਾਹ ਡਾ. ਚਿਟਨਿਸ ਨਾਲ ਪੈਂਦਾ ਹੈ-ਜੋ ਉਸ ਨੂੰ ਕਹਿੰਦਾ ਹੈ ਕਿ ਤੈਨੂੰ ਕੁਝ ਨਹੀਂ ਹੋਇਆ, ਅਸਲ ਵਿਚ ਤੂੰ ਆਲਸੀ ਹੋ ਗਈ ਹੈਂ। ਲਗਦਾ ਹੈ ਡਾ. ਚਿਟਨਿਸ ਦੇ ਬੋਲ ਸਾਨੂੰ ਸਾਰਿਆਂ ਨੂੰ ਆਪਣੇ ਅੱਗੇ ਦੂਹਰਾ ਲੈਣੇ ਚਾਹੀਦੇ ਹਨ ਜਦੋਂ ਅਸੀਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੇ ਹੋਏ, ਆਪਣੀਆਂ ਮਾਨਸਿਕ ਬਿਮਾਰੀਆਂ ਨੂੰ ਸਰੀਰਕ ਬਿਮਾਰੀਆਂ ਬਣਾ ਧਰਦੇ ਹਾਂ। ਰਾਣਾ ਦੇ ਮਾਮਲੇ ਵਿਚ ਇਹ ਖ਼ਾਸੀਅਤ ਹੈ ਕਿ ਉਹ ਦੂਜਿਆਂ ਨੂੰ ਸੁਣਦੀ ਹੈ। ਉਹ ਖ਼ੁਦ ਨੂੰ ਛੋਟਾ ਪੇਸ਼ ਕਰਕੇ ਬਾਹਰੀ ਚੀਜ਼ਾਂ ਨੂੰ, ਲੋਕਾਂ ਨੂੰ ਮਹਿਸੂਸ ਕਰਦੀ ਹੈ।

ਦੂਜਾ, ਰਾਣਾ ਦੀ ਮਾਂ ਨੂੰ ਵੀ ਦਾਦ ਦੇਣੀ ਬਣਦੀ ਹੈ, ਜਿਸ ਨੇ ਆਪਣੀ ਧੀ ਨੂੰ ਉਸ ਹਤਾਸ਼ਾ ਵਿਚੋਂ ਬਾਹਰ ਕੱਢਣ ਲਈ ਅਖ਼ਬਾਰ ਚੁੱਕ ਕੇ ਉਹਦੇ ਕਿੱਤੇ ਦਾ ਸਹਾਰਾ ਲੈਂਦੀ ਹੈ। ਉਹ ਸਹਿਰਾਬੁਦੀਨ ਦਾ ਜ਼ਿਕਰ ਕਰਦੀ ਹੈ। ਸਹਿਰਾਬੁਦੀਦਨ ਦਾ ਨਾਂ ਸੁਣਦਿਆਂ ਹੀ ਉਹਦੇ ਦਿਮਾਗ਼ ਦਾ ਕੀੜਾ ਹਰਕਤ ਵਿਚ ਆਉਂਦਾ ਹੈ ਕਿ ਹਾਂ ਇਹ ਉਹੀ ਸਹਿਰਾਬੁਦੀਨ ਹੈ, ਜਿਸ ਦੇ ਹਵਾਲੇ ਨਾਲ ਮੈਂ (ਰਾਣਾ) ਨਰਿੰਦਰ ਮੋਦੀ ਨਾਲ ਪਹਿਲੀ ਵਾਰ ਗੱਲ ਕੀਤੀ ਸੀ। ਸ਼ਾਇਦ ਇਸ ਬਿੰਦੂ ਤੋਂ ਹੀ ਰਾਣਾ ਦਾ ਇਹ ਕਿਤਾਬ ਲਿਖਣ ਦਾ ਸਫ਼ਰ ਸ਼ੁਰੂ ਹੁੰਦਾ ਹੈ। ਰਾਣਾ ਚੇਤੇ ਕਰਦੀ ਹੈ ਕਿ ਕਿਵੇਂ ਸਹਿਰਾਬੁਦੀਨ ਨੂੰ ਗੁਜਰਾਤ ਵਿਚ ਝੂਠੇ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ, ਬਲਕਿ ਉਸ ਦੀ ਦੋਸਤ ਕੌਸਰ ਬੀ ਨੂੰ ਵੀ ਦੂਜੇ-ਤੀਜੇ ਦਿਨ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਰਾਣਾ ਨੇ ਇਸੇ ਹਤਾਸ਼ਾ ਨੂੰ ਆਪਣੀ ਸਿਰਜਣਾ ਰਾਹੀਂ ਜਿਸ ਤਰ੍ਹਾਂ ਕਿਤਾਬ ਦਾ ਰੂਪ ਦਿੱਤਾ, ਇਹ ਤਾਂ ਪੜ੍ਹਨਯੋਗ ਹੈ ਹੀ, ਇਸ ਦੇ ਨਾਲ ਨਾਲ ਉਨ੍ਹਾਂ ਸਚਾਈਆਂ ਨਾਲ ਵੀ ਰੂਬਰੂ ਹੋਣਾ ਲਾਜ਼ਮੀ ਹੈ ਕਿ ਕਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੀ ਤਾਨਾਸ਼ਾਹੀ ਹਕੂਮਤ ਨੇ ਬੇਦੋਸ਼ਿਆਂ ਦਾ ਕਤਲ ਕਰਵਾਇਆ, ਝੂਠੇ ਪੁਲੀਸ ਮੁਕਾਬਲੇ ਕਰਵਾਏ। ਭਾਜਪਾ ਹਕੂਮਤ ਨੇ ਅਫ਼ਸਰਸ਼ਾਹੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਨਾਲ ਰਲ਼ਾ ਕੇ, ਭਾਵੇਂ ਉਹ ਡਰਾ-ਧਮਕਾ ਕੇ ਜਾਂ ਉੱਚ ਅਹੁਦਿਆਂ ਦਾ ਲਾਲਚ ਦੇ ਕੇ ਆਮ ਲੋਕਾਂ 'ਤੇ ਜ਼ੁਲਮ ਕਰਵਾਇਆ।

ਇਸ ਕਿਤਾਬ 'ਤੇ ਇਹ ਇਲਜ਼ਾਮ ਲਾਉਣਾ ਕਿ ਸਟਿੰਗ ਪੱਤਰਕਾਰੀ 'ਤੇ ਕਿੰਨਾ ਕੁ ਭਰੋਸਾ ਕੀਤਾ ਜਾ ਸਕਦਾ ਹੈ। ਮੈਂ ਸਮਝਦੀ ਹਾਂ ਕਿ ਇਹ ਕੋਈ ਨਵੀਂ ਗੱਲ ਨਹੀਂ। ਇਹ ਤਾਂ ਪੁਰਾਣੀ ਤੁਰੀ ਆ ਰਹੀ ਰਵਾਇਤ ਹੈ। ਜਿਵੇਂ ਰਾਜੇ ਵੀ ਆਪਣੀ ਪਰਜਾ ਵਿਚ ਭੇਸ ਬਦਲ ਕੇ ਜਾਂਦੇ ਸਨ ਤਾਂ ਜੋ ਆਪਣੀ ਪਰਜਾ ਦਾ ਹਾਲ ਜਾਣ ਸਕਣ। ਸਾਡੀ ਵੱਡੀ ਸਮੱਸਿਆ ਇਹ ਹੈ ਕਿ ਸਮਾਂ ਬਦਲ ਜਾਂਦਾ ਹੈ ਪਰ ਅਸੀਂ ਖ਼ੁਦ ਨੂੰ ਨਹੀਂ ਬਦਲਦੇ। ਸਾਨੂੰ ਲਗਦਾ ਹੈ ਕਿ ਜੇਕਰ ਅਕਬਰ ਇਵੇਂ ਕਰਦਾ ਸੀ ਤਾਂ ਠੀਕ ਹੈ ਪਰ ਜੇ ਕੋਈ ਪੱਤਰਕਾਰ ਇਸ ਤਰ੍ਹਾਂ ਕਰਦਾ ਹੈ ਤਾਂ ਬੜੀ ਅਨੈਤਿਕ ਗੱਲ ਹੈ। ਇਹ ਵੀ ਸ਼ਾਇਦ ਸਾਡੀ ਸਮਾਜਿਕ ਵਿਗਿਆਨ ਦੀ ਸਮੱਸਿਆ ਹੈ, ਜੇ ਸਾਡੀ ਕਿਸੇ ਸ਼ਬਦ ਬਾਰੇ, ਕਿਸੇ ਵਿਚਾਰ ਬਾਰੇ ਸਮਝ ਬਣ ਜਾਂਦੀ ਹੈ ਤਾਂ




ਅਸੀਂ ਉਸ ਨੂੰ ਸਮੇਂ ਮੁਤਾਬਕ ਪ੍ਰਗਤੀਵਾਦੀ ਸੋਚ ਨਾਲ ਅੱਗੇ ਨਹੀਂ ਵਧਦੇ। ਹੁਣ ਇਹ ਗੱਲ ਆਮ ਬੰਦੇ ਲਈ ਹਜ਼ਮ ਕਰਨੀ ਸੌਖੀ ਨਹੀਂ ਕਿ ਇਕ ਲੜਕੀ ਆਪਣੀ ਅਸਲੀ ਪਛਾਣ ਲੁਕਾ ਕੇ ਖ਼ਤਰੇ ਮੁੱਲ ਲੈਂਦੀ ਹੈ। ਰਾਣਾ ਸਾਹਮਣੇ ਉਸ ਦੀ ਮੁਸਲਿਮ ਪਛਾਣ ਵੀ ਕੋਈ ਮਾਇਨੇ ਨਹੀਂ ਰੱਖਦੀ ਪਰ ਅਚਾਨਕ ਇਹ ਗੱਲ ਬਹੁਤ ਜ਼ਿਆਦਾ ਅਸਰ ਵੀ ਕਰਦੀ ਹੈ ਕਿਉਂਕਿ ਇੱਥੇ ਭਾਰਤ ਵਰਗੇ ਮੁਲਕ ਵਿਚ ਤੁਹਾਡੀ ਜ਼ਾਤ ਬਹੁਤ ਮਾਇਨੇ ਰੱਖਦੀ ਹੈ। ਜੇਕਰ ਕਿਸੇ ਨੇ ਤੁਹਾਡੇ ਬਾਰੇ ਰਾਏ ਬਣਾਉਣੀ ਹੋਵੇ ਤਾਂ ਤੁਹਾਡਾ ਸਰ-ਨੇਮ ਹੀ ਕਾਫ਼ੀ ਹੈ। ਰਾਣਾ ਨੇ ਆਪਣੀ ਪਛਾਣ ਗੁਪਤ ਰੱਖਣ ਲਈ 'ਲੱਜਾ' ਫ਼ਿਲਮ ਦੀ ਅਭਿਨੇਤਰੀ ਮਨੀਸ਼ਾ ਕੋਇਰਾਲਾ ਵਲੋਂ ਰੱਖਿਆ ਮੈਥਿਲੀ ਨਾਂ ਧਾਰਨ ਕੀਤਾ, ਉਸ ਨੂੰ ਲਗਦਾ ਹੈ ਕਿ ਇਹ ਨਾਂ ਉਸ ਦੇ ਕੰਮ ਨਾਲ ਨਿਆਂ ਕਰਦਾ ਹੈ। ਤੁਹਾਡਾ ਸਰ-ਨੇਮ ਨਾਂ ਬ੍ਰਾਹਮਣ ਹੋਣਾ ਚਾਹੀਦਾ ਹੈ, ਨਾ ਦਲਿਤ ਹੋਣਾ ਚਾਹੀਦਾ ਹੈ, ਵਿਚ-ਵਿਚਾਲਾ ਹੋਣਾ ਚਾਹੀਦਾ ਹੈ। ਰਾਣਾ ਨੇ ਜਿਸ ਤਰ੍ਹਾਂ ਆਪਣੇ ਵਾਲਾਂ ਨੂੰ ਘੁੰਘਰਾਲੇ ਕੀਤਾ, ਅੱਖਾਂ 'ਤੇ ਲੈਨਜ਼ ਲਾਏ, ਮੈਂ ਸਮਝਦੀ ਹਾਂ ਉਸ ਵਿਚ ਅਸਲ ਪੱਤਰਕਾਰ ਹੋਣ ਦੇ ਸਹੀ ਗੁਣ ਹਨ। ਪੂਰੇ 8 ਮਹੀਨੇ ਦੇ ਪਰਵਾਸ ਦੌਰਾਨ ਰਾਣਾ ਨੂੰ ਕਿਸੇ ਹਾਦਸੇ ਦਾ ਸਾਹਮਣਾ ਨਹੀਂ ਕਰਨਾ ਪਿਆ, ਹਾਲਾਂਕਿ ਵਿਚ ਵਿਚ ਸਨਸਨੀ ਲਗਦੀ ਹੈ ਕਿ ਸ਼ਾਇਦ ਹੁਣ ਕੁਝ ਵਾਪਰੇਗਾ, ਹੁਣ ਰਾਣਾ ਦੀ ਜਾਨ ਨੂੰ ਖ਼ਤਰਾ ਹੈ। ਰਾਣਾ ਜਦੋਂ ਕਾਲਰ ਮਾਈਕ ਲਗਾ ਕੇ, ਘੜੀ ਵਿਚ ਕੈਮਰਾ ਲੁਕਾ ਕੇ ਇਕ ਆਈ.ਪੀ.ਐਸ. ਅਫ਼ਸਰ ਅੱਗੇ ਬੈਠੀ ਹੈ ਤਾਂ ਕਿਸੇ ਵੇਲੇ ਵੀ ਕੁਝ ਹੋ ਸਕਦਾ ਹੈ ਪਰ ਜਦੋਂ ਤੁਸੀਂ ਕਿਤਾਬ ਪੜ੍ਹਦੇ ਹੋ ਤਾਂ ਤੁਹਾਨੂੰ ਖ਼ੁਦ ਵੀ ਲਗਦਾ ਹੈ ਕਿ ਨਹੀਂ ਨਹੀਂ, ਰਾਣਾ ਨੂੰ ਕੁਝ ਨਹੀਂ ਹੋਣਾ ਚਾਹੀਦਾ, ਹਾਲਾਂਕਿ ਤੁਹਾਨੂੰ ਇਸ ਦਾ ਅੰਤ ਵੀ ਪਤਾ ਹੈ ਪਰ ਕਿਸੇ ਫ਼ਿਲਮ ਵਾਂਗ ਇਹ ਥਰਿਲ ਬਣਿਆ ਰਹਿੰਦਾ ਹੈ। ਰਾਣਾ ਇਹ ਸਭ ਤਾਂ ਹੀ ਕਰ ਸਕੀ ਹੈ ਕਿਉਂਕਿ ਉਸ ਨੂੰ ਆਪਣੀ ਖ਼ੁਦ ਦੀ ਪਛਾਣ ਨਾਲੋਂ ਸੱਚ ਬਾਹਰ ਲਿਆਉਣਾ ਜ਼ਿਆਦਾ ਜ਼ਰੂਰੀ ਲੱਗਿਆ ਤੇ ਉਸ ਨੇ ਆਪਣੀ ਜਾਨ ਖ਼ਤਰੇ ਵਿਚ ਪਾਈ। ਜਦੋਂ ਰਾਣਾ ਉਨ੍ਹਾਂ ਅਫ਼ਸਰਾਂ ਬਾਰੇ ਸੂਹ ਕੱਢਣ ਜਾਂਦੀ ਹੈ ਕਿ ਉਸ ਵੇਲੇ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਅਮਿਤ ਸ਼ਾਹ ਦੇ ਇਸ਼ਾਰਿਆਂ 'ਤੇ ਕੌਣ ਕੌਣ ਦੰਗੇ ਭੜਕਾ ਰਹੇ ਸਨ ਤਾਂ ਉਨ੍ਹਾਂ ਪੁਲੀਸ ਅਫ਼ਸਰਾਂ ਨੇ ਸਿਰਫ਼ ਰਸਮੀ ਭਾਸ਼ਾ ਵਿਚ ਉਹ ਵਿਖਿਆਨ ਨਹੀਂ ਕੀਤਾ ਸਗੋਂ ਉਨ੍ਹਾਂ ਦੀ ਅੰਦਰੂਨੀ ਖਿਚੋਤਾਣ ਵੀ ਸਾਹਮਣੇ ਆਉਂਦੀ ਹੈ। ਤੁਹਾਨੂੰ ਵੀ ਉਦੋਂ ਬੜਾ ਮਾਰਮਿਕ ਲਗਦਾ ਹੈ ਕਿ ਕਿਵੇਂ ਉਹ ਪੁਲੀਸ ਅਫ਼ਸਰ ਦੋਹਰੀ ਮਾਰ ਹੰਢਾ ਰਹੇ ਹਨ। ਇਕ ਤਾਂ ਉਹ ਆਪਣਾ ਕੰਮ ਕਰਨ ਵਿਚ ਬਿਲਕੁਲ ਵੀ ਸੁਤੰਤਰ ਨਹੀਂ ਹਨ, ਦੂਜਾ ਉਨ੍ਹਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਜਬਰੀ ਇਸ ਕਰਕੇ ਲਾਇਆ ਜਾਂਦਾ ਹੈ ਕਿਉਂਕਿ ਉਹ ਛੋਟੀ ਜ਼ਾਤੀ ਦੇ ਪੁਲੀਸ ਅਫ਼ਸਰ ਹਨ। ਪੁਲੀਸ ਅੰਦਰਲੀ ਇਹ ਜ਼ਾਤ-ਪਾਤ ਵਾਲੀ ਸਥਿਤੀ ਨੂੰ ਤੁਸੀਂ ਇਸ ਕਿਤਾਬ ਰਾਹੀਂ ਬਿਹਤਰ ਸਮਝ ਸਕਦੇ ਹੋ। ਤੁਹਾਨੂੰ ਲਗਦਾ ਹੈ ਕਿ ਏ.ਟੀ.ਐਸ. ਬੜਾ ਮਜ਼ਬੂਤ ਹੈ ਪਰ ਪ੍ਰਿਯਦਰਸ਼ੀ ਵਰਗੇ ਲੋਕ ਜਿਹੜੇ ਵੱਡੇ ਵੱਡੇ ਖ਼ੁਲਾਸੇ ਕਰ ਸਕਦੇ ਹਨ, ਉਨ੍ਹਾਂ ਨੂੰ ਅੱਜ ਵੀ ਗੁਜਰਾਤ ਵਿਚ ਛੋਟੀਆਂ ਜ਼ਾਤਾਂ ਲਈ ਬਣੀਆਂ ਕਾਲੋਨੀਆਂ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਜਕੜਬੰਦੀ ਵਿਚ ਪੁਲੀਸ ਦੀ ਸਿਰਫ਼ ਆਪਸੀ ਰਸਮੀ ਅਰਾਜਕਤਾ ਨਹੀਂ ਹੈ ਕਿ ਕੋਈ ਡੀ.ਜੀ. ਹੈ, ਕੋਈ ਆਈ.ਜੀ. ਹੈ, ਇਸ ਤੋਂ ਇਲਾਵਾ ਹੋਰ ਜਿਹੜੇ ਕਾਰਨ ਹਨ, ਉਹ ਵੀ ਇਸ ਕਿਤਾਬ ਰਾਹੀਂ ਬਾਖ਼ੂਬੀ ਸਾਹਮਣੇ ਆਉਂਦੇ ਹਨ। ਤੁਹਾਨੂੰ ਕਦੇ ਕਦੇ ਲਗਦਾ ਹੈ ਕਿ ਤੁਸੀਂ ਬਹੁਤ ਵੱਡੇ ਨੈਤਿਕ ਸੰਕਟ ਵਿਚ ਆ ਜਾਂਦੇ ਹੋ। ਤੁਹਾਨੂੰ ਇਹ ਵੀ ਲੱਗਣ ਲੱਗ ਜਾਂਦਾ ਹੈ ਕਿ ਇਹ ਪੁਲੀਸ ਅਫ਼ਸਰ ਉਸ ਵੇਲੇ ਤਾਂ ਇਸ ਕਰਕੇ ਮਜਬੂਰ ਸੀ ਜਾਂ ਉਸ ਨੇ ਉਸ ਵੇਲੇ ਗ੍ਰਿਫ਼ਤਾਰੀਆਂ ਨਹੀਂ ਕੀਤੀਆਂ ਪਰ ਜਦੋਂ ਤੁਸੀਂ ਇਸ ਕਿਤਾਬ ਰਾਹੀਂ ਉਨ੍ਹਾਂ ਅਫ਼ਸਰਾਂ ਨਾਲ ਮੁਲਾਕਾਤਾਂ ਦੇ ਦੌਰ ਵਿਚੋਂ ਲੰਘਦੇ ਹੋ ਤਾਂ ਮਹਿਸੂਸ ਕਰਦੇ ਹੋ ਕਿ ਉਹ ਕਿੰਨੇ ਬੇਵੱਸ ਹਨ, ਉਨ੍ਹਾਂ ਦੀਆਂ ਆਪਣੀਆਂ ਕਿੰਨੀਆਂ ਮਜਬੂਰੀਆਂ ਹਨ।



**ਗੁਜਰਾਤ ਫਾਈਲਜ਼ ਦੀ ਲੇਖਿਕਾ ਰਾਣਾ ਅਯੂਬ ਅਪਣੇ ਕਿਤਾਬ ਦੇ ਪੰਜਾਬੀ ਅਨੁਵਾਦ ਵਾਲੇ ਦਿਨ ਚੰਡੀਗੜ੍ਹ ਵਿੱਚ ਪ੍ਰੋ. ਮੋਨਿਕਾ ਕੁਮਾਰ ਨਾਲ ਯਾਦਗਾਰੀ ਪਲਾਂ ਦੌਰਾਨ। ਫੋਟੋ: ਕੌਮਾਂਤਰੀ ਅੰਮ੍ਰਿਤਸਰ ਟਾਈਮਜ਼**

### ਮੈਂ ਕਿਤਾਬ ਵਿਚੋਂ ਇਕ ਹਵਾਲਾ ਦਿੰਦੀ ਹਾਂ-

"ਇਸ ਮੰਤਰੀ ਅਮਿਤ ਸ਼ਾਹ ਨੂੰ ਮਨੁੱਖੀ ਅਧਿਕਾਰਾਂ ਵਿਚ ਕੋਈ ਵਿਸ਼ਵਾਸ ਨਹੀਂ। ਉਹ ਸਾਨੂੰ ਕਹਿੰਦਾ ਹੁੰਦਾ ਸੀ ਕਿ ਉਸ ਨੂੰ ਮਨੁੱਖੀ ਅਧਿਕਾਰਾਂ ਵਿਚ ਕੋਈ ਭਰੋਸਾ ਨਹੀਂ ਹੈ। ਦੇਖੋ, ਅਦਾਲਤ ਨੇ ਉਸ ਨੂੰ ਹੁਣ ਜ਼ਮਾਨਤ ਵੀ ਦੇ ਦਿੱਤੀ ਹੈ।"

ਮਤਲਬ, ਸੀ.ਬੀ.ਆਈ. ਅਫ਼ਸਰਾਂ ਤੇ ਅਮਿਤ ਸ਼ਾਹ ਦੀਆਂ ਉਹ ਟੇਪ ਰਿਕਾਰਡਿੰਗ ਅਦਾਲਤ ਵਿਚ ਜਮ੍ਹਾ ਕਰਨ ਤੋਂ ਬਾਅਦ ਵੀ ਐਹੋ ਜਿਹੇ ਵਿਅਕਤੀ ਨੂੰ ਜ਼ਮਾਨਤ ਮਿਲ ਸਕਦੀ ਹੈ, ਐਸੇ ਵਿਅਕਤੀ ਨੂੰ ਪੂਰਾ ਨਿਆਂਇਕ ਢਾਂਚਾ, ਪੂਰਾ ਸਿਆਸੀ ਢਾਂਚਾ ਹਮਾਇਤ ਕਰਦਾ ਹੈ। ਸੋ, ਜਿਵੇਂ ਜਿਵੇਂ ਤੁਸੀਂ ਅੱਗੇ ਵਧਦੇ ਹੋ ਤੁਹਾਨੂੰ ਲਗਦਾ ਹੈ ਕਿ ਅਸਲ ਵਿਚ ਇਹ ਨਿਰੀ ਸਿਆਸੀ ਖੇਡ ਨਹੀਂ ਹੈ, ਇਹ ਪੂਰੀ ਤਰ੍ਹਾਂ ਦਹਿਸ਼ਤੀ ਮਾਨਸਿਕਤਾ। ਇਸ ਮਾਹੌਲ ਵਿਚ ਪੁਲੀਸ ਕਦੇ ਵੀ ਖੁਦਮੁਖਤਿਆਰੀ ਨਾਲ ਕਾਰਵਾਈ ਨਹੀਂ ਕਰ ਸਕੀ। ਇਸ ਸਟਿੰਗ ਦੌਰਾਨ ਬਹੁਤ ਲੋਕਾਂ ਨੇ ਇਹ ਕਬੂਲਿਆ ਹੈ ਕਿ ਜੇਕਰ ਅਸੀਂ ਕਰਦੇ ਆਂ ਤਾਂ ਫਸਦੇ ਆਂ ਜੇ ਨਹੀਂ ਝੁਕਦੇ ਤਾਂ ਵੀ ਫਸਦੇ ਹਾਂ। ਉਸ ਗੁਜਰਾਤ ਸਰਕਾਰ ਦੀ ਇਹ ਸ਼ਖ਼ਸੀਅਤ ਹੈ ਕਿ ਉਸ ਨੇ ਜਿਹੜੇ ਵੀ ਪੁਲੀਸ ਅਫ਼ਸਰ ਨੂੰ ਵਰਤਿਆ, ਜਦੋਂ ਉਨ੍ਹਾਂ ਖ਼ਿਲਾਫ਼ ਪਰਚੇ ਦਰਜ ਹੋਏ ਤਾਂ ਉਨ੍ਹਾਂ ਦਾ ਵੀ ਪੱਖ ਨਹੀਂ ਪੂਰਿਆ ਗਿਆ। ਇਹਦੀ ਵੱਡੀ ਉਦਾਹਰਣ ਮਾਇਆ ਕੋਡਨਾਨੀ ਦੀ ਹੈ। ਮਾਇਆ ਕੋਡਨਾਨੀ ਪਹਿਲਾਂ ਮੋਦੀ ਸਰਕਾਰ ਦੀ ਭਗਤ ਹੈ ਪਰ ਜਦੋਂ ਉਸ 'ਤੇ ਵੀ ਭੀੜ ਨੂੰ ਭੜਕਾਉਣ ਦਾ ਇਲਜ਼ਾਮ ਲਗਦਾ ਹੈ ਤਾਂ ਮੋਦੀ ਸਰਕਾਰ ਉਸ ਤੋਂ ਵੀ ਕਿਨਾਰਾ ਕਰ ਲੈਂਦੀ ਹੈ। ਇਸ ਕਿਤਾਬ ਨੂੰ ਤੁਸੀਂ ਦੋ ਹਿੱਸਿਆਂ ਵਿਚ ਵੰਡ ਸਕਦੇ ਹੋ। ਪਹਿਲੇ ਹਿੱਸੇ ਵਿਚ ਉਨ੍ਹਾਂ ਪੁਲੀਸ ਅਫ਼ਸਰਾਂ ਦੀ ਸਥਿਤੀ ਹੋਰ ਹੈ ਤੇ ਦੂਜੇ ਹਿੱਸੇ ਵਿਚ 2002 ਤੋਂ ਲੈ ਕੇ 2016 ਤਕ ਦੇ ਸਮੇਂ ਦੌਰਾਨ ਪੁਲੀਸ ਅਫ਼ਸਰਾਂ ਦੀ ਸਥਿਤੀ ਹੋਰ ਹੈ। ਇਕ ਪੁਲੀਸ ਅਫ਼ਸਰ ਨੇ ਤਾਂ ਚਿੱਠੀ ਤਕ ਲਿਖੀ ਹੈ ਕਿ ਸਾਨੂੰ ਅਮਿਤ ਸ਼ਾਹ ਵਰਗੇ ਬੰਦਿਆਂ ਨੇ ਬੇਵਕੂਫ਼ ਬਣਾਇਆ। ਪਹਿਲਾਂ ਸਾਡੇ ਤੋਂ ਕੰਮ ਲਿਆ ਗਿਆ ਤੇ ਜਦੋਂ ਸਾਡੇ ਖ਼ਿਲਾਫ਼ ਚਾਰਜਸ਼ੀਟ ਹੋਈ ਤਾਂ ਸਾਡੇ ਤੋਂ ਪੂਰੀ ਤਰ੍ਹਾਂ ਖਹਿੜਾ ਛੁਡਾਇਆ ਗਿਆ। ਫੇਰ ਭਾਜਪਾ ਦੀ ਸਾਜ਼ਿਸ਼ੀ ਚੁੱਪ। ਕਹਿਣ ਦਾ ਭਾਵ ਇਹ ਸਿਰਫ਼ ਸਿਆਸੀ ਖੇਡ ਨਹੀਂ, ਬਹੁਤ ਜ਼ਿਆਦਾ ਲਾਲਚ, ਬਹੁਤ ਜ਼ਿਆਦਾ ਸ਼ਾਤਰ ਦਿਮਾਗ਼ ਦੀ ਸਿਆਸਤ ਹੈ। ਜਿੰਨਾ ਨੈਤਿਕ ਨਿਘਾਰ ਇਸ ਗੁਜਰਾਤ ਸਰਕਾਰ ਵਿਚ ਦੇਖਣ ਨੂੰ ਮਿਲਿਆ, ਓਨਾ ਸ਼ਾਇਦ ਕਿਤੇ ਨਹੀਂ ਸਾਹਮਣੇ ਆਇਆ।

ਇਕ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਅਸੀਂ ਇਨ੍ਹਾਂ ਹੋ-ਬੀਤੀਆਂ ਗੱਲਾਂ ਨੂੰ ਦੁਬਾਰਾ ਕਿਉਂ ਪੜ੍ਹੀਏ ? ਮੈਂ ਸਮਝਦੀ ਹਾਂ ਕਿ ਸੱਚ ਦੀ ਜਟਿਲਤਾ ਨੂੰ ਸਮਝਣ ਵਾਸਤੇ ਇਸ ਨੂੰ ਪੜ੍ਹਨ ਦੀ ਬਹੁਤ ਲੋੜ ਹੈ। ਇਕ ਗੱਲ ਹੋਰ ਮੈਂ ਕਰਨੀ ਚਾਹਾਂਗੀ ਕਿ ਅੱਜ ਤਕ ਜਿਨ੍ਹਾਂ ਨੇ ਰਾਣਾ ਦੀ ਕਿਤਾਬ 'ਤੇ ਗੱਲ ਕੀਤੀ ਹੈ ਜਾਂ ਅੱਗੋਂ ਕਰਨਗੇ, ਉਹ ਇਸ 'ਤੇ ਬਹੁਤ ਤੱਤੇ-ਤੱਤੇ ਭੜਕਦੇ-ਧੜਕਦੇ ਗੱਲ ਕਰਨਗੇ ਪਰ ਮੈਂ ਸਮਝਦੀ ਹਾਂ ਕਿ ਇਹ ਰਾਣਾ ਦੀ ਆਪਣੀ ਯਾਤਰਾ ਹੈ ਕਿਉਂਕਿ ਤੁਸੀਂ ਸਟਿੰਗ ਕਰਦੇ ਵਕਤ ਬਿਲਕੁਲ ਇਕੱਲਾ ਮਹਿਸੂਸ ਕਰਦੇ ਹੋ। ਜਿਹੜੇ ਤਹਿਲਕਾ ਦੇ ਪ੍ਰਬੰਧਕ ਹਨ, ਉਨ੍ਹਾਂ ਨੇ ਰਾਣਾ ਨੂੰ ਬਿਲਕੁਲ ਸਾਫ਼ ਕਰ ਦਿੱਤਾ ਸੀ ਕਿ ਜੋ ਵੀ ਕਰਨਾ ਹੈ, ਆਪਣੇ ਰਿਸਕ 'ਤੇ ਕਰਨਾ ਹੈ, ਤਹਿਲਕਾ ਵਲੋਂ ਕਿਸੇ ਤਰ੍ਹਾਂ ਦੀ ਸੁਰੱਖਿਆ ਦੀ ਉਮੀਦ ਨਾ ਕੀਤੀ ਜਾਵੇ।

ਇਸ ਕਿਤਾਬ ਵਿਚ ਨਾਵਲ ਦੇ ਵੀ ਪੂਰੇ ਗੁਣ ਹਨ। ਇਹ ਸੱਚ ਤਾਂ ਸਾਹਮਣੇ ਲਿਆਂਦੀ ਹੀ ਹੈ, ਨਾਲ ਦੀ ਨਾਲ ਤੁਹਾਨੂੰ ਅਵਸਾਦ ਨਾਲ ਲੜਨ ਦਾ ਵਲ਼ ਵੀ ਸਿਖਾਉਂਦੀ ਹੈ। ਹਰ ਵਕਤ ਚਾਰੇ ਪਾਸੇ ਸਿਮਟੇ ਡਰ ਨਾਲ 8 ਮਹੀਨੇ ਆਪਣੇ ਆਪ ਨੂੰ ਜ਼ਿੰਦਾ ਰੱਖਣਾ ਕੋਈ ਛੋਟੀ ਗੱਲ ਨਹੀਂ। ਇਸ ਕਿਤਾਬ ਨੂੰ ਮੈਂ ਸਾਹਿਤਕ ਪੱਖ ਤੋਂ ਵੀ ਵਾਚਿਆ ਹੈ ਕਿ ਕਿਵੇਂ ਰਾਣਾ ਨੇ ਆਪਣੀ ਮਨੋਸਥਿਤੀ ਬਿਆਨ ਕੀਤੀ ਹੈ। ਕਈ ਅਜਿਹੇ ਮੌਕੇ ਆਉਂਦੇ ਹਨ, ਜਿੱਥੇ ਉਹ ਡਰਦੀ ਹੈ, ਉਹ ਰੋਣਾ ਚਾਹੁੰਦੀ ਹੈ, ਉਸ ਦੀ ਮਾਨਸਿਕ ਸਥਿਤੀ ਵੀ ਤੁਹਾਨੂੰ ਬਹੁਤ ਕੁਝ ਸੋਚਣ ਲਈ ਬੇਚੈਨ ਕਰਦੀ ਹੈ। ਇਸ ਕਿਤਾਬ ਦਾ ਇਹ ਸਾਹਿਤਕ ਪੱਖ ਉਨ੍ਹਾਂ ਦੰਗਿਆਂ ਦੇ ਸੱਚ ਨੂੰ ਛੋਟਾ ਨਹੀਂ ਕਰਦਾ ਪਰ ਤੁਹਾਡੀ ਕਲਪਨਾ ਸ਼ਕਤੀ ਜ਼ਰੂਰ ਬਹੁਤ ਕੁਝ ਸੋਚਦੀ ਹੈ।

### 'ਗੁਜਰਾਤ ਫਾਈਲਜ਼' ਦੇ ਹਵਾਲੇ ਨਾਲ...

# ਤੇਜ਼ ਝੱਖੜ ਵਿਚ ਬਲਦਾ ਹੋਇਆ ਚਿਰਾ.ਗ ਹੈ ਰਾਣਾ ਅਯੂਬ

**ਕਮਲ ਦੁਸਾਂਝ**
ਮੋਬਾਈਲ : 98887-99871

'ਗੁਜਰਾਤ ਫਾਈਲਜ਼' ਦੀ ਅਸਲ ਨਾਇਕਾ ਖ਼ੁਦ ਰਾਣਾ ਅਯੂਬ ਹੈ ਤੇ ਉਹ ਦੁਨੀਆਵੀ ਜ਼ਿੰਦਗੀ ਵਿਚ ਵੀ ਅਸਲ ਨਾਇਕਾ ਹੈ। ਉਹ ਖ਼ੌਫ਼ਨਾਕ ਰਾਹਾਂ 'ਤੇ ਬੇਖੌਫ਼ ਹੋ ਕੇ ਤੁਰਦੀ ਹੈ। ਇਨ੍ਹਾਂ



ਰਾਹਾਂ ਵਿਚ ਖੜ੍ਹੇ ਜਿਹੜੇ ਦਿਓਆਂ ਨਾਲ ਉਹ ਟੱਕਰ ਲੈਂਦੀ ਹੈ, ਉਹ ਚਿਹਰਿਆਂ ਤੋਂ ਬੜੇ ਮਾਸੂਮ ਹਨ। ਭਾਵ ਰਾਣਾ ਦੀ ਟੱਕਰ ਸਿੱਧੀ ਸੱਤਾ ਨਾਲ ਹੈ ਤੇ ਸੱਤਾ ਹਮੇਸ਼ਾ ਨਿਰਦਈ ਹੀ ਹੋਇਆ ਕਰਦੀ ਹੈ। ਸੱਤਾ ਦਾ ਧਰਮ ਨਾਲ ਕੋਈ ਲੈਣ-ਦੇਣ ਨਹੀਂ, ਪਰ ਧਰਮ ਦੀ ਓਟ ਵਿਚ ਇਸ ਦਾ ਕਰੂਪ ਚਿਹਰਾ ਲੁਕਿਆ ਹੁੰਦਾ ਹੈ। ਸੱਤਾ ਦਾ ਇਹ ਕਰੂਪ ਚਿਹਰਾ ਦੇਖ ਕੇ ਰਾਣਾ ਕੁਝ ਸਮੇਂ ਲਈ ਨਿਰਾਸ਼-ਹਤਾਸ਼ ਜ਼ਰੂਰ ਹੁੰਦੀ ਹੈ ਪਰ ਹੌਸਲਾ ਨਹੀਂ ਹਾਰਦੀ। ਆਪਣੇ ਇਮਾਨਦਾਰਾਨਾ ਅਕੀਦੇ, ਹੌਸਲੇ ਅਤੇ ਵਿਸਵਾਸ਼ ਕਰ ਕੇ ਹੀ ਉਹ ਸਿੱਧਾ ਹਕੂਮਤੀ ਜਬਾੜੇ ਵਿਚ ਹੱਥ ਪਾ ਦਿੰਦੀ ਹੈ। ਇਹ ਹੌਸਲਾ ਉਸ ਨੂੰ ਆਪਣੀ ਵਿਰਾਸਤ ਵਿਚੋਂ ਮਿਲਿਆ ਹੈ। ਉਸ ਦੀ ਜਨਨੀ ਜਾਣਦੀ ਹੈ ਕਿ ਉਸ ਨੇ ਦਲੇਰ ਧੀ ਨੂੰ ਜਨਮ ਦਿੱਤਾ ਹੈ ਤੇ ਉਹ ਖ਼ੁਦ ਉਸ ਨੂੰ ਹਾਕਮਾਂ ਵਿਰੁੱਧ ਡੱਟਣ ਲਈ ਤਿਆਰ ਕਰਦੀ ਹੈ। ਇਹੋ ਜਿਹੀ ਮਾਂ ਦੀ ਧੀ ਫੇਰ ਹਿੰਮਤ ਕਿਵੇਂ ਨਾ ਕਰਦੀ। ਆਮ ਬੰਦੇ ਦਾ ਦਰਦ ਜਾਣਨ ਲਈ ਖ਼ੁਦ ਬੇਪਛਾਣ ਹੋਣਾ ਤੇ ਖ਼ੌਫ਼ਨਾਕ ਮੰਜ਼ਿਲ ਵੱਲ ਬਿਨਾਂ ਰੁਕੇ ਦੌੜਦੇ ਜਾਣ ਦਾ ਜ਼ੇਰਾ ਰਾਣਾ ਹੀ ਕਰ ਸਕਦੀ ਸੀ ਕਿਉਂਕਿ ਉਹ ਅਸਲ ਜ਼ਿੰਦਗੀ ਦੀ ਨਾਇਕਾ ਹੈ।

ਰਾਣਾ ਦੀ ਦਲੇਰੀ ਪੜ੍ਹਦਿਆਂ ਨਾਲੋ-ਨਾਲ ਪਾਕਿਸਤਾਨ ਦੀ ਬਹਾਦਰ ਕੁੜੀ ਮਲਾਲਾ ਯੌਸਫ਼ਜ਼ਾਈ ਵੀ ਚੇਤਿਆਂ ਵਿਚ ਘੁੰਮ ਰਹੀ ਸੀ ਜੋ ਆਪਣੇ ਆਲੇ-ਦੁਆਲੇ ਦਹਿਸ਼ਤਵਾਦ ਦੇ ਤਾਂਡਵ ਨੂੰ ਆਪਣੀ ਨਿੱਜੀ ਡਾਇਰੀ ਰਾਹੀਂ ਬਿਆਨ ਕਰਦੀ ਹੈ। ਜਦੋਂ ਕੁੱਲ ਦੁਨੀਆ ਉਹਦੀਆਂ ਲਿਖਤਾਂ ਰਾਹੀਂ ਉਸ ਇਲਾਕੇ ਦੇ ਦਹਿਸ਼ਤਗਰਦਾਂ ਹੱਥੋਂ ਕੁਚਲੇ ਜਾ ਰਹੇ ਦਰਦਾਂ ਬਾਰੇ ਜਾਣਦੀ ਹੈ ਤਾਂ ਕੁੱਲ ਦੁਨੀਆ ਉਹਦੇ ਨਾਲ ਆ ਖੜ੍ਹਦੀ ਹੈ। ਮਲਾਲਾ ਵੀ ਇਸ ਹੌਸਲੇ ਨਾਲ ਦਹਿਸ਼ਤਗਰਦਾਂ ਨਾਲ ਟੱਕਰ ਲੈਣ ਦੇ ਸਮਰਥ ਹੁੰਦੀ ਹੈ। ਮਨੁੱਖੀ ਅਧਿਕਾਰਾਂ ਦੀ ਅਲੰਬਰਦਾਰ ਦੁਨੀਆ ਉਸ ਨੂੰ ਖ਼ੂਨੀ ਪੰਜਿਆਂ ਵਿਚੋਂ ਬੋਚ ਕੇ ਲੈ ਜਾਂਦੀ ਹੈ ਤੇ ਨੋਬੇਲ ਪੁਰਸਕਾਰ ਨਾਲ ਨਵਾਜਦੀ ਹੈ।

ਪਰ ਇਥੇ ਰਾਣਾ ਤੇ ਮਲਾਲਾ ਵਿਚ ਕੁੱਝ ਫ਼ਰਕ ਰਹਿ ਜਾਂਦਾ ਹੈ। ਰਾਣਾ ਕਿਉਂਕਿ ਸੱਤਾ ਨਾਲ ਟੱਕਰ ਲੈਂਦੀ ਹੈ ਤਾਂ ਉਹ ਇਕੱਲੀ ਹੈ। ਕੁੱਲ ਦੁਨੀਆ ਦੀਆਂ ਹਕੂਮਤਾਂ ਇਕ-ਦੂਜੇ ਨਾਲ ਰਲ਼ ਜਾਂਦੀਆਂ ਹਨ। ਗੁਜਰਾਤ ਦੰਗਿਆਂ ਕਾਰਨ ਜਿਸ ਨਰਿੰਦਰ ਮੋਦੀ ਲਈ ਅਮਰੀਕਾ ਵਰਗੇ ਮੁਲਕ ਦੇ ਰਾਹ ਬੰਦ ਹੋ ਜਾਂਦੇ ਹਨ, ਉਹੀ ਅਮਰੀਕਾ ਅੱਜ ਮੋਦੀ ਨੂੰ ਸੱਦ ਕੇ ਫ਼ਖ਼ਰ ਮਹਿਸੂਸ ਕਰਦਾ ਹੈ। ਇਹੀ ਨਹੀਂ, ਡਾ. ਮਨਮੋਹਨ ਸਿੰਘ ਨੂੰ ਮਹਾਨ ਵਿਅਕਤੀ ਤੋਂ ਸੁਸਤ ਪ੍ਰਧਾਨ ਮੰਤਰੀ ਗਰਦਾਣਨਾ ਕੋਈ ਸਹਿਜ ਗੱਲ ਨਹੀਂ ਸੀ। ਸੋਚੀ ਸਮਝੀ ਚਾਲ ਸੀ। ਇੱਥੇ ਅਜਿਹੀ ਅਦਿੱਖ ਸ਼ਕਤੀ ਕੰਮ ਕਰ ਰਹੀ ਹੁੰਦੀ ਹੈ ਜੋ ਹਕੂਮਤ ਦੇ ਹੱਥ ਤੈਅ ਕਰਦੀ ਹੈ। ਇਹੀ ਸ਼ਕਤੀ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਂਦੀ ਹੈ। ਇਹੀ ਸ਼ਕਤੀ ਬਹੁ-ਗਿਣਤੀ ਅਮਰੀਕੀਆਂ ਵਲੋਂ ਨਾ-ਪਸੰਦ ਡੋਨਲਡ ਟਰੰਪ ਨੂੰ ਸ਼ਕਤੀਸ਼ਾਲੀ ਮੁਲਕ ਦਾ ਰਾਸ਼ਟਰਪਤੀ ਬਣਾਉਂਦੀ ਹੈ। ਮੁਲਕਾਂ 'ਤੇ ਹਕੂਮਤ ਨਾ ਮੋਦੀ ਕਰਦੇ ਹਨ ਤੇ ਨਾ ਹੀ ਟਰੰਪ, ਅਸਲ ਹਕੂਮਤ ਇਸ ਅਦਿੱਖ ਸ਼ਕਤੀ ਦੀ ਹੈ ਤੇ ਇਹ ਸ਼ਕਤੀ ਕੋਈ ਹੋਰ ਨਹੀਂ ਬਲਕਿ ਹਥਿਆਰਾਂ ਦੀ ਸਭ ਤੋਂ ਵੱਡੀ ਮੰਡੀ ਹੈ। ਭਾਰਤ ਨੂੰ ਭਾਵੇਂ ਅੰਬਾਨੀ, ਅਡਾਨੀ ਵਰਗੇ ਉਦਯੋਗਪਤੀ ਆਪਣੇ ਮਨ-ਮੁਆਫ਼ਕ ਚਲਾ ਰਹੇ ਹਨ ਪਰ ਅਸਲ ਡੋਰ ਹਥਿਆਰ ਮੰਡੀ ਕੋਲ ਹੈ। ਇਸ ਦਾ ਮਕਸਦ ਹਰ ਬੰਦੇ ਦੇ ਹੱਥ ਵਿਚ ਹਥਿਆਰ ਦੇ ਕੇ ਸ਼ਾਂਤੀ ਦਾ ਅਡੰਬਰ ਰਚਣਾ ਹੈ।




ਗੁਜਰਾਤ ਵਿਚ ਜੋ ਕੁਝ ਵਾਪਰਦਾ ਹੈ, ਉਹ ਪਹਿਲੀ ਵਾਰ ਨਹੀਂ ਸੀ। ਦੁਨੀਆ ਦੇ ਹਰ ਕੋਨੇ ਵਿਚ ਰੋਜ਼ ਵਾਪਰ ਰਿਹਾ ਹੈ। ਸੀਰੀਆ, ਅਫ਼ਗਾਨਿਸਤਾਨ, ਪਾਕਿਸਤਾਨ, ਅਰਬ ਮੁਲਕਾਂ ਵਿਚ ਜੋ ਕੁਝ ਵਾਪਰ ਰਿਹਾ ਹੈ, ਗੁਜਰਾਤ ਉਸ ਦਾ ਛੋਟਾ ਜਿਹਾ ਹਿੱਸਾ ਹੈ। ਤੇ ਅਜਿਹਾ ਸਿਰਫ਼ ਹਿੰਦੂਵਾਦੀ ਭਾਜਪਾ ਦੀ ਹਕੂਮਤ ਦੌਰਾਨ ਹੀ ਨਹੀਂ ਵਾਪਰਦਾ, ਧਰਮ ਨਿਰਪੱਖ ਦਾ ਚੋਲਾ ਪਾਉਣ ਵਾਲੀ ਕਾਂਗਰਸ ਦੀ ਹਕੂਮਤ ਦੌਰਾਨ ਵੀ ਇਹੋ ਜਿਹੇ ਦੰਗੇ ਆਮ ਹੁੰਦੇ ਹਨ। ਬਹੁਤੀ ਦੂਰ ਨਾ ਜਾਂਦੇ ਹੋਏ, ਪੰਜਾਬ ਦੀ ਉਦਾਹਰਣ ਹੀ ਲਈ ਜਾ ਸਕਦੀ ਹੈ। ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਪੰਜਾਬ ਦੀ ਸੱਤਾ ਧਿਰ 1984 ਦੇ ਸਿੱਖ ਕਤਲੇਆਮ ਵੇਲੇ ਇਕ-ਸੁਰ ਹੀ ਸਨ। ਜੇ ਪੰਜਾਬ ਦੀ ਹਕੂਮਤੀ ਧਿਰ ਸੰਜੀਦਾ ਹੁੰਦੀ ਤਾਂ ਮਨੁੱਖਤਾ ਦਾ ਏਨੇ ਵੱਡੇ ਪੱਧਰ 'ਤੇ ਘਾਣ ਨਾ ਹੁੰਦਾ। ਇਨ੍ਹਾਂ ਹਕੂਮਤਾਂ ਦੀ ਸਿੱਤਮਜ਼ਰੀਫ਼ੀ ਇਸ ਹੱਦ ਤਕ ਹੈ ਕਿ ਆਮ ਬੰਦੇ ਨੂੰ 32ਵਰ੍ਹਿਆਂ ਬਾਅਦ ਵੀ ਨਿਆਂ ਨਹੀਂ ਮਿਲਿਆ। ਅੱਜ ਵੀ ਪੰਜਾਬੀਆਂ ਨੂੰ ਮੂਰਖ਼ ਬਣਾਉਣ ਵਾਲੀਆਂ ਧਿਰਾਂ ਦਾ ਸੱਚ ਸਾਹਮਣੇ ਲਿਆਉਣ ਲਈ ਰਾਣਾ ਵਰਗੇ ਨਾਇਕ-ਨਾਇਕਾਵਾਂ ਦੀ ਲੋੜ ਹੈ।

ਇਹ ਰਾਣਾ ਹੀ ਸੀ ਜਿਸ ਨੇ ਗੁਜਰਾਤ ਵਿਚ ਫ਼ਰਜ਼ੀ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਂਦਾ ਤੇ ਅਮਿਤ ਸ਼ਾਹ ਵਰਗੇ ਬੰਦਿਆਂ ਨੂੰ ਜੇਲ੍ਹ ਜਾਣਾ ਪਿਆ। ਅੱਠ ਮਹੀਨਿਆਂ ਦੇ ਵਕਫ਼ੇ ਦੌਰਾਨ ਰਾਣਾ ਜਦੋਂ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਵਿਚ ਵਿਚਰਦੀ ਹੈ ਤਾਂ ਸਾਡਾ ਟੁੱਟਿਆ-ਭੱਜਿਆ ਸਮਾਜਿਕ ਢਾਂਚਾ ਵੀ ਬਾਖ਼ੂਬੀ ਸਾਹਮਣੇ ਆਉਂਦਾ ਹੈ। ਕਿਤਾਬ ਦੀ ਨਾਇਕਾ ਨੂੰ ਵੀ ਅਜਿਹੇ ਨਾਂ ਦੇ ਸਹਾਰੇ ਦੀ ਲੋੜ ਪੈਂਦੀ ਹੈ, ਜੋ ਨਾ ਤਾਂ ਦਲਿਤ ਹੋਵੇ ਤਾਂ ਨਾ ਮੁਸਲਮਾਨ। ਦਲਿਤਾਂ-ਔਰਤਾਂ-ਘੱਟ ਗਿਣਤੀਆਂ ਨਾਲ ਜਿਸ ਤਰ੍ਹਾਂ ਅਣਮਨੁੱਖੀ ਵਿਹਾਰ ਹੋ ਰਿਹਾ ਹੈ, ਉਹ ਭਾਰਤ ਦੇ ਇਕ ਛੋਟੇ ਹਿੱਸੇ ਵਿਚ ਨਹੀਂ ਬਲਕਿ ਦੁਨੀਆ ਦੇ ਹਰ ਕੋਨੇ ਵਿਚ ਵਾਪਰ ਰਿਹਾ ਹੈ ਤੇ ਉਹ ਵੀ ਕੋਈ ਅੱਜ ਦਾ ਨਹੀਂ, ਸਦੀਆਂ ਦਾ ਵਰਤਾਰਾ ਹੈ। ਆਲਮੀ ਪਿੰਡ ਬਣਾਉਣ ਦੀ ਦੌੜ ਵਿਚ ਮਨੁੱਖਤਾ ਅੱਜ ਵੀ ਮਨਫ਼ੀ ਹੈ। ਜੇ ਗੁਜਰਾਤ ਤੇ ਅਮਰੀਕਾ ਵਿਚ ਮੁਸਲਮਾਨਾਂ, ਘੱਟ-ਗਿਣਤੀਆਂ, ਔਰਤਾਂ 'ਤੇ ਹਮਲੇ ਹੋ ਰਹੇ ਹਨ ਤਾਂ ਪਾਕਿਸਤਾਨ ਵਰਗੇ ਮੁਲਕਾਂ ਵਿਚ ਹਿੰਦੂ-ਸਿੱਖ ਨਿਸ਼ਾਨੇ 'ਤੇ ਹਨ। ਇਹ ਹੈ ਸਾਡੇ ਭੱਦਰ' ਸਮਾਜ ਦਾ ਅਭੱਦਰ ਚਿਹਰਾ। ਇਨ੍ਹਾਂ ਭੱਦਰ' ਚਿਹਰਿਆਂ ਨੇ ਅੱਜ ਕੱਲ੍ਹ ਰਾਸ਼ਟਰਵਾਦ ਦੀ ਓਟ ਲੈ ਲਈ ਹੈ। ਜੇ ਤੁਸੀਂ ਇਸ ਤਰ੍ਹਾਂ ਦੀਆਂ ਬੁਰਾਈਆਂ ਦਾ ਵਿਰੋਧ ਕਰਦੇ ਹੋ ਤਾਂ ਤੁਸੀਂ ਮੁਲਕ ਦੇ ਵੱਡੇ ਗ਼ਦਾਰ ਹੋ।

ਸੱਤਾ-ਤੰਤਰ ਕੰਮ ਕਿਵੇਂ ਕਰਦਾ ਹੈ, ਉਹ ਵੀ ਰਾਣਾ ਨੇ ਬਾਖ਼ੂਬੀ ਬਿਆਨ ਕੀਤਾ ਹੈ। ਜਦੋਂ ਉਹ ਪੁਲੀਸ ਅਫ਼ਸਰਾਂ ਨਾਲ ਮੁਲਾਕਾਤਾਂ ਕਰਦੀ ਹੈ ਤਾਂ ਉਨ੍ਹਾਂ ਦੀ ਬੇਵਸੀ, ਲਾਚਾਰੀ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਇਹ ਤਾਂ ਉਹ ਸੱਚ ਹੈ ਜੋ ਉਨ੍ਹਾਂ ਨੇ ਆਪਣੇ-ਆਪ ਨੂੰ ਬਚਾਉਂਦਿਆਂ ਪੇਸ਼ ਕੀਤਾ ਹੈ, ਜ਼ਾਹਰਾ ਤੌਰ 'ਤੇ ਇਸ ਦੀ ਭਿਆਨਕਤਾ ਹੋਰ ਵੀ ਜ਼ਿਆਦਾ ਹੈ। ਗੁਜਰਾਤ ਫਾਈਲਜ਼' ਸਿਰਫ਼ ਗੁਜਰਾਤ ਦਾ ਹੀ ਸੱਚ ਨਹੀਂ ਹੈ, ਇਸ ਦੇ ਬਹਾਨੇ ਪੂਰੀ ਦੁਨੀਆ ਦੇ ਵਰਤਾਰੇ ਨੂੰ ਸਮਝਿਆ ਜਾ ਸਕਦਾ ਹੈ। ਤੇ ਇਸ ਨਾਲ ਸਿੱਝਣ ਲਈ ਰਾਣਾ ਵਰਗੀ ਦਲੇਰੀ ਦੀ ਲੋੜ ਹੈ। ਅਖੌਤੀ ਬੁੱਧੀਜੀਵੀ ਲੇਖਕਾਂ ਵਲੋਂ ਬੇਤੁਕੀਆਂ ਨਿਘੋਚਾਂ ਕਰਕੇ ਕਿਤਾਬ ਨੂੰ ਭੰਡਿਆ ਤਾਂ ਜਾ ਸਕਦਾ ਹੈ ਪਰ ਇਸ ਅੰਦਰਲੇ ਸੱਚ ਨੂੰ ਨਹੀਂ ਮਾਰਿਆ ਜਾ ਸਕਦਾ ਤੇ ਇਸ ਸੱਚ 'ਤੇ ਪਹਿਰਾ ਦੇਣ ਵਾਲੇ ਰਾਣਾ ਵਰਗੇ ਸ਼ੁਦਾਈ ਹੀ ਹੋ ਸਕਦੇ ਹਨ। ਦਰਅਸਲ, ਗੁਜਰਾਤ ਫਾਈਲਜ਼' ਅਸਲ ਇਨਸਾਨ ਦੀ ਕਹਾਣੀ, ਅਸਲ ਨਾਇਕਾ ਦੀ ਕਹਾਣੀ ਤੇ ਅਸਲ ਦਲੇਰੀ ਦੀ ਕਹਾਣੀ ਹੈ, ਤੇ ਸੱਤਾਵਾਦੀਆਂ ਦਾ ਸੱਚ ਸਾਹਮਣੇ ਲਿਆਉਣ ਲਈ ਰਾਣਾ ਵਰਗੀ ਦਲੇਰੀ ਦੀ ਦਰਕਾਰ ਹੈ। ਗੱਲ ਕੀ ਤੇਜ਼ ਝੱਖੜ ਵਿਚ ਵੀ ਬਲਦਾ ਹੋਇਆ ਚਿਰਾਗ ਹੈ ਰਾਣਾ ਅਯੂਬ।

---

**ਚੇਤਿਆਂ ਵਿਚ ਮੰਡਰਾਉਂਦੀ ਇਕ ਯਾਦ ਜੋ ਮੇਰੀ ਜ਼ਿੰਦਗੀ ਦਾ ਅਟੁੱਟ ਅੰਗ ਬਣੀ ਹੋਈ ਹੈ, ਉਸ ਦਾ ਸਬੰਧ ਕੁਝ ਸਮਾਂ ਪਹਿਲਾਂ 2007 ਦੇ ਕਿਸੇ ਵਕਤ ਇਕ ਨਿਊਜ਼ ਚੈਨਲ ਲਈ ਤਿੰਨ ਸਾਲਾ ਬੱਚੀ ਦੇ ਜਬਰ-ਜਨਾਹ ਨੂੰ ਲੈ ਕੇ ਕੀਤੀ ਰਿਪੋਰਟਿੰਗ ਨਾਲ ਹੈ ਜੋ ਮਿਉਂਸਪਲ ਹਸਪਤਾਲ ਵਿਚ ਦਾਖ਼ਲ ਸੀ। ਲੱਗਦਾ ਸੀ ਕਿ ਟਰੈਫਿਕ ਲਾਈਟਾਂ ਉਪਰ ਜਾਅਲੀ ਕਿਤਾਬਾਂ ਵੇਚਦੇ ਉਸ ਦੇ ਮਾਪਿਆਂ ਉਪਰ ਦਵਾਈਆਂ ਦਾ ਅਸਰ ਸੀ, ਅਤੇ ਇੰਵ ਉਹ ਆਪਣੀ ਪੰਜ ਧੀਆਂ ਵਿਚੋਂ ਇਕ ਇਸ ਧੀ ਦੀ ਪੀੜਾ ਅਤੇ ਸੰਤਾਪ ਤੋਂ ਅਣਜਾਣ ਸਨ। ਉਸ ਦਾ ਚਿਹਰਾ ਅਤੇ ਦੇਹ ਬੁਰੀ ਤਰ੍ਹਾਂ ਵਲੂੰਧਰੇ ਹੋਏ ਸਨ, ਉਸ ਦੇ ਨਿੱਕੇ ਜਿਹੇ ਮਾਸੂਮ ਵਜੂਦ ਉਪਰ ਥਾਂ-ਥਾਂ ਦਰਿੰਦਗੀ ਝਲਕ ਰਹੀ ਸੀ। ਮੈਂ ਇਸ ਸਟੋਰੀ ਦੀ ਟੇਪ ਦਿੱਲੀ ਸਟੂਡੀਓ ਨੂੰ ਭੇਜ ਕੇ ਰਾਤ ਦੇ ਦੋ ਵਜੇ ਘਰ ਪਹੁੰਚੀ। ਮੈਨੂੰ ਚੇਤੇ ਹੈ ਕਿ ਇਹ ਪਤਾ ਲਾਉਣ ਲਈ ਮੈਂ ਅੱਧੀ ਰਾਤ ਨੂੰ ਤਫ਼ਤੀਸ਼ੀ ਅਫ਼ਸਰ ਨੂੰ ਮੈਸੇਜਾਂ ਦੀ ਹਨੇਰੀ ਲਿਆ ਦਿੱਤੀ ਸੀ ਕਿ ਇਸ ਕਾਂਡ ਨੂੰ ਅੰਜਾਮ ਦੇਣ ਵਾਲੇ ਫੜੇ ਗਏ ਸਨ ਜਾਂ ਨਹੀਂ ?**

**ਅਗਲੇ ਦਿਨ ਮੈਂ ਬੱਚੀ ਦੀ ਸਿਹਤ ਦਾ ਪਤਾ ਲੈਣ ਲਈ ਹਸਪਤਾਲ ਗਈ। ਉਸ ਨੂੰ ਕਈ ਤਰ੍ਹਾਂ ਦੀ ਇਨਫੈਕਸ਼ਨ ਹੋ ਚੁੱਕੀ ਸੀ, ਜ਼ਖ਼ਮਾਂ ਉਪਰ ਮੱਖੀਆਂ ਭਿਣਭਿਣਾ ਰਹੀਆਂ ਸਨ, ਜਦਕਿ ਉਸ ਦੀਆਂ ਨਿੱਕੀਆਂ ਨਿੱਕੀਆਂ ਕਲਾਈਆਂ ਸੂਈਆਂ ਨਾਲ ਪਰੁੰਨੀਆਂ ਹੋਈਆਂ ਸਨ। ਉਸ ਦੇ ਮਾਪੇ ਉਥੇ ਕਿਤੇ ਨਜ਼ਰ ਨਹੀਂ ਆ ਰਹੇ ਸਨ। ਜਦੋਂ ਮੈਂ ਦਫ਼ਤਰ ਪਹੁੰਚੀ ਤਾਂ ਆਪਣੇ ਬੌਸ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਖ਼ਬਰ ਨੂੰ ਇੰਨਾ ਜ਼ਿਆਦਾ ਦਿਖਾਇਆ ਜਾਵੇ ਕਿ ਮੁਜਰਿਮ ਫੜਿਆ ਜਾਵੇ ਅਤੇ ਨਿਆਂ ਹੋ ਸਕੇ। ਉਹ ਬੱਸ ਮੁਸਕਰਾਇਆ ਅਤੇ ਆਪਣੇ ਲੈਪਟਾਪ ਉਪਰ ਨਜ਼ਰਾਂ ਗੱਡੀ ਬੈਠਾ ਰਿਹਾ। ਭਾਰੀ ਬਾਰਿਸ਼ ਹੋ ਰਹੀ ਸੀ ਅਤੇ ਮੇਰੇ ਬੌਸ ਨੇ ਮੈਨੂੰ ਇਸ ਦੀ ਬਜਾਏ ਮਿਲਾਨ ਸਬ-ਵੇਅ ਅਤੇ ਬਾਰਿਸ਼ ਉਪਰ ਬਿਰਤੀ ਇਕਾਗਰ ਕਰਨ ਅਤੇ ਹੜ੍ਹਾਂ ਦੇ ਕੁਝ ਵਧੀਆ ਜਿਹੇ ਸ਼ਾਟਸ ਲੈਣ ਲਈ ਕਿਹਾ।**

**'ਮੈਂ ਇਹ ਨਹੀਂ ਕਰ ਸਕਦੀ, ਮੈਂ ਚਿਲਾਈ ਜਦੋਂ ਮੈਂ ਮਿਲਾਨ ਸਬ-ਵੇਅ ਨੂੰ ਜਾਂਦਿਆਂ ਆਪਣੀ ਅੰਮਾ ਨੂੰ ਫ਼ੋਨ ਕੀਤਾ ਜੋ ਇਥੋਂ ਦੀ ਮਸ਼ਹੂਰ ਮਾਨਸੂਨ ਦੌਰਾਨ ਮੁੰਬਈ ਦੇ ਕੈਮਰਾਮੈਨਾਂ ਦਾ ਮਨਭਾਉਂਦਾ ਨਜ਼ਾਰਾ ਹੈ। ਮੇਰੇ ਦਿਲ ਵਿਚ ਹੌਲ ਪੈ ਰਿਹਾ ਸੀ। ਸਾਰਾ ਦਿਨ ਮੈਂ ਕੁਝ ਨਾ ਖਾ ਸਕੀ। ਘਟਨਾ ਤੋਂ ਤੀਜੇ ਦਿਨ ਬਾਅਦ ਮੇਰੇ ਫੈਮਿਲੀ ਡਾਕਟਰ ਨੂੰ ਮੈਨੂੰ ਨੀਂਦ ਦੀਆਂ ਗੋਲੀਆਂ ਦੇਣੀਆਂ ਪਈਆਂ। ਮੈਂ ਆਪਣੇ ਸੰਪਾਦਕ ਨੂੰ ਫ਼ੋਨ ਕਰ ਕੇ ਕਿਹਾ ਕਿ ਮੈਨੂੰ ਹਫ਼ਤੇ ਦੀ ਛੁੱਟੀ ਚਾਹੀਦੀ ਹੈ। ਨਿੱਕੀ ਬੱਚੀ ਦੀ ਸਟੋਰੀ ਤੋਂ ਪਹਿਲਾਂ ਮੈਂ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੀ ਛਾਣਬੀਣ ਉਪਰ ਕੰਮ ਕਰ ਰਹੀ ਸੀ ਅਤੇ ਪੱਤਰਕਾਰੀ ਦੇ ਇਖ਼ਲਾਕੀ ਨੇਮਾਂ ਤੇ ਨੈਤਿਕਤਾ ਨੂੰ ਲੈ ਕੇ ਉਸ ਨਾਲ ਮੇਰੀ ਵਾਹਵਾ ਦਲੀਲਬਾਜ਼ੀ ਹੋਈ ਸੀ। ਉਸ ਨੇ ਮੈਨੂੰ ਤਹੱਮਲ ਨਾਲ ਸੁਣਿਆ ਅਤੇ ਫਿਰ ਜੋ ਕਿਹਾ, ਉਹ ਹਮੇਸ਼ਾ ਮੇਰੇ ਅੰਗਸੰਗ ਰਿਹਾ। ਇਕ ਚੰਗੇ ਪੱਤਰਕਾਰ ਨੂੰ ਸਟੋਰੀ ਤੋਂ ਬੇਲਾਗ ਰਹਿਣ ਅਤੇ ਵਿਹਾਰਕ ਬਣਨ ਦਾ ਹੁਨਰ ਸਿੱਖਣਾ ਚਾਹੀਦਾ ਹੈ।' ਮੈਨੂੰ ਅਫ਼ਸੋਸ ਹੈ, ਅੱਜ ਤਕ ਮੈਂ ਇਸ ਕਲਾ ਦੀ ਮੁਹਾਰਤ ਹਾਸਲ ਨਹੀਂ ਕਰ ਸਕੀ। ਖ਼ਾਸ ਕਰ ਕੇ ਇਸ ਕਾਰਨ ਕਿਉਂਕਿ ਅਕਸਰ ਹੀ ਇਸ ਨੂੰ ਕਾਰਪੋਰੇਟ ਅਤੇ ਸਿਆਸੀ ਤਾਕਤਾਂ ਦੇ ਆਦੇਸ਼ 'ਤੇ ਸਟੋਰੀ ਦੀ ਹੱਤਿਆ ਕਰਨ ਲਈ ਬਹਾਨੇ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ।**

**ਰਾਣਾ ਅਯੂਬ**

---

# ਗੁਜਰਾਤ ਫਾਈਲਜ਼ ਪਰਦਾਪੋਸ਼ੀ ਦੀ ਚੀਰਫਾੜ

2010 ਦੇ ਹੁਨਾਲ ਨੇ ਮੇਰੇ ਲਈ ਪੱਤਰਕਾਰੀ ਨੂੰ ਮੁੜ-ਪ੍ਰਭਾਸ਼ਿਤ ਕਰਨਾ ਸੀ। ਮੈਂ ਖ਼ੁਦ ਨੂੰ ਮਿਹਨਤੀ, ਦਰਮਿਆਨੀ ਜਿਹੀ ਪੱਤਰਕਾਰ ਮੰਨਦੀ ਸੀ ਜਿਸ ਕੋਲ ਆਪਣੇ ਪੁਰਾਣੇ ਜ਼ਮਾਨੇ ਦੇ ਪੱਤਰਕਾਰ ਬਾਪ ਵਲੋਂ ਸੌਂਪੀ ਆਦਰਸ਼ਾਂ ਦੀ ਵਿਰਾਸਤ ਸੀ; ਪਰ ਇਸ ਵਕਤ ਮੈਂ ਐਸੇ ਚੌਰਾਹੇ ਤੇ ਖੜ੍ਹੀ ਸੀ ਜਿਸ ਨੂੰ ਲੈ ਕੇ ਮੇਰੀ ਖਾਹਸ਼ ਵੀ ਹੈ ਅਤੇ ਜੋਦੜੀ ਵੀ ਕਿ ਕਿਸੇ ਪੱਤਰਕਾਰ ਨੂੰ ਇਸ ਹਾਲਤ ਵਿਚ ਨਾ ਪਹੁੰਚਣਾ ਪਵੇ। ਲੰਮੀ ਛੁੱਟੀ ਤੋਂ ਬਾਅਦ 2010 ਦੇ ਕਿਸੇ ਵਕਤ ਮੈਂ ਤਹਿਲਕਾ ਵਿਚ ਦੁਬਾਰਾ ਕੰਮ 'ਤੇ ਆ ਗਈ ਸੀ। ਪੂਰੇ ਸ਼ਹਿਰ ਦੇ ਡਾਕਟਰ ਮੇਰੀ ਮਰਜ਼ ਨਾ ਬੁੱਝ ਸਕੇ। ਮੈਂ ਥੋੜ੍ਹਾ ਚਿਰ ਪਹਿਲਾਂ ਹੀ ਨਕਸਲੀਆਂ ਦੇ ਗੜ੍ਹ ਗੜ੍ਹਚਿਰੌਲੀ ਬਾਬਤ ਆਪਣਾ ਕੰਮ ਨਿਬੇੜ ਕੇ ਮੁੜੀ ਸੀ। ਇਸ ਤੋਂ ਪਹਿਲਾਂ ਜੋ ਵਾਪਰਿਆ, ਉਸ ਨੂੰ ਮੈਂ ਆਪਣੀ ਜ਼ਿੰਦਗੀ ਦੀਆਂ ਸਭ ਤੋਂ ਦਿਲ ਤੋੜਨ ਵਾਲੀਆਂ ਘਟਨਾਵਾਂ ਵਿਚੋਂ ਇਕ ਸਮਝਦੀ ਹਾਂ। ਇਹ ਸੀ ਬਹੁਤ ਹੀ ਪਿਆਰੇ ਮਿੱਤਰ ਸ਼ਾਹਿਦ ਆਜ਼ਮੀ ਦਾ ਕਤਲ। ਕ੍ਰਿਮੀਨਲ ਲਾਅ ਦੇ ਖੇਤਰ ਦਾ ਬੇਹੱਦ ਜ਼ਹੀਨ ਦਿਮਾਗ, ਆਜ਼ਮੀ ਮੇਰੀ ਜ਼ਿੰਦਗੀ ਵਿਚ ਅਹਿਮ ਭੂਮਿਕਾ ਲੈ ਕੇ ਆਇਆ ਸੀ। ਉਸ ਦੀ ਮੌਤ ਵਾਲੀ ਸ਼ਾਮ ਨੂੰ ਮੈਂ ਉਸ ਨੂੰ ਕਬਾਇਲੀਆਂ ਅਤੇ ਬੁੱਧੀਜੀਵੀਆਂ ਦੇ ਮਾਮਲੇ ਨੂੰ ਲੈ ਕੇ ਚਰਚਾ ਕਰਨ ਲਈ ਮਿਲਣਾ ਸੀ ਜਿਨ੍ਹਾਂ ਉਪਰ ਸਥਾਪਤੀ ਨੇ ਨਕਸਲੀ ਠੱਪਾ ਲਾਇਆ ਹੋਇਆ ਸੀ ਅਤੇ ਉਹ ਝੂਠੇ ਇਲਜ਼ਾਮਾਂ ਤਹਿਤ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਸੜ ਰਹੇ ਸਨ। ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਮੈਂ ਆਪਣੀ ਭਤੀਜੀ ਦੇ ਜ਼ਿੱਦ ਕਰਨ ਤੇ ਘਰ ਹੀ ਰੁਕ ਗਈ। ਇਹ ਉਸ ਦਾ ਸੱਤਵਾਂ ਜਨਮ ਦਿਨ ਸੀ। ਇਸ ਦੌਰਾਨ ਮੇਰੇ ਫ਼ੋਨ ਉਪਰ ਦਰਜਨਾਂ ਮਿਸ ਕਾਲਾਂ, ਮੈਸੇਜ ਆਏ ਹੋਏ ਸਨ ਜਿਨ੍ਹਾਂ ਵਿਚ ਮੈਨੂੰ ਪੁੱਛਿਆ ਗਿਆ ਸੀ ਕਿ ਮੇਰੇ ਕੋਲ ਸ਼ਾਹਿਦ ਬਾਰੇ ਤਾਜ਼ਾ ਜਾਣਕਾਰੀ ਕੀ ਸੀ ਜੋ ਮੈਂ ਬਾਅਦ ਵਿਚ ਹੀ ਦੇਖ ਸਕੀ ਸੀ। ਬਾਕੀ ਗੱਲ ਤਾਂ ਮੈਨੂੰ ਮਿੱਤਰਾਂ ਦੇ ਵਾਰ-ਵਾਰ ਆ ਰਹੇ ਫ਼ੋਨਾਂ ਅਤੇ ਨਿਊਜ਼ ਚੈਨਲਾਂ ਉਪਰ ਤਾਜ਼ਾ ਖ਼ਬਰ ਫਲੈਸ਼ ਹੋਣ ਨਾਲ ਹੀ ਪਤਾ ਲੱਗੀ। ਸ਼ਾਹਿਦ ਨੂੰ ਅਣਪਛਾਤੇ ਹਮਲਾਵਰਾਂ ਨੇ ਰਾਸ਼ਟਰ ਵਿਰੋਧੀਆਂ ਦੇ ਮਾਮਲੇ ਹੱਥ ਲੈਣ ਬਦਲੇ ਉਸ ਦੇ ਦਫ਼ਤਰ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਸ਼ਾਹਿਦ ਦੀ ਜਿਰ੍ਹਾ ਨਾਲ 7/11 ਦੇ ਮੁੰਬਈ ਟਰੇਨ ਬੰਬ ਧਮਾਕਿਆਂ ਦੇ ਮਾਮਲੇ ਵਿਚ ਫਸਾਏ ਬੇਕਸੂਰਾਂ ਦੀ ਰਿਹਾਈ ਹੋ ਗਈ ਸੀ। ਉਸ ਦੀ ਮੌਤ ਤੋਂ ਬਾਅਦ ਮੁੰਬਈ ਦੀਆਂ ਅਦਾਲਤਾਂ ਨੇ 26/11 ਦੇ ਮੁੰਬਈ ਹਮਲਿਆਂ ਦੇ ਦੋ ਸਹਿ-ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਸ਼ਾਹਿਦ ਦੇ ਕਤਲ ਦਾ ਯੋਜਨਾਘਾੜਾ ਅੱਜ ਤਕ ਵੀ ਭੇਤ ਬਣਿਆ ਹੋਇਆ ਹੈ, ਘੱਟੋ-ਘੱਟ ਅਵਾਮ ਦੀਆਂ ਨਜ਼ਰਾਂ ਵਿਚ।



ਆਪਣੇ ਸਦਮੇ ਉਪਰ ਕਾਬੂ ਪਾਉਣ ਦੇ ਵੱਖੋ-ਵੱਖਰੇ ਤਰੀਕੇ ਹੁੰਦੇ ਹਨ। ਜਾਂ ਤਾਂ ਤੁਸੀਂ ਮਾਤਮ ਚ ਡੁੱਬੇ ਤੁਰਦੇ ਜਾਂਦੇ ਹੋ, ਜਾਂ ਫਿਰ ਤੁਸੀਂ ਇਸ ਤੋਂ ਖਹਿੜਾ ਛੁਡਾ ਲੈਂਦੇ ਹੋ, ਅਤੇ ਆਪਣੇ ਕੰਮ ਵਿਚ ਦਿਲਾਸਾ ਭਾਲਣ ਦਾ ਯਤਨ ਕਰਦੇ ਹੋ। ਮੈਂ ਮਗਰਲਾ ਤਰੀਕਾ ਚੁਣਿਆ। ਉਸ ਦੀ ਮੌਤ ਤੋਂ ਤੀਜੇ ਦਿਨ ਬਾਅਦ ਮੈਂ ਨਾਗਪੁਰ ਜਾ ਰਹੀ ਸੀ ਜੋ ਮੇਰੇ ਪੱਤਰਕਾਰੀ ਦੇ ਜੀਵਨ ਪੰਧ ਅੰਦਰ ਸਭ ਤੋਂ ਅਹਿਮ ਸਟੋਰੀਆਂ ਵਿਚੋਂ ਇਕ ਸਾਬਤ ਹੋਵੇਗੀ।

ਇਹ ਨਕਸਲੀ ਹੋਣ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕੀਤੇ ਵਿਦਿਆਰਥੀਆਂ ਨੂੰ ਲੈ ਕੇ ਸੀ ਜੋ ਜ਼ਿਆਦਾਤਰ ਪੱਛੜੀਆਂ ਸ਼੍ਰੇਣੀਆਂ ਦੇ ਸਨ। ਉਨ੍ਹਾਂ ਖ਼ਿਲਾਫ਼ ਗਵਾਹੀ ਹਾਸੋਹੀਣੀ ਸੀ। ਉਨ੍ਹਾਂ ਕੋਲੋਂ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਬਾਰੇ ਸਾਹਿਤ ਬਰਾਮਦ ਹੋਇਆ ਸੀ। ਇਹ ਮੈਨੂੰ ਕਰਜ਼ ਲਾਹੁਣਾ ਮਹਿਸੂਸ ਹੁੰਦਾ ਸੀ, ਕਿਉਂਕਿ ਮੇਰਾ ਦੋਸਤ ਸ਼ਾਹਿਦ ਇਸੇ ਤਰ੍ਹਾਂ ਦੇ ਮਾਮਲਿਆਂ ਦੀ ਪੈਰਵੀ ਕਰਦਿਆਂ ਮਾਰਿਆ ਗਿਆ ਸੀ। ਮੇਰੇ ਮਨ-ਮਸਤਕ ਅੰਦਰ ਇਹ ਉਸ ਦੀ ਯਾਦ ਨੂੰ ਮੇਰੀ ਸ਼ਰਧਾਂਜਲੀ ਸੀ, ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਛੇਤੀ ਹੀ ਮੈਨੂੰ ਕਿਸੇ ਅਗਿਆਤ ਮਰਜ਼ ਕਾਰਨ ਵਾਪਸ ਮੁੜਨਾ ਪੈ ਗਿਆ ਜਿਸ ਦੀ ਸ਼ਨਾਖ਼ਤ ਬਾਅਦ ਵਿਚ ਉਦਾਸੀ-ਰੋਗ (Depression) ਵਜੋਂ ਹੋਈ। ਮੇਰੇ ਡਰੇ ਹੋਏ ਮਾਂ-ਬਾਪ ਵਲੋਂ ਹਰ ਤਰ੍ਹਾਂ ਦੇ ਟੈਸਟ ਕਰਾਉਣ ਤੋਂ ਬਾਅਦ ਹੀ ਮਰਜ਼ ਬੁੱਝੀ ਜਾ ਸਕੀ। ਬਰੌਂਕੋਸਕੋਪੀ ਤੋਂ ਲੈ ਕੇ ਐਮ.ਆਰ.ਆਈ. ਤਕ। ਇਕ ਹੋਰ ਡਾਕਟਰ ਨੇ ਮਸ਼ਵਰਾ ਦਿੱਤਾ ਕਿ ਮੇਰੇ ਮਾਪੇ ਮੇਰਾ ਤਪਦਿਕ ਦਾ ਇਲਾਜ ਸ਼ੁਰੂ ਕਰਵਾ ਦੇਣ, ਪਰ ਜਿਵੇਂ ਕਿਸਮਤ ਨੇ ਮੇਰਾ ਸਾਥ ਦੇਣਾ ਸੀ,

ਮੈਂ ਅਚਾਨਕ ਦੱਖਣੀ ਬੰਬਈ ਦੇ ਇਕ ਹਸਪਤਾਲ ਦੇ ਫਿਜੀਸ਼ੀਅਨ ਕੋਲ ਚਲੀ ਗਈ ਜੋ ਮੁੰਬਈ ਦਾ ਸਭ ਤੋਂ ਮਸ਼ਹੂਰ ਮਾਹਿਰ ਸੀ। ਡਾ. ਚਿਟਨਿਸ ਨੇ ਮੇਰੀਆਂ ਰਿਪੋਰਟਾਂ ਦੇਖੀਆਂ ਅਤੇ ਮੈਨੂੰ ਕੁਝ ਸਵਾਲ ਪੁੱਛੇ। ਫਿਰ ਉਸ ਨੇ

ਡੂੰਘਾ ਸਾਹ ਲਿਆ ਅਤੇ ਕਹਿਣ ਲੱਗਾ, ਤੈਨੂੰ ਕੀ ਪ੍ਰੇਸ਼ਾਨੀ ਏ ?' ਇਹ ਤਾਂ ਇੰਞ ਸੀ ਜਿਵੇਂ ਉਸ ਦੇ ਬੋਲਾਂ ਨੇ ਮੈਨੂੰ ਮੂਰਛਾ ਵਿਚੋਂ ਜਗਾ ਦਿੱਤਾ ਹੋਵੇ।

ਕੁਝ ਨਹੀਂ ਡਾਕਟਰ ਸਾਹਬ, ਮੈਂ ਤਾਂ ਬਹੁਤ ਸਾਹਸੱਤਹੀਣ ਅਤੇ ਨਿਸੱਤੀ ਮਹਿਸੂਸ ਕਰਦੀ ਹਾਂ, ਪਤਾ ਨਹੀਂ ਲੱਗਦਾ ਕੀ ਹੋ ਰਿਹਾ ?'

ਆਪਣੇ ਚਿਹਰੇ ਉਪਰ ਹਲਕੀ ਮੁਸਕਾਨ ਲਿਆ ਕੇ ਉਸ ਨੇ ਕਿਹਾ, ਇਸ ਸਵੈ-ਤਰਸ ਤੋਂ ਖਹਿੜਾ ਛੁਡਾ; ਇਨ੍ਹਾਂ ਬਲੱਡ ਟੈਸਟਾਂ ਨਾਲ ਆਪਣੇ ਸੰਤਾਪ ਨੂੰ ਵਡਿਆਉਣਾ ਬੰਦ ਕਰ, ਤੂੰ ਬਿਲਕੁਲ ਤੰਦਰੁਸਤ ਏਂ। ਕੰਮ 'ਤੇ ਵਾਪਸ ਚਲੀ ਜਾਹ, ਉਹੀ ਤੇਰੇ ਸਾਰੇ ਦੁੱਖਾਂ ਦਾ ਇਲਾਜ ਏ। ਇਹ ਸਭ ਤੇਰੇ ਦਿਮਾਗ ਵਿਚ ਵੜਿਆ ਹੋਇਐ।'

ਕੀ ਇਹ ਹਾਈਪੋਕੌਂਡਰੀਆ ਹੈ ?' ਮੈਂ ਪੁੱਛਿਆ। ਆਪਣੀ ਮਰਜ਼ ਦੀ ਸਵੈ ਰੋਗ-ਪਛਾਣ ਕਰਨ ਦੀ ਟਿੱਲ ਲਾਉਂਦਿਆਂ ਇਹ ਲਫਜ਼ ਮੇਰੇ

ਧਿਆਨ ਵਿਚ ਆਇਆ ਸੀ। ਨਹੀਂ, ਤੂੰ ਬੱਸ ਆਲਸੀ ਹੁੰਦੀ ਗਈ ਏਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਏਂ, ਡਾ. ਚਿਟਨਿਸ ਨੇ ਭਾਵਹੀਣ ਹੋ ਕੇ ਕਿਹਾ।

ਅਗਲੇ ਦੋ ਦਿਨ ਮੈਂ ਡਾ. ਚਿਟਨਿਸ ਦੇ ਮਸ਼ਵਰੇ ਦਾ ਭਾਵ ਸਮਝਣ ਦਾ ਯਤਨ ਕਰਦੀ ਰਹੀ। ਆਲਸ ਦੇ ਉਨ੍ਹਾਂ ਦਿਨਾਂ ਵਿਚੋਂ ਇਕ ਦਿਨ ਮੇਰੀ ਮਾਂ ਨੇ ਜਾਗ-ਲਾਊ ਭੂਮਿਕਾ ਅਖ਼ਤਿਆਰ ਕਰਨ ਦਾ ਮਨ ਬਣਾਇਆ। ਅੰਮਾ, ਜਿਵੇਂ ਮੈਂ ਉਸ ਨੂੰ ਬੁਲਾਉਂਦੀ ਸਾਂ, ਮੇਰੀਆਂ ਸਭ ਤੋਂ ਵਫ਼ਾਦਾਰ ਸਹੇਲੀਆਂ ਵਿਚੋਂ ਇਕ ਰਹੀ ਹੈ। ਉਸ ਨੂੰ ਸੱਚੀਓਂ ਹੀ ਕਦੇ ਆਧੁਨਿਕ ਤਾਲੀਮ ਦਾ ਮੂੰਹ ਤੱਕਣਾ ਨਸੀਬ ਨਹੀਂ ਹੋਇਆ। ਉਸ ਦਾ ਉਸਤਾਦ ਮੇਰਾ ਅੱਬਾ ਸੀ। ਉਹ ਦੱਸਦੀ ਹੈ ਕਿ ਉਹ ਮੇਰੇ ਜ਼ਰੀਏ ਆਪਣੇ ਖ਼ਵਾਬ ਜਿਉਣਾ ਚਾਹੁੰਦੀ ਸੀ। ਮੈਂ ਆਕੀ ਹੋ ਜਾਂਦੀ, ਉਹ ਜੱਦੋਜਹਿਦ ਕਰਦੀ, ਮੇਰੀ ਖ਼ਾਤਰ ਬਾਕੀਆਂ ਨਾਲ ਮਿਲ-ਮਿਲਾ ਕੇ ਚਲਦੀ ਅਤੇ ਆਖ਼ਿਰਕਾਰ ਘਰ ਦੇ ਹਰ ਜੀਅ ਨੂੰ ਆਪਣੇ ਨਾਲ ਜੋੜ ਲੈਂਦੀ। ਉਸ ਦਿਨ ਜਦੋਂ ਉਸ ਨੇ ਮੈਨੂੰ ਕੌਫ਼ੀ ਬਣਾ ਕੇ ਦਿੱਤੀ ਤਾਂ ਕਹਿਣ ਲੱਗੀ, ਯਾਨੀ ਕਿ ਤੂੰ ਨੌਕਰੀ ਛੱਡ ਰਹੀ ਏਂ ?'

ਮੈਂ ਬੇਪ੍ਰਵਾਹੀ ਦਿਖਾਈ, ਤੇ ਕੌਫ਼ੀ ਦੇ ਕੱਪ ਵਿਚ ਹੀ ਮਗਨ ਰਹੀ ਜੋ ਉਹ ਮੇਰੇ ਲਈ ਬਣਾ ਕੇ ਲਿਆਈ ਸੀ। ਫਿਰ ਆਪਣੇ ਅਸਲ ਕਿਰਦਾਰ ਅਨੁਸਾਰ, ਉਹ ਬੈੱਡ ਉਪਰ ਮੇਰੇ ਲਾਗੇ ਹੋ ਕੇ ਬੈਠ ਗਈ ਅਤੇ ਇਨਕਲਾਬ (ਮਸ਼ਹੂਰ ਰੋਜ਼ਾਨਾ ਉਰਦੂ ਅਖ਼ਬਾਰ) ਪੜ੍ਹਨਾ ਸ਼ੁਰੂ ਕਰ ਦਿੱਤਾ। ਦਸ ਮਿੰਟ ਅਖ਼ਬਾਰ ਪੜ੍ਹ ਕੇ ਉਸ ਨੇ ਮੈਨੂੰ ਅਜੇ ਕੁਝ ਪੁੱਛਣਾ ਸ਼ੁਰੂ ਹੀ ਕੀਤਾ ਸੀ ਕਿ ਮੈਂ ਉਸ ਨੂੰ ਵਿਚਾਲਿਓਂ ਟੋਕ ਦਿੱਤਾ, ਅੰਮਾ, ਜੇ ਇਹ ਕੋਈ ਉਪਦੇਸ਼ ਹੈ ਜੋ ਅੱਜ ਤੇਰੇ ਅਖ਼ਬਾਰ ਵਿਚ ਦਿੱਤਾ ਹੋਇਆ, ਕ੍ਰਿਪਾ ਕਰ ਕੇ ਚਿੰਤਾ ਨਾ ਕਰ, ਮੈਂ ਇਸ ਤੋਂ ਬਗ਼ੈਰ ਹੀ ਬਿਹਤਰ ਹਾਂ।'

ਅਰੇ ਨਹੀਂ, ਤੂੰ ਇਸ ਸੋਹਰਾਬੂਦੀਨ ਬਾਰੇ ਪੜ੍ਹਿਐ ?' ਉਹ ਪੁੱਛ ਰਹੀ ਸੀ। ਕਿਸੇ ਕਾਰਨ ਇਸ ਨਾਂ ਨੇ ਮੇਰੀ ਉਤਸੁਕਤਾ ਜਗਾ ਦਿੱਤੀ। ਨਿਸ਼ਚੇ ਹੀ ਮੈਂ ਸੋਹਰਾਬੂਦੀਨ ਬਾਰੇ ਜਾਣਦੀ ਸੀ, ਮੈਨੂੰ ਖ਼ਿਆਲ ਆਇਆ। ਸਾਡੇ ਸਮਿਆਂ ਦੀ ਸਭ ਤੋਂ ਵਿਵਾਦਪੂਰਨ ਹਸਤੀ ਨਰੇਂਦਰ ਮੋਦੀ ਨਾਲ ਮੇਰੇ ਪਹਿਲੇ ਆਦਾਨ-ਪ੍ਰਦਾਨ ਪਿੱਛੇ ਉਹੀ ਤਾਂ ਵਜ੍ਹਾ ਸੀ।

2007 ਵਿਚ ਗੁਜਰਾਤ ਦੇ ਤਿੰਨ ਆਹਲਾ ਪੁਲਿਸ ਅਧਿਕਾਰੀਆਂ ਦੇ ਨਾਂ ਸੁਰਖ਼ੀਆਂ ਬਣੇ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਹੀ ਇਕ ਸਾਥੀ ਅਧਿਕਾਰੀ ਰਜਨੀਸ਼ ਰਾਏ ਵਲੋਂ ਸੋਹਰਾਬੂਦੀਨ ਨੂੰ ਫਰਜ਼ੀ ਮੁਕਾਬਲੇ ਵਿਚ ਮਾਰਨ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਜੋ ਮਾਮੂਲੀ ਜਿਹਾ ਬਦਮਾਸ਼ ਸੀ। ਡੀ.ਜੀ. ਵਨਜਾਰਾ ਅਤੇ ਰਾਜਕੁਮਾਰ ਪਾਂਡਿਅਨ ਸੀਖਾਂ ਪਿੱਛੇ ਬੰਦ ਸਨ। ਉਹ ਮੋਦੀ ਸਰਕਾਰ ਦੇ ਸਭ ਤੋਂ ਵਿਸ਼ਵਾਸਪਾਤਰ ਅਫ਼ਸਰ ਸਨ, ਤੇ ਹੁਣ ਤਕ ਉਨ੍ਹਾਂ ਨੇ ਆਲੀਸ਼ਾਨ ਜ਼ਿੰਦਗੀ ਜੀਵੀ ਸੀ, ਪ੍ਰੈੱਸ ਮਿਲਣੀਆਂ ਵਿਚ ਉਨ੍ਹਾਂ ਦੀਆਂ ਤਸਵੀਰਾਂ ਨਿੱਤ ਅਖ਼ਬਾਰਾਂ ਵਿਚ ਛਾਈਆਂ ਰਹਿੰਦੀਆਂ ਸਨ। ਇਹੀ ਅਫ਼ਸਰ ਸਨ ਜਿਨ੍ਹਾਂ ਨੇ 2004 ਦੇ ਸ਼ੁਰੂ ਵਿਚ ਹਿੰਦੂ ਹਿਰਦੇ ਸਮਰਾਟ ਨਰੇਂਦਰ ਮੋਦੀ ਨੂੰ ਕਤਲ ਕਰਨ ਜਾ ਰਹੇ ਜਹਾਦੀਆਂ ਦਾ ਕਾਮਯਾਬੀ



**ਮੋਦੀ ਜੀ, ਮੋਦੀ ਜੀ, ਏਕ ਸਵਾਲ'। ਜਿਵੇਂ ਤਕਦੀਰ ਨੂੰ ਮਨਜ਼ੂਰ ਸੀ, ਆਪਣੇ ਪ੍ਰਸ਼ੰਸਕਾਂ ਅਤੇ ਅਮਲੇ-ਫੈਲੇ ਵਿਚ ਘਿਰੇ ਉਸ ਬੰਦੇ ਨੇ ਸਿਆਸੀ ਸਵਾਲ ਪੁੱਛੇ ਜਾਣ ਦੀ ਉਮੀਦ ਨਾਲ ਰਜ਼ਾਮੰਦੀ ਦਿਖਾਉਂਦਿਆਂ ਮੂੰਹ ਘੁੰਮਾ ਕੇ ਮੇਰੇ ਵੱਲ ਤੱਕਿਆ। ਮੋਦੀ ਜੀ, ਗੁਜਰਾਤ ਵਿਚ ਤਿੰਨ ਅਫ਼ਸਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਸੋਹਰਾਬੂਦੀਨ ਦਾ ਫਰਜ਼ੀ ਮੁਕਾਬਲਾ ਬਣਾਏ ਜਾਣ ਦਾ ਇਲਜ਼ਾਮ ਲੱਗਿਆ ਹੈ, ਕੀ ਤੁਸੀਂ ਅਜੇ ਵੀ ਉਸ ਨੂੰ ਜਾਇਜ਼ ਠਹਿਰਾਉਂਦੇ ਹੋ ਜਿਵੇਂ ਤੁਸੀਂ ਆਪਣੀ ਤਕਰੀਰ ਵਿਚ ਕਹਿ ਰਹੇ ਸੀ ?' ਹੁੰਗਾਰੇ ਦੀ ਉਮੀਦ ਨਾਲ, ਮੈਂ ਮਾਈਕ ਉਸ ਵੱਲ ਮੋੜ ਦਿੱਤਾ, ਪਰ ਇਹ ਪਲ ਕੈਮਰਾਮੈਨ ਦੇ ਹਿੱਸੇ ਆਏ। ਨਰੇਂਦਰ ਮੋਦੀ ਪੂਰੇ ਦਸ ਸਕਿੰਟ ਮੈਨੂੰ ਘੂਰਦਾ ਰਿਹਾ ਅਤੇ ਫਿਰ ਉਥੋਂ ਤੁਰ ਗਿਆ। ਉਸ ਦੇ ਮੰਤਰੀ ਨੇ ਮੇਰੇ ਵੱਲ ਘ੍ਰਿਣਾ ਨਾਲ ਦੇਖਿਆ। ਇਹ ਮੇਰਾ ਉਸ ਬੰਦੇ ਨਾਲ ਪਹਿਲਾ ਵਾਹ ਸੀ ਜੋ ਹੁਣ ਮੁਲਕ ਦੇ ਸਭ ਤੋਂ ਮਨਚਾਹੇ ਅਹੁਦੇ, ਭਾਵ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਬਿਰਾਜਮਾਨ ਹੈ।**

ਨਾਲ ਪਿੱਛਾ ਕਰ ਕੇ ਉਨ੍ਹਾਂ ਨੂੰ ਮਾਰ ਮੁਕਾਇਆ ਸੀ। ਸੁਭਾਵਿਕ ਤੌਰ 'ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਨੇ ਕੌਮੀ ਧਿਆਨ ਖਿੱਚਿਆ।

2007 ਵਿਚ ਨਿਊਜ਼ ਟੀ.ਵੀ. ਚੈਨਲ ਵਿਚ ਸਿਆਸੀ ਪੱਤਰਕਾਰ ਵਜੋਂ ਨੌਕਰੀ ਹਾਸਲ ਕਰਦੇ ਸਾਰ ਮੇਰਾ ਪਹਿਲਾ ਕੰਮ ਸੀ 2007 ਦੀਆਂ ਗੁਜਰਾਤ ਚੋਣਾਂ ਦੀ ਕਵਰੇਜ਼ ਕਰਨਾ। ਗੁਜਰਾਤ ਦਾ ਮੁੱਖ ਮੰਤਰੀ ਨਰੇਂਦਰ ਮੋਦੀ ਉਸ ਪਾਸੇ ਵਧਦਾ ਜਾਂਦਾ ਸੀ ਜਿਸ ਦੀ ਜ਼ਿਆਦਾਤਰ ਵਿਸ਼ਲੇਸ਼ਣਕਾਰਾਂ ਨੇ ਇਕ ਹੋਰ ਹੂੰਝਾ ਫੇਰੂ ਜਿੱਤ ਵਜੋਂ ਪੇਸ਼ੀਨਗੋਈ ਕੀਤੀ। ਗੁਜਰਾਤ ਦੀ 2002 ਦੀ ਹਿੰਸਾ, ਜਿਸ ਨੇ ਸਮਾਜ ਦੀ ਪਾਲਾਬੰਦੀ ਕਰ ਦਿੱਤੀ ਸੀ, ਨੇ ਬਹੁਗਿਣਤੀ ਹਿੰਦੂ ਵਸੋਂ ਅੰਦਰ ਉਸ ਨੂੰ ਨਾਇਕ ਬਣਾ ਦਿੱਤਾ ਸੀ। 2007 ਵਿਚ ਹੂੰਝਾ ਫੇਰੂ ਜਿੱਤ ਉਸ ਲਈ ਮੁਸ਼ਕਿਲ ਨਹੀਂ ਜਾਪਦੀ ਸੀ। ਕੈਮਰਾਮੈਨ ਨੂੰ ਨਾਲ ਲੈ ਕੇ ਮੈਂ ਉਸ ਦੀ ਪਹਿਲੀ ਚੋਣ ਰੈਲੀ ਵਿਚ ਜਾ ਪਹੁੰਚੀ। ਮੈਨੂੰ ਸਾਫ਼-ਸਾਫ਼ ਤਾਂ ਚੇਤੇ ਨਹੀਂ, ਪਰ ਮੇਰਾ ਵਿਸ਼ਵਾਸ ਹੈ ਕਿ ਇਹ ਗੁਜਰਾਤ ਚੈਂਬਰ ਆਫ ਕਾਮਰਸ ਨੇ ਜਥੇਬੰਦ ਕੀਤੀ ਸੀ। ਹੋਰ ਮੰਤਰੀਆਂ ਤੋਂ ਇਲਾਵਾ ਨਰੇਂਦਰ ਮੋਦੀ, ਆਪਣੀ ਸੱਜੀ ਬਾਂਹ ਅਮਿਤ ਸ਼ਾਹ ਨਾਲ ਮੰਚ ਤੇ ਬਿਰਾਜਮਾਨ ਸੀ। ਉਥੇ ਮੈਂ ਹੋਰ ਸਿਆਸੀ ਰੈਲੀਆਂ ਦੀ ਕਵਰੇਜ ਵੀ ਕੀਤੀ ਸੀ ਅਤੇ ਪਹਿਲੀ ਨਜ਼ਰੇ ਇਹ ਵੱਖਰੀ ਨਹੀਂ ਸੀ ਜਾਪਦੀ, ਪਰ ਜਿਵੇਂ ਪਿੱਛੇ ਦਿੱਲੀ ਵਿਚ ਬੈਠੇ ਮੇਰੇ ਪ੍ਰੋਡਿਊਸਰਾਂ ਨੇ ਮੈਨੂੰ ਕਿਹਾ ਸੀ, ਮੋਦੀ ਨੂੰ ਭੜਕਾਊ ਤਕਰੀਰਾਂ ਕਰਨ ਦੀ ਵਾਣ ਸੀ। ਤੇ ਉਸ ਦਿਨ ਉਸ ਨੇ ਮੈਨੂੰ ਨਿਰਾਸ਼ ਨਹੀਂ ਕੀਤਾ। ਸੋਹਰਾਬੂਦੀਨ, ਉਹ ਮੈਨੂੰ ਪੁੱਛਦੇ ਨੇ ਕਿ ਸੋਹਰਾਬੂਦੀਨ ਵਰਗੇ ਦਹਿਸ਼ਤਗਰਦ ਦਾ ਕੀ ਕੀਤਾ ਜਾਵੇ।' ਹਜੂਮ ਖੁਸ਼ੀ ਵਿਚ ਚੀਕ ਉਠਿਆ। ਸਾਹਮਣੀ ਕਤਾਰ ਵਿਚ ਬੈਠੀਆਂ ਤੀਵੀਂਆਂ ਨੇ ਤਾੜੀਆਂ ਮਾਰੀਆਂ, ਇਹ ਕਤਾਰ ਹਮੇਸ਼ਾ ਉਨ੍ਹਾਂ ਲਈ ਰਾਖਵੀਂ ਹੁੰਦੀ ਸੀ, ਕਿਉਂਕਿ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਗੁਜਰਾਤ ਵਿਚ ਮੋਦੀ ਔਰਤਾਂ ਵਿਚ ਬਹੁਤ ਹਰਮਨਪਿਆਰਾ ਸੀ। ਕਾਲਮਨਵੀਸ ਅਕਾਰ ਪਟੇਲ ਨੇ ਤਾਂ ਇਥੋਂ ਤਕ ਲਿਖ ਦਿੱਤਾ ਕਿ ਗੁਜਰਾਤੀ ਔਰਤਾਂ ਲਈ ਮੋਦੀ ਮਰਦਾਨਗੀ ਦਾ ਚਿੰਨ੍ਹ ਸੀ।

ਹਜੂਮ ਦਾ ਹੁੰਗਾਰਾ ਉਮੀਦ ਅਨੁਸਾਰ ਸੀ: ਮਾਰ ਦਿਓ, ਮਾਰ ਦਿਓ'। ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਇਹ ਕੋਈ ਰੋਮਨ ਗੋਲ ਅਖਾੜਾ ਹੋਵੇ। ਮੀਆਂ ਮੁਸ਼ੱਰਫ਼' ਅਤੇ ਦਿੱਲੀ ਕੀ ਸਲਤਨਤ' ਵਰਗੇ ਘਿਨਾਉਣੇ ਹਵਾਲਿਆਂ ਵਾਲੀ ਤਕਰੀਰ ਜਾਰੀ ਰਹੀ। ਆਪਣੀ ਤਕਰੀਰ ਮੁਕਾ ਕੇ ਮੋਦੀ ਡਾਇਸ ਤੋਂ ਲਾਂਭੇ ਹੋ ਗਿਆ ਅਤੇ ਫਿਰ ਗੁਜਰਾਤ ਚੈਂਬਰ ਆਫ ਕਾਮਰਸ ਦੇ ਮੈਂਬਰਾਂ ਵਲੋਂ ਉਸ ਨੂੰ ਸਨਮਾਨਿਤ ਕੀਤਾ ਗਿਆ। ਹਜੂਮ ਉਸ ਦੁਆਲੇ ਜੁੜ ਗਿਆ। ਉਸ ਦਾ ਸੁਰੱਖਿਆ ਘੇਰਾ ਲੰਘ ਕੇ ਮੈਂ ਫ਼ਿਕਰਮੰਦੀ ਨਾਲ ਆਪਣੇ ਕੈਮਰਾਮੈਨ ਨੂੰ ਉਚੀ-ਉਚੀ ਆਵਾਜ਼ਾਂ ਮਾਰਦੀ ਅੰਦਰ ਘੁਸ ਗਈ, ਉਹ ਮੇਰੇ ਨਾਲ ਹੀ ਅੰਦਰ ਜਾਣ ਲਈ ਧੱਕਾਮੁੱਕੀ ਹੋ ਰਿਹਾ ਸੀ।

ਮੋਦੀ ਜੀ, ਮੋਦੀ ਜੀ, ਏਕ ਸਵਾਲ'। ਜਿਵੇਂ ਤਕਦੀਰ ਨੂੰ ਮਨਜ਼ੂਰ ਸੀ, ਆਪਣੇ ਪ੍ਰਸ਼ੰਸਕਾਂ ਅਤੇ ਅਮਲੇ-ਫੈਲੇ ਵਿਚ ਘਿਰੇ ਉਸ ਬੰਦੇ ਨੇ ਸਿਆਸੀ ਸਵਾਲ ਪੁੱਛੇ ਜਾਣ ਦੀ ਉਮੀਦ ਨਾਲ ਰਜ਼ਾਮੰਦੀ ਦਿਖਾਉਂਦਿਆਂ ਮੂੰਹ ਘੁੰਮਾ ਕੇ ਮੇਰੇ ਵੱਲ ਤੱਕਿਆ। ਮੋਦੀ ਜੀ, ਗੁਜਰਾਤ ਵਿਚ ਤਿੰਨ ਅਫ਼ਸਰ ਗ੍ਰਿਫ਼ਤਾਰ ਕੀਤੇ ਗਏ ਹਨ ਅਤੇ ਸੋਹਰਾਬੂਦੀਨ ਦਾ ਫਰਜ਼ੀ ਮੁਕਾਬਲਾ ਬਣਾਏ ਜਾਣ ਦਾ ਇਲਜ਼ਾਮ ਲੱਗਿਆ ਹੈ, ਕੀ ਤੁਸੀਂ ਅਜੇ ਵੀ ਉਸ ਨੂੰ ਜਾਇਜ਼ ਠਹਿਰਾਉਂਦੇ ਹੋ ਜਿਵੇਂ ਤੁਸੀਂ ਆਪਣੀ ਤਕਰੀਰ ਵਿਚ ਕਹਿ ਰਹੇ ਸੀ ?' ਹੁੰਗਾਰੇ ਦੀ ਉਮੀਦ ਨਾਲ,

ਮੈਂ ਮਾਈਕ ਉਸ ਵੱਲ ਮੋੜ ਦਿੱਤਾ, ਪਰ ਇਹ ਪਲ ਕੈਮਰਾਮੈਨ ਦੇ ਹਿੱਸੇ ਆਏ। ਨਰੇਂਦਰ ਮੋਦੀ ਪੂਰੇ ਦਸ ਸਕਿੰਟ ਮੈਨੂੰ ਘੂਰਦਾ ਰਿਹਾ ਅਤੇ ਫਿਰ ਉਥੋਂ ਤੁਰ ਗਿਆ। ਉਸ ਦੇ ਮੰਤਰੀ ਨੇ ਮੇਰੇ ਵੱਲ ਘ੍ਰਿਣਾ ਨਾਲ ਦੇਖਿਆ। ਇਹ ਮੇਰਾ ਉਸ ਬੰਦੇ ਨਾਲ ਪਹਿਲਾ ਵਾਹ ਸੀ ਜੋ ਹੁਣ ਮੁਲਕ ਦੇ ਸਭ ਤੋਂ ਮਨਚਾਹੇ ਅਹੁਦੇ, ਭਾਵ ਪ੍ਰਧਾਨ ਮੰਤਰੀ ਦੀ ਕੁਰਸੀ ਉਪਰ ਬਿਰਾਜਮਾਨ ਹੈ। ਸੋਹਰਾਬੂਦੀਨ ਦੀ ਕਹਾਣੀ ਸਾਫ਼ ਦੱਸਣੀ ਜ਼ਰੂਰੀ ਸੀ। ਮੇਰੀ ਮਾਂ ਵਲੋਂ ਆਪਣੇ ਅਖ਼ਬਾਰ ਇਨਕਲਾਬ ਦੀ ਕਾਪੀ ਪੜ੍ਹਨ ਨੇ ਮੇਰੇ ਲਈ ਮੌਕਾ ਮੇਲ ਬਣਾ ਦਿੱਤਾ। ਇਸੇ ਸਹਿਜ-ਪ੍ਰੇਰਨਾ ਤਹਿਤ ਮੈਂ ਸਥਾਨਕ ਸਾਈਬਰ ਕੈਫੇ ਵਿਚ ਚਲੀ ਗਈ।

ਸੋਹਰਾਬੂਦੀਨ ਨਾਲ ਸਬੰਧਤ ਸਾਰੇ ਲਿੰਕ, ਕੇਸ ਦੀ ਸੀ.ਬੀ.ਆਈ. ਵਲੋਂ ਜਾਂਚ ਅਤੇ ਗੁਜਰਾਤ ਦੇ ਆਹਲਾ ਆਈ.ਪੀ.ਐਸ. ਅਧਿਕਾਰੀ ਅਭੈ ਚੁੜਾਸਮਾ ਦੀ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਦੇ ਰਹੇ ਸਨ। ਮੈਂ ਚੁੜਾਸਮਾ ਤੋਂ ਵਾਕਫ਼ ਸੀ, ਸਾਲ ਕੁ ਪਹਿਲਾਂ ਹੀ ਉਸ ਨੇ ਗੁਜਰਾਤ ਬੰਬ ਧਮਾਕਿਆਂ ਦੇ ਆਪਣੇ ਸਟਾਰ ਗਵਾਹਾਂ ਵਿਚੋਂ ਇਕ ਦਾ ਮੇਰੇ ਵਲੋਂ ਇਕਬਾਲੀਆ ਬਿਆਨ ਛਾਪੇ ਜਾਣ ਤੇ ਮੈਨੂੰ ਫ਼ੋਨ ਕਰ ਕੇ ਧਮਕੀ ਦਿੱਤੀ ਸੀ। ਚੁੜਾਸਮਾ ਗੁਜਰਾਤ ਬੰਬ ਧਮਾਕਿਆਂ, ਜਿਨ੍ਹਾਂ ਦਾ ਸਬੰਧ ਆਖ਼ਿਰਕਾਰ ਇੰਡੀਅਨ ਮੁਜਾਹੀਦੀਨ ਨਾਂ ਦੇ ਧੜੇ ਨਾਲ ਦੱਸਿਆ ਗਿਆ ਸੀ, ਦੀ ਜਾਂਚ ਦਾ ਮੁਖੀ ਅਧਿਕਾਰੀ ਸੀ। ਸੂਬੇ ਦੇ ਸਭ ਤੋਂ ਤੇਜ਼-ਤਰਾਰ ਅਤੇ ਮੀਡੀਆ ਮਾਹਿਰ ਅਧਿਕਾਰੀਆਂ ਵਿਚੋਂ ਇਕ, ਚੁੜਾਸਮਾ ਬਾਰੇ ਅਫ਼ਵਾਹ ਇਹ ਸੀ ਕਿ ਉਹ ਗੁਜਰਾਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨੇੜੇ ਸੀ, ਪਰ ਚੁੜਾਸਮਾ ਸ਼ੋਹਰਤ ਦੇ ਭੁੱਖੇ ਹੋਰਾਂ ਨਾਲੋਂ ਵੱਖਰੀ ਤਰ੍ਹਾਂ ਦਾ ਸੀ। ਜਿਵੇਂ ਬਾਅਦ ਵਿਚ ਸਾਹਮਣੇ ਆਵੇਗਾ, ਉਹ ਐਸਾ ਬੰਦਾ ਸੀ ਜੋ ਠੱਗੀ ਦੇ ਮਾਮਲਿਆਂ ਅਤੇ ਹਵਾਲਾ ਖ਼ਾਤਿਆਂ ਨਾਲ ਬਹੁਤ ਸਹਿਜ ਨਾਲ ਨਜਿੱਠਦਾ ਸੀ। ਤੇ ਸੋਹਰਾਬੂਦੀਨ ਉਸ ਦਾ ਆਪਣਾ ਹੀ ਗੁੰਡਾ ਸਾਬਤ ਹੋਇਆ। ਪ੍ਰਿੰਟ ਆਊਟ ਲੈ ਕੇ ਅਤੇ ਸਾਰੇ ਨੋਟ ਬਣਾ ਕੇ ਮੈਂ ਦਿੱਲੀ ਵਿਚ ਆਪਣੇ ਸੰਪਾਦਕਾਂ ਸ਼ੋਮਾ ਚੌਧਰੀ ਅਤੇ ਤਰੁਣ ਤੇਜਪਾਲ ਨੂੰ ਇਸ ਮਾਮਲੇ ਅਤੇ ਇਸ ਦੀ ਰਿਪੋਰਟ ਕੀਤੇ ਜਾਣ ਬਾਰੇ ਨੋਟ ਲਿਖ ਭੇਜਿਆ। ਉਧਰ ਮੇਰੇ ਮਨ ਵਿਚ ਇਹ ਸੀ ਕਿ ਇਹ ਮੈਨੂੰ ਖ਼ੁਦ ਹੀ ਆਪਣੇ ਉਪਰ ਥੋਪੀ ਉਸ ਇਕੱਲਤਾ ਅਤੇ ਉਦਾਸੀ-ਰੋਗ ਵਿਚੋਂ ਬਾਹਰ ਕੱਢ ਸਕਦਾ ਸੀ ਜਿਨ੍ਹਾਂ ਨੇ ਮੈਨੂੰ ਜਕੜਿਆ ਹੋਇਆ ਸੀ। ਮੇਰੇ ਦੋਹਾਂ ਸੰਪਾਦਕਾਂ ਦਾ ਹੁੰਗਾਰਾ ਸਗੋਂ ਕੁਝ ਵਧੇਰੇ ਹੀ ਉਤਸ਼ਾਹਤ ਕਰਨ ਵਾਲਾ ਸੀ ਅਤੇ ਮੈਂ ਮੁੜ ਅਹਿਮਦਾਬਾਦ ਨੂੰ ਰਵਾਨਾ ਹੋ ਗਈ। ਇਹ ਫੇਰੀ ਮੇਰੇ ਲਈ ਜ਼ਿੰਦਗੀ ਦੀ ਕਾਇਆ ਪਲਟ ਦੇਣ ਵਾਲੀ ਸਾਬਤ ਹੋਵੇਗੀ।

ਇਕ ਮਹੀਨੇ ਦੀ ਫੇਰੀ ਦੌਰਾਨ ਮੈਂ ਉਨ੍ਹਾਂ ਅਫ਼ਸਰਾਂ ਦੀ ਮਦਦ ਨਾਲ ਫ਼ੋਨ ਕਾਲਾਂ ਦੇ ਰਿਕਾਰਡ ਅਤੇ ਅੰਦਰੂਨੀ ਕਾਗਜ਼ਾਤ ਦੀ ਡੂੰਘੀ ਫਰੋਲਾ-ਫਰਾਲੀ ਕਰ ਕੇ ਦੋ ਅਹਿਮ ਖ਼ੁਲਾਸੇ ਤਿਆਰ ਕਰ ਲਏ, ਉਨ੍ਹਾਂ ਦੀ ਸ਼ਨਾਖ਼ਤ ਅਣਪਛਾਤੀ ਬਣੀ ਰਹੇਗੀ। ਮੈਂ ਇਹ ਭਲੀਭਾਂਤ ਜਾਣਦੇ ਹੋਏ ਬਹੁਤ ਹੀ ਚੁਕੰਨੀ ਰਹਿ ਕੇ ਉਨ੍ਹਾਂ ਤਕ ਪਹੁੰਚ ਕੀਤੀ ਸੀ, ਕਿਉਂਕਿ ਉਹੀ ਮੇਰੀ ਇਕੋ ਇਕ ਉਮੀਦ ਸਨ; ਪਰ ਗੁਜਰਾਤ ਵਰਗੇ ਸੂਬਿਆਂ ਵਿਚ ਐਨੀ ਅਸਾਨੀ ਨਾਲ ਯਕੀਨ ਨਹੀਂ ਕੀਤਾ ਜਾਂਦਾ। ਫਰਜ਼ ਦੀ ਪਾਲਣਾ ਕਰਨ ਦਾ ਫ਼ੈਸਲਾ ਲੈਣ ਵਾਲੇ ਅਫ਼ਸਰਾਂ ਨੂੰ ਹਕੂਮਤ ਦੀ ਨਾਰਾਜ਼ਗੀ ਸਹੇੜਨੀ ਪਈ ਸੀ। ਉਨ੍ਹਾਂ ਵਿਚੋਂ ਜ਼ਿਆਦਾਤਰ ਮੈਨੂੰ ਪਹਿਲੀ ਦਫ਼ਾ ਮਿਲ ਰਹੇ ਸਨ। ਮੈਂ ਤਹਿਲਕਾ ਦੀ

ਪੱਤਰਕਾਰ ਹੋਣ ਕਰ ਕੇ ਮਾਮਲਾ ਹੋਰ ਵੀ ਗੁੰਝਲਦਾਰ ਬਣ ਜਾਂਦਾ ਸੀ ਜਿਸ ਦਾ ਮੋਟਾ ਭਾਵ ਇੰਞ ਲਿਆ ਜਾਂਦਾ ਸੀ ਕਿ ਕਿਸੇ ਵੀ ਵਕਤ ਮੇਰੇ ਕੋਲ ਸਟਿੰਗ ਕੈਮਰਾ ਹੋ ਸਕਦਾ ਸੀ। ਜਿਸ ਨਾਲ ਮੇਰਾ ਗੁਜਰਾਤ ਵਿਚ ਵਾਹ ਪਿਆ, ਉਹ ਗੁਜਰਾਤ ਕੇਂਦਰਤ ਮੁੱਦਾ ਨਹੀਂ ਸੀ।

ਜਿਨ੍ਹਾਂ ਦੋ ਹੋਰ ਸੂਬਿਆਂ, ਉਤਰ ਪ੍ਰਦੇਸ਼ ਤੇ ਮਨੀਪੁਰ, ਤੋਂ ਮੈਂ ਵਿਆਪਕ ਰਿਪੋਰਟਿੰਗ ਕੀਤੀ ਸੀ, ਉਥੇ ਵੀ ਇਮਾਨਦਾਰ ਪੁਲਿਸ ਅਫ਼ਸਰਾਂ ਉਪਰ ਮੁਕੱਦਮੇ ਆਮ ਗੱਲ ਸੀ। ਮੈਂ ਇਹ ਵੀ ਮਹਿਸੂਸ ਕੀਤਾ ਕਿ ਇਹੀ ਮੁਕੱਦਮੇ ਵਾਲਾ ਫੈਕਟਰ ਮੇਰਾ ਬਚਾਓ ਸਾਬਤ ਹੋਵੇਗਾ। ਜਿਵੇਂ ਫਿਰ ਪਤਾ ਲੱਗਿਆ, ਜਿਸ ਅਫ਼ਸਰ ਨੇ ਕੁਝ ਸਭ ਤੋਂ ਅਹਿਮ ਖ਼ੁਲਾਸੇ ਕਰਨ ਵਾਲੇ ਨੋਟ ਮੇਰੇ ਸਪੁਰਦ ਕੀਤੇ, ਉਹ ਉਸ ਅਧਿਕਾਰੀ ਦੇ ਬੈਚ ਦਾ ਸੀ ਜਿਸ ਬਾਰੇ ਮੈਂ ਰਿਪੋਰਟ ਕੀਤੀ ਸੀ। ਇਸ ਨੇ ਮੁਸ਼ਕਿਲ ਹੱਲ ਕਰ ਦਿੱਤੀ। ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਅਫ਼ਸਰਾਂ ਨੇ

ਮੈਨੂੰ ਸਬੂਤ ਜੁਟਾ ਕੇ ਦਿੱਤੇ, ਉਨ੍ਹਾਂ ਦੀ ਮਦਦ ਨਾਲ ਮੈਂ ਉਸ ਸਾਲ ਦਾ ਸਭ ਤੋਂ ਸਨਸਨੀਖੇਜ਼ ਖ਼ੁਲਾਸਾ ਕਰਨ ਵਿਚ ਕਾਮਯਾਬ ਹੋ ਗਈ। ਇਹ ਗੁਜਰਾਤ ਦੇ ਤਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਆਹਲਾ ਪੁਲਿਸ ਅਧਿਕਾਰੀਆਂ ਦਾ ਮੁਕਾਬਲਿਆਂ ਦੌਰਾਨ ਦਾ ਫ਼ੋਨ ਕਾਲਾਂ ਦਾ ਰਿਕਾਰਡ ਸੀ। ਆਫ਼ੀਸ਼ੀਅਲ ਸੀਕਰਿਟਸ ਐਕਟ ਬਾਰੇ ਅੰਦਰੂਨੀ ਨੋਟ ਵੀ ਕਾਲਾਂ ਦੇ ਰਿਕਾਰਡ ਦੇ ਨਾਲ ਨੱਥੀ ਕੀਤੀ ਗਈ ਸੀ। ਸੂਬੇ ਦੀ ਸੀ.ਆਈ.ਡੀ.ਵਲੋਂ ਮੰਤਰੀ ਦੀਆਂ ਸਰਗਰਮੀਆਂ ਉਪਰ ਨਜ਼ਰ ਰੱਖੀ ਜਾ ਰਹੀ ਸੀ ਅਤੇ ਟਿੱਪਣੀ ਵਿਚ ਇਲਜ਼ਾਮ ਇਹ ਲਾਇਆ ਹੋਇਆ ਸੀ ਕਿ ਮੁਕਾਬਲਾ ਬੇਕਸੂਰਾਂ ਨੂੰ ਮਾਰਨ ਅਤੇ ਫਿਰ ਉਨ੍ਹਾਂ ਉਪਰ ਦਹਿਸ਼ਤਗਰਦਾਂ ਦਾ ਠੱਪਾ ਲਾਉਣ ਦੀ ਦੁਸ਼ਟ ਸਾਜ਼ਿਸ਼ ਸੀ।

ਇਸ ਖ਼ੁਲਾਸੇ ਨੇ ਸਿਆਸੀ ਹਲਕਿਆਂ ਅੰਦਰ ਹਲਚਲ ਮਚਾ ਦਿੱਤੀ। ਇਹ ਰਿਕਾਰਡ ਏਜੰਸੀ ਦੇ ਸਪੁਰਦ ਕਰ ਦੇਣ ਲਈ ਤਹਿਲਕਾ ਨੂੰ ਸੀ.ਬੀ.ਆਈ. ਦੇ ਧੜਾਧੜ ਫ਼ੋਨ ਆਉਣੇ ਸ਼ੁਰੂ ਹੋ ਗਏ ਜੋ ਬਾਅਦ ਵਿਚ ਸੁਪਰੀਮ ਕੋਰਟ ਵਿਚ ਪੇਸ਼ ਕੀਤਾ ਗਿਆ। ਮੈਂ ਅਹਿਮਦਾਬਾਦ ਦੇ ਹੋਟਲ ਅੰਬੈਸਡਰ ਨੂੰ ਆਪਣਾ ਟਿਕਾਣਾ ਬਣਾਈ ਰੱਖਿਆ ਜੋ ਹੁਣ ਮੇਰਾ ਦੂਜਾ ਘਰ ਬਣ ਗਿਆ ਸੀ।

ਮੁਸਲਿਮ ਆਬਾਦੀ ਦੀ ਬਹੁਤਾਤ ਵਾਲੇ ਖ਼ਾਨਪੁਰ ਇਲਾਕੇ ਵਿਚ ਸਥਿਤ ਇਹ ਹੋਟਲ ਮੇਰੇ ਲਈ ਨਿਮਾਣਾ ਰੈਣ-ਬਸੇਰਾ ਸੀ। ਇਹ ਤਾਂ ਮੈਨੂੰ ਬਾਅਦ ਵਿਚ ਪਤਾ ਲੱਗੇਗਾ ਕਿ ਭਾਜਪਾ ਦਾ ਸੂਬਾ ਦਫ਼ਤਰ ਉਥੋਂ ਕੁਝ ਬਲਾਕ ਛੱਡ ਕੇ ਹੀ ਸੀ। ਅਚਾਨਕ ਮੈਂ ਅਵਾਮ ਦੇ ਨਜ਼ਰੀਂ ਚੜ੍ਹ ਗਈ ਸੀ। ਅਯੂਬ ਨਾਂ ਦੇ ਕਿਸੇ ਨੌਜਵਾਨ ਦੀ ਚਰਚਾ ਭਾਜਪਾ ਆਗੂਆਂ ਦੀ ਜ਼ੁਬਾਨ 'ਤੇ ਸੀ ਜਿਸ ਨੇ ਇਹ ਖ਼ੁਲਾਸਾ ਕੀਤਾ ਸੀ। ਕਿਸੇ ਕਾਰਨ ਖੋਜੀ ਪੱਤਰਕਾਰ ਦੇ ਔਰਤ ਹੋਣ ਦਾ ਖ਼ਿਆਲ ਉਨ੍ਹਾਂ ਨੂੰ ਅਹੁੜਿਆ ਹੀ ਨਹੀਂ ਸੀ। ਮੈਂ ਕੋਈ ਉਜਰ ਨਹੀਂ ਕਰ ਰਹੀ ਸੀ, ਇਸ ਨੇ ਸਗੋਂ ਮੈਨੂੰ ਆਪਣੇ ਕੰਮ ਵਿਚ ਸੰਜੀਦਗੀ ਨਾਲ ਲੱਗੇ ਰਹਿਣ ਦੀ ਖੁੱਲ੍ਹ ਦਿੱਤੀ, ਪਰ ਇਹ ਖੁੱਲ੍ਹ ਬਹੁਤਾ ਚਿਰ ਨਾ ਰਹੀ। ਖ਼ੁਲਾਸਾ ਹੋਣ ਤੋਂ ਕੁਝ ਦਿਨਾਂ ਦੇ ਅੰਦਰ ਹੀ ਮੈਨੂੰ ਮੇਰੇ ਫ਼ੋਨ ਉਪਰ ਕਿਸੇ ਬੇਪਛਾਣ ਨੰਬਰ ਤੋਂ ਮੈਸੇਜ ਆ ਗਿਆ ਜੋ ਇਸ ਤਰ੍ਹਾਂ ਸੀ- ਸਾਨੂੰ ਪਤਾ ਤੂੰ ਕਿਥੇ ਰਹਿੰਦੀ ਏਂ।'

ਜ਼ਿੰਦਗੀ ਸੱਚਮੁੱਚ ਬਦਲ ਗਈ ਸੀ, ਉਸੇ ਦਿਨ ਤੋਂ ਮੈਂ ਹਰ ਤੀਜੇ ਦਿਨ ਅਹਿਮਦਾਬਾਦ ਦੇ ਆਈ.ਆਈ.ਐਮ. ਕੈਂਪਸ ਤੋਂ ਗੈਸਟ ਹਾਊਸਾਂ, ਹੋਸਟਲਾਂ ਅਤੇ ਜਿੰਮਖ਼ਾਨਿਆਂ ਤਕ ਨੂੰ ਬਦਲ-ਬਦਲ ਕੇ ਆਪਣਾ ਟਿਕਾਣਾ ਬਣਾਉਣ ਲੱਗੀ। ਮੈਂ ਮਫਰੂਰ ਵਾਂਗ ਵਿਚਰਨਾ ਸ਼ੁਰੂ ਕਰ ਦਿੱਤਾ ਸੀ। ਇਸ ਵਕਤ ਲੈਂਡਲਾਈਨ ਫ਼ੋਨਾਂ ਦੀ ਥਾਂ ਮੋਬਾਈਲ ਫ਼ੋਨ ਸੰਚਾਰ ਨੇ ਲੈ ਲਈ ਸੀ। ਆਖ਼ਿਰਕਾਰ ਜੋ ਸਬੂਤ ਮੈਂ ਜੁਟਾਏ ਸਨ, ਉਹ ਸੀ.ਬੀ.ਆਈ. ਦੇ ਸਪੁਰਦ ਕਰ ਕੇ ਅਤੇ ਆਪਣੀਆਂ ਅਗਲੀਆਂ ਰਿਪੋਰਟਾਂ ਤਿਆਰ ਕਰ ਕੇ ਮੈਂ ਮੁੰਬਈ ਪਹੁੰਚੀ ਅਤੇ ਇਕ ਤਰ੍ਹਾਂ ਦੀ ਰੋਜ਼ਮੱਰਾ ਜ਼ਿੰਦਗੀ ਵਿਚ ਵਾਪਸ ਆਉਣ ਦਾ ਫ਼ੈਸਲਾ ਕਰ ਲਿਆ। ਪਰ ਮੇਰੀ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਖ਼ੁਲਾਸਾ ਹੋਣ ਤੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਸੀ.ਬੀ.ਆਈ. ਨੇ ਅਮਿਤ ਸ਼ਾਹ ਨੂੰ ਗ੍ਰਿਫ਼ਤਾਰ ਕਰ ਲਿਆ। ਉਹ ਆਜ਼ਾਦ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲਾ ਅਹੁਦੇ ਤੇ ਬਿਰਾਜਮਾਨ ਗ੍ਰਹਿ ਮੰਤਰੀ ਸੀ ਜਿਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਰਾਤੋ-ਰਾਤ ਇਹ ਬਹੁਤ ਹੀ ਸਨਸਨੀਖੇਜ਼ ਖ਼ਬਰ ਬਣ ਗਈ। ਜ਼ਿਆਦਾਤਰ ਕੌਮੀ ਮੀਡੀਆ ਨੇ ਗਾਂਧੀਨਗਰ ਵਿਚ ਸੀ.ਬੀ.ਆਈ. ਦੇ ਸਦਰ-ਮੁਕਾਮ ਅੱਗੇ ਡੇਰੇ ਲਾ ਗਏ। ਜਿਵੇਂ ਉਮੀਦ ਹੀ ਸੀ, ਇਸ ਸਨਸਨੀਖੇਜ਼ ਗ੍ਰਿਫ਼ਤਾਰੀ ਤੋਂ ਬਾਅਦ ਦੇ ਘਟਨਾ-ਕ੍ਰਮ ਦੀ ਰਿਪੋਰਟਿੰਗ ਕਰਨ ਲਈ ਮੈਨੂੰ ਗੁਜਰਾਤ ਵਾਪਸ ਜਾਣਾ ਪਿਆ।

ਸ਼ਾਹ ਦੀ ਗ੍ਰਿਫ਼ਤਾਰੀ ਨੇ ਉਨ੍ਹਾਂ ਪੁਲਿਸ ਅਫ਼ਸਰਾਂ ਨੂੰ ਜ਼ਿੰਦਗੀ ਦੀ ਨਵੀਂ ਮੋਹਲਤ ਦੇ ਦਿੱਤੀ ਜਿਨ੍ਹਾਂ ਨਾਲ ਉਸ ਦੇ ਮਾਤਹਿਤ ਵਿਤਕਰਾ ਹੁੰਦਾ ਰਿਹਾ ਸੀ। ਹੁਣ ਅਫ਼ਸਰਾਂ ਨੇ ਮੈਨੂੰ ਇਹ ਸੰਕੇਤ ਦਿੰਦੇ ਹੋਏ ਸੁਨੇਹੇ ਭੇਜਣੇ ਸ਼ੁਰੂ ਕਰ ਦਿੱਤੇ ਕਿ ਉਹ ਗੱਲ ਕਰਨਾ ਚਾਹੁੰਦੇ ਹਨ। ਪਹਿਲਾਂ ਜਿਹੜੇ ਬਹੁਤੇ ਅਫ਼ਸਰ ਪੱਤਰਕਾਰਾਂ ਤੋਂ ਕੰਨੀ ਕਤਰਾਉਂਦੇ ਸਨ, ਉਹ ਹੁਣ ਜ਼ੁਬਾਨ ਖੋਲ੍ਹਣ ਲਈ ਹੌਸਲਾ ਜੁਟਾਉਣ ਲੱਗੇ। ਜ਼ਿਆਦਾਤਰ ਗੱਲਬਾਤ ਤਾਂ ਭਾਵੇਂ ਸਬੂਤ ਵਜੋਂ ਇਸਤੇਮਾਲ ਕਰਨ ਲਈ ਨਹੀਂ ਸੀ ਹੁੰਦੀ, ਫਿਰ ਵੀ ਇਹ ਸਪਸ਼ਟ ਸੀ ਕਿ ਇਹ ਅਖੌਤੀ ਪੁਲੀਸ ਮੁਕਾਬਲੇ ਤਾਂ ਪੂਰੇ ਮੁੱਦੇ ਦੀ ਮਾਮੂਲੀ ਜਿਹੀ ਝਲਕ ਪੇਸ਼ ਕਰਦੇ ਸਨ। ਗੁਜਰਾਤ ਅੰਦਰ ਵੱਖੋ-ਵੱਖਰੇ ਮਾਮਲਿਆਂ ਦੀਆਂ ਸਰਕਾਰੀ ਮਿਸਲਾਂ ਅੰਦਰ ਬਹੁਤ ਹੀ ਦੁਸ਼ਟ ਕਾਰਿਆਂ ਦੀ ਜਾਣਕਾਰੀ ਦੱਬੀ ਪਈ ਸੀ। ਸਾਡੇ ਵਿਚੋਂ ਕੋਈ ਵੀ ਉਸ ਸਚਾਈ ਦੇ ਨੇੜੇ-ਤੇੜੇ ਵੀ ਨਹੀਂ ਸੀ ਪਹੁੰਚਿਆ। ਇਸ਼ਾਰਾ ਇਹ ਮਿਲ ਰਿਹਾ ਸੀ ਕਿ ਬੀਤੇ ਦਹਾਕੇ ਵਿਚ ਉਥੇ ਅਦਾਲਤੀ ਅਮਲ ਦੀ ਘੋਰ ਉਲੰਘਣਾ ਕੀਤੀ ਜਾਂਦੀ ਰਹੀ ਸੀ। ਜਿਨ੍ਹਾਂ ਨੂੰ ਅਵਾਮ ਦੀਆਂ ਜ਼ਿੰਦਗੀਆਂ ਦੇ ਰਖਵਾਲੇ ਸਮਝਿਆ ਜਾਂਦਾ ਸੀ, ਉਨ੍ਹਾਂ ਨੂੰ ਖ਼ਰੀਦ ਲਿਆ ਗਿਆ ਸੀ। ਫ਼ਸਾਦਾਂ, ਮੁਕਾਬਲਿਆਂ ਤੋਂ ਲੈ ਕੇ ਸਿਆਸੀ ਕਤਲਾਂ ਤਕ ਬਹੁਤ ਸਾਰਾ ਪ੍ਰੇਸ਼ਾਨ ਕਰਨ ਵਾਲਾ ਸੱਚ ਸਾਹਮਣੇ ਆਉਣ ਦੀ ਇੰਤਜ਼ਾਰ ਵਿਚ ਸੀ, ਪਰ ਸਵਾਲ ਇਹ ਸੀ ਕਿ ਇਸ ਨੂੰ ਸਾਬਤ ਕਿਵੇਂ ਕੀਤਾ ਜਾ ਸਕਦਾ ਸੀ ?

ਪੱਤਰਕਾਰੀ ਦਾ ਬੁਨਿਆਦੀ ਨੇਮ ਸਬੂਤ ਹੈ ਅਤੇ ਮੇਰੇ ਕੋਲ ਕੁਝ ਵੀ ਨਹੀਂ ਸੀ। ਮਹਿਜ਼ ਗੱਲਬਾਤ ਦੇ ਵੇਰਵੇ ਅਤੇ ਸੁਣੀਆਂ-ਸੁਣਾਈਆਂ ਕਹਾਣੀਆਂ ਸਨ, ਜਾਂ ਫਿਰ ਐਸੇ ਇਕਬਾਲੀਆ ਬਿਆਨ ਜਿਨ੍ਹਾਂ ਨੂੰ ਸਬੂਤ ਦੇ ਤੌਰ ਤੇ ਨਹੀਂ ਲਿਆ ਜਾ ਸਕਦਾ ਸੀ। ਫਿਰ ਮੈਂ ਸਭ ਕਾਸੇ ਨੂੰ ਸਾਬਤ ਕਿਵੇਂ ਕਰਾਂ ? ਇਥੇ ਪਹੁੰਚ ਕੇ ਮੈਂ ਉਹ ਫ਼ੈਸਲਾ ਕੀਤਾ ਜੋ ਮੇਰੀ ਜ਼ਿੰਦਗੀ ਹੀ ਬਦਲ ਦੇਵੇਗਾ, ਪੇਸ਼ੇਵਰ ਤੌਰ ਤੇ ਵੀ ਅਤੇ ਜ਼ਾਤੀ ਤੌਰ ਤੇ ਵੀ। ਰਾਣਾ ਅਯੂਬ ਨੂੰ ਮੈਥਿਲੀ ਤਿਆਗੀ ਬਣਨਾ ਪਿਆ, ਕਾਨਪੁਰ ਤੋਂ ਇਕ ਕਾਇਸਥ ਬ੍ਰਾਹਮਣ ਕੁੜੀ, ਅਮਰੀਕੀ



**ਗੋਧਰਾ 'ਚ ਸਾੜੀ ਹਿੰਦੂ ਸ਼ਰਧਾਲੂਆਂ ਵਾਲੀ ਰੇਲ ਗੱਡੀ ਜਿਸਦੀ ਆੜ 'ਚ ਮੋਦੀ ਭਗਤਾਂ ਨੇ ਗੁਜਰਾਤ ਦੇ ਹਜ਼ਾਰਾਂ ਮੁਸਲਮਾਨਾਂ ਨੂੰ ਮਾਰ ਮੁਕਾਇਆ**

ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਦੀ ਵਿਦਿਆਰਥਣ ਜੋ ਗੁਜਰਾਤ ਦੇ ਵਿਕਾਸ ਮਾਡਲ ਅਤੇ ਕੁਲ ਆਲਮ ਦੇ ਪਰਵਾਸੀ ਹਿੰਦੁਸਤਾਨੀਆਂ ਅੰਦਰ ਨਰੇਂਦਰ ਮੋਦੀ ਦੀ ਮਕਬੂਲੀਅਤ ਬਾਰੇ ਫਿਲਮ ਬਣਾਉਣ ਲਈ ਆਪਣੇ ਵਤਨ ਵਾਪਸ ਆਈ ਸੀ।

## ਕਾਂਡ ਦੂਜਾ

ਆਪਣੇ ਸੀਨੀਅਰਾਂ ਨੂੰ ਵਿਸਤਾਰਤ ਮੇਲ ਭੇਜਣ ਤੇ ਉਨ੍ਹਾਂ ਵੱਲੋਂ ਹੋਰ ਡੂੰਘੀ ਛਾਣਬੀਣ ਲਈ ਦਿਤੀ ਹੱਲਾਸ਼ੇਰੀ ਮੇਰੇ ਸੋਚਣਾ ਸ਼ੁਰੂ ਕਰਨ ਲਈ ਕਾਫ਼ੀ ਸੀ। ਗੁਜਰਾਤ ਵਿਚ ਤਿੰਨ ਮਹੀਨੇ ਗੁਜ਼ਾਰਨ ਅਤੇ ਜੋ ਜਾਣਕਾਰੀ ਦੇ ਕੇ ਮੇਰੀ ਮਦਦ ਕਰਨ ਦੇ ਖ਼ਹਸ਼ਮੰਦ ਸਨ ਉਨ੍ਹਾਂ ਨੂੰ ਮਿਲਣ ਤੋਂ ਮੈਨੂੰ ਇਲਮ ਹੋ ਗਿਆ ਸੀ ਕਿ ਅਗਲਾ ਰਾਹ ਕਿੰਨਾ ਬਿਖੜਾ ਸੀ। ਸੱਤਾ ਦੇ ਅਹੁਦਿਆਂ ਚ ਬੈਠੇ ਬੰਦਿਆਂ, ਜਿਨ੍ਹਾਂ ਨੇ ਸੱਚ ਨੂੰ ਆਪਣੇ ਤੱਕ ਹੀ ਰੱਖਣ ਦਾ ਰਾਹ ਚੁਣਿਆ ਹੋਇਆ ਸੀ, ਤੋਂ ਸੱਚ ਕੁਰੇਦਣਾ ਐਨਾ ਸੌਖਾ ਨਹੀਂ ਸੀ। ਮੇਰੇ ਕਿੱਤੇ ਦੇ ਸਾਥੀ ਅਸ਼ੀਸ਼ ਖੇਤਾਨ ਨੇ ਜੋ ਕੱਚਾ ਚਿੱਠਾ ਨੰਗਾ ਕੀਤਾ ਸੀ ਉਸ ਵਿਚ ਕੰਬਣੀ ਛੇੜਨ ਵਾਲੇ ਖ਼ੁਲਾਸੇ ਕੀਤੇ ਗਏ ਸਨ ਜਿਸ ਵਿਚ ਉਸਨੂੰ ਬਾਬੂ ਬਜਰੰਗੀ ਵਰਗਿਆਂ ਤੇ ਹੋਰ ਸਥਾਨਕ ਭਾਜਪਾ ਆਗੂਆਂ ਅਤੇ ਵੀ ਐੱਚ ਪੀ ਦੇ ਆਗੂਆਂ ਨੇ ਜਦੋਂ 2002 ਕਤਲੋਗ਼ਾਰਤ ਦੇ ਬੇਰਹਿਮ ਵੇਰਵੇ ਹੁੱਬ ਹੁੱਬ ਕੇ ਦੱਸੇ ਤੇ ਉਸਨੇ ਸਟਿੰਗ ਕਰ ਲਏ ਸਨ। ਮੇਰਾ ਵਾਹ ਐਸੇ ਫ਼ਸਾਦੀਆਂ ਨਾਲ ਨਹੀਂ ਸੀ ਜਿਨ੍ਹਾਂ ਦੀ ਹਉਮੈਂ ਨੂੰ ਥੋੜ੍ਹੇ ਜਿਹੇ ਪੱਠੇ ਪਾਉਣ ਤੇ ਹੀ ਉਹ ਆਪਣੀਆਂ ਬਹਾਦਰੀ ਦੇ ਕਿੱਸੇ ਸੁਣਾ ਦਿੰਦੇ ਹਨ। ਮੇਰਾ ਵਾਹ ਹੰਢੇ ਵਰਤੇ, ਸੀਨੀਅਰ ਆਈ ਪੀ ਐਸ ਅਫ਼ਸਰਾਂ ਨਾਲ ਪੈ ਰਿਹਾ ਸੀ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਰਾਅ ਅਤੇ ਆਈ ਬੀ ਵਿਚ ਕਾਮਯਾਬੀ ਨਾਲ ਕੰਮ ਕੀਤਾ ਹੋਇਆ ਸੀ।

ਇਹ ਮੋਟੀ ਖੱਲ ਵਾਲੇ ਕੂਟਨੀਤਕ ਸਨ, ਇਨ੍ਹਾਂ ਦੀ ਜ਼ੁਬਾਨ ਖੁੱਲ੍ਹਵਾਉਣ ਲਈ ਐਸੇ ਕਾਬਲ ਅਤੇ ਘਾਗ ਖੋਜੀ ਪੱਤਰਕਾਰ ਦੀ ਮਹਾਰਤ ਦਰਕਾਰ ਸੀ ਜਿਸ ਕੋਲ ਤਾਕਤ ਵੀ ਹੋਵੇ ਅਤੇ ਅਥਾਰਟੀ ਵੀ। ਮੇਰੇ ਕੋਲ ਇਨ੍ਹਾਂ ਵਿਚੋਂ ਕੁਝ ਵੀ ਨਹੀਂ ਸੀ। ਵਿਉਂਤਬੰਦੀ ਦੇ ਨਾਲ-ਨਾਲ ਇਸ ਨੂੰ ਅਮਲ ਵਿਚ ਲਿਆਉਣਾ ਵੀ ਪੂਰੀ ਤਰ੍ਹਾਂ ਮੇਰੇ ਤੇ ਛੱਡ ਦਿੱਤਾ ਗਿਆ ਸੀ। ਮੈਂ ਇਸ ਨੂੰ ਲੈ ਕੇ ਵੀ ਚੁਕੰਨੀਂ ਸੀ ਕਿ ਮੈਂ ਆਪਣੇ ਦਫ਼ਤਰੋਂ ਕਿਸੇ ਜੂਨੀਅਰ ਨੂੰ ਵੀ ਆਪਣੇ ਨਾਲ ਨਹੀਂ ਲੈ ਸਕਦੀ ਸੀ ਕਿਉਂਕਿ ਇਸ ਦਾ ਭਾਵ ਹੋਣਾ ਸੀ ਹੋਰ ਵੀ ਜ਼ਿਆਦਾ ਜ਼ੋਖ਼ਮ। ਮੈਨੂੰ ਇਹ ਸਾਫ਼ ਦੱਸ ਦਿੱਤਾ ਗਿਆ ਸੀ ਕਿ ਮੇਰੇ ਸੰਪਾਦਕ ਮੇਰੇ ਕੰਮ ਦੀ ਨਿਗਰਾਨੀ ਕਰਦੇ ਰਹਿਣਗੇ ਪਰ ਹਰ ਚੀਜ਼ ਨੂੰ ਕਰਨਾ ਮੇਰੀ ਜ਼ਿੰਮੇਵਾਰੀ ਹੋਵੇਗੀ। ਜਦੋਂ ਵੀ ਮੈਂ ਕੋਈ ਖਰੜਾ ਭੇਜਦੀ ਤਾਂ ਸ਼ੋਮਾ ਅਤੇ ਤਰੁਣ ਦੋਹਾਂ ਵੱਲੋਂ ਮੈਨੂੰ ਐਸੇ ਹੱਲਾਸ਼ੇਰੀ ਵਾਲੇ ਲਫ਼ਜ ਸੁਨਣ ਨੂੰ ਮਿਲਦੇ ਮਸਲਨ, ਸ਼ਾਨਦਾਰ, ਲੱਗੀ ਰਹਿ ਜਾਂ ਹੈਰਾਨੀਜਨਕ ਖੁਲਾਸਾ। ਇਸ ਤਰ੍ਹਾਂ ਦੀ ਹੱਲਾਸ਼ੇਰੀ ਮੈਨੂੰ ਹੋਰ ਡੂੰਘੀ ਛਾਣਬੀਣ ਕਰਨ ਲਈ ਉਤਸ਼ਾਹਿਤ ਜ਼ਰੂਰ ਕਰਦੀ ਰਹੀ, ਪਰ ਮੈਦਾਨ ਵਿਚ ਲੜਨ ਵਾਲੀ ਮੈਂ ਇਕੱਲੀ ਹੀ ਸੀ। ਮੈਂ ਆਪਣਾ ਖ਼ਿਆਲ ਵੀ ਰੱਖਣਾ ਸੀ ਅਤੇ ਇਹ ਵੀ ਯਕੀਨੀਂ ਬਣਾਉਣਾ ਸੀ ਕਿ ਛਾਣਬੀਣ ਦੇ ਨਤੀਜੇ ਈਮਾਨਦਾਰ ਅਤੇ ਤੱਥਾਂ ਤੇ ਅਧਾਰਤ ਹੋਣ।

**ਐਸੇ ਲੋਕ ਸਨ ਜਿਨ੍ਹਾਂ ਨੂੰ ਸੱਚ ਪਤਾ ਸੀ ਅਤੇ ਜਿਨ੍ਹਾਂ ਨੇ ਇਸ ਭੇਤ ਨੂੰ ਛੁਪਾ ਕੇ ਜਿਉਣ ਦੀ ਚੋਣ ਕੀਤੀ ਹੋਈ ਸੀ ਜਿਵੇਂ ਕਿ ਇਹ ਕਾਂਡ, ਭਾਵ 2002 ਵਿਚ ਜੋ ਬੇਰਹਿਮ ਸਿਆਸੀ ਕਤਲੋਗਾਰਤ ਕੀਤੀ ਗਈ ਸੀ, ਉਨ੍ਹਾਂ ਦੇ ਜੀਵਨ ਪੰਧ ਦਾ ਹਿੱਸਾ ਹੀ ਨਾ ਹੋਵੇ। ਤਹਿਲਕਾ ਵਰਗੇ ਅਦਾਰੇ ਨਾਲ ਜੁੜੀ ਖੋਜੀ ਪਤਰਕਾਰ ਦੇ ਤੌਰ ਤੇ ਮੈਂ ਜਾਣਦੀ ਸੀ ਕਿ ਐਸਾ ਹਰ ਦਰਵਾਜ਼ਾ ਮੇਰੇ ਲਈ ਬੰਦ ਸੀ ਜੋ ਇਸ ਮਾਮਲੇ ਵਿਚ ਕੁਝ ਮਦਦ ਕਰ ਸਕਦਾ ਸੀ। ਮੇਰੇ ਸਾਹਮਣੇ ਇਕੋ ਇਕ ਰਸਤਾ ਉਹੀ ਸੀ ਜੋ ਸੱਚ ਦੀ ਭਾਲ ਵਿਚ ਜੁੱਟਿਆ ਹਰ ਪੱਤਰਕਾਰ ਆਖ਼ਰੀ ਚਾਰਾਜੋਈ ਵਜੋਂ ਇਸਤੇਮਾਲ ਕਰਦਾ ਹੈ, ਆਪਣੀ ਸ਼ਨਾਖ਼ਤ ਛੁਪਾ ਲੈਣਾ। ਓਦੋਂ ਮੈਂ ਸਿਰਫ਼ 26 ਸਾਲ ਦੀ ਮੁਸਲਮਾਨ ਕੁੜੀ ਸੀ। ਮੈਂ ਕਦੇ ਵੀ ਆਪਣੀ ਸ਼ਨਾਖ਼ਤ ਬਾਰੇ ਸੁਚੇਤ ਨਹੀਂ ਰਹੀਂ, ਪਰ ਜਦੋਂ ਇਸ ਅੱਗੇ ਮਜ਼ਬੀ ਲੀਹਾਂ ਤੇ ਵੰਡੇ ਸੂਬੇ ਵਿਚ ਜਾਣ ਦਾ ਸਵਾਲ ਆਇਆ ਤਾਂ ਇਨ੍ਹਾਂ ਪੱਖਾਂ ਬਾਰੇ ਮੈਨੂੰ ਸੋਚ ਵਿਚਾਰ ਕਰਨੀ ਪੈ ਗਈ। ਆਪਣੇ ਪਰਿਵਾਰ ਨੂੰ ਇਹ ਦੱਸਣਾ ਹੀ ਪੈਣਾ ਸੀ ਕਿ ਮੈਂ ਕੀ ਬਣਾਂਗੀ ? ਕੀ ਮੈਂ ਉਨ੍ਹਾਂ ਦੀ ਮਦਦ ਤੋਂ ਬਿਨਾਂ ਇਹ ਕਰਨ ਦੇ ਯੋਗ ਹੁੰਦੀ ?**

**ਐਸੇ ਲੋਕ ਸਨ ਜਿਨ੍ਹਾਂ ਨੂੰ ਸੱਚ ਪਤਾ ਸੀ ਅਤੇ ਜਿਨ੍ਹਾਂ ਨੇ ਇਸ ਭੇਤ ਨੂੰ ਛੁਪਾ ਕੇ ਜਿਉਣ ਦੀ ਚੋਣ ਕੀਤੀ ਹੋਈ ਸੀ ਜਿਵੇਂ ਕਿ ਇਹ ਕਾਂਡ, ਭਾਵ 2002 ਵਿਚ ਜੋ ਬੇਰਹਿਮ ਸਿਆਸੀ ਕਤਲੋਗਾਰਤ ਕੀਤੀ ਗਈ ਸੀ, ਉਨ੍ਹਾਂ ਦੇ ਜੀਵਨ ਪੰਧ ਦਾ ਹਿੱਸਾ ਹੀ ਨਾ ਹੋਵੇ। ਤਹਿਲਕਾ ਵਰਗੇ ਅਦਾਰੇ ਨਾਲ ਜੁੜੀ ਖੋਜੀ ਪਤਰਕਾਰ ਦੇ ਤੌਰ ਤੇ ਮੈਂ ਜਾਣਦੀ ਸੀ ਕਿ ਐਸਾ ਹਰ ਦਰਵਾਜ਼ਾ ਮੇਰੇ ਲਈ ਬੰਦ ਸੀ ਜੋ ਇਸ ਮਾਮਲੇ ਵਿਚ ਕੁਝ ਮਦਦ ਕਰ ਸਕਦਾ ਸੀ। ਮੇਰੇ ਸਾਹਮਣੇ ਇਕੋ ਇਕ ਰਸਤਾ ਉਹੀ ਸੀ ਜੋ ਸੱਚ ਦੀ ਭਾਲ ਵਿਚ ਜੁੱਟਿਆ ਹਰ ਪੱਤਰਕਾਰ ਆਖ਼ਰੀ ਚਾਰਾਜੋਈ ਵਜੋਂ ਇਸਤੇਮਾਲ ਕਰਦਾ ਹੈ, ਆਪਣੀ ਸ਼ਨਾਖ਼ਤ ਛੁਪਾ ਲੈਣਾ। ਓਦੋਂ ਮੈਂ ਸਿਰਫ਼ 26 ਸਾਲ ਦੀ ਮੁਸਲਮਾਨ ਕੁੜੀ ਸੀ। ਮੈਂ ਕਦੇ ਵੀ ਆਪਣੀ ਸ਼ਨਾਖ਼ਤ ਬਾਰੇ ਸੁਚੇਤ ਨਹੀਂ ਰਹੀਂ, ਪਰ ਜਦੋਂ ਇਸ ਅੱਗੇ ਮਜ਼ਬੀ ਲੀਹਾਂ ਤੇ ਵੰਡੇ ਸੂਬੇ ਵਿਚ ਜਾਣ ਦਾ ਸਵਾਲ ਆਇਆ ਤਾਂ ਇਨ੍ਹਾਂ ਪੱਖਾਂ ਬਾਰੇ ਮੈਨੂੰ ਸੋਚ ਵਿਚਾਰ ਕਰਨੀ ਪੈ ਗਈ। ਆਪਣੇ ਪਰਿਵਾਰ ਨੂੰ ਇਹ ਦੱਸਣਾ ਹੀ ਪੈਣਾ ਸੀ ਕਿ ਮੈਂ ਕੀ ਬਣਾਂਗੀ ? ਕੀ ਮੈਂ ਉਨ੍ਹਾਂ ਦੀ ਮਦਦ ਤੋਂ ਬਿਨਾਂ ਇਹ ਕਰਨ ਦੇ ਯੋਗ ਹੁੰਦੀ ?**

ਇਹ ਤੱਥ ਕਿ ਮੈਂ ਇਕ ਮਸ਼ਹੂਰ ਮਾਸ ਕਮਿਊਨੀਕੇਸ਼ਨ ਕੋਰਸ ਕੀਤਾ ਹੋਇਆ ਸੀ ਇਸ ਵਕਤ ਮੇਰੇ ਕੰਮ ਆਇਆ। ਮੇਰੇ ਜਮਾਤੀਆਂ ਵਿਚ ਐਕਟਰ ਬਣਨ ਦੇ ਅਭਿਲਾਸ਼ੀ ਹੁੰਦੇ ਸਨ ਜਿਨ੍ਹਾਂ ਨੇ ਫਿਲਮ ਸਨਅਤ ਵਿਚ ਆਪਣੀ ਥਾਂ ਬਣਾ ਲਈ ਸੀ। ਅਭਿਨੇਤਰੀ ਰਿਚਾ ਚੱਢਾ, ਜੋ ਮੇਰੀ ਜਮਾਤਣ ਸੀ ਅਤੇ ਇਸ ਵਕਤ ਸਭ ਤੋਂ ਜ਼ਹੀਨ ਫਿਲਮੀ ਨਾਇਕਾਵਾਂ ਵਿਚੋਂ ਇਕ ਹੈ, ਨੇ ਪਿੱਛੇ ਜਹੇ ਆਪਣੀ ਇਕ ਗੱਲਬਾਤ ਵਿਚ ਜ਼ਿਕਰ ਕੀਤਾ ਕਿ ਉਸ ਨੇ ਬਤੌਰ ਪੱਤਰਕਾਰ ਮੇਰੇ ਕਰੀਅਰ ਗ੍ਰਾਫ ਅਤੇ ਤਜ਼ਰਬਿਆਂ ਨੂੰ ਇਕ ਫਿਲਮ ਤਿਆਰ ਕਰਨ ਲਈ ਚੁਣਿਆ ਜਿਸ ਵਿਚ ਉਸਨੇ ਇਕ ਰਿਪੋਰਟਰ ਦੀ ਭੂਮਿਕਾ ਨਿਭਾਉਣੀ ਹੈ। ਇਸੇ ਤਰ੍ਹਾਂ ਹੀ ਲੰਮੇ ਸਮੇਂ ਤੋਂ ਮਿਲੇ ਨਹੀਂ ਦੀ ਕਾਲ ਮੈਂ ਇਕ ਹੋਰ ਐਸੀ ਅਭਿਨੇਤਰੀ ਸਹੇਲੀ ਨੂੰ ਕੀਤੀ ਜਿਸ ਨੂੰ ਮੈਂ ਆਪਣੇ ਸਭ ਤੋਂ ਨੇੜੇ ਸਮਝਦੀ ਸੀ। ਆਪਣੀ ਦੋਸਤ ਦੀ ਸਹਾਇਤਾ ਨਾਲ ਮੈਂ ਉਸਦੇ ਮੇਕ ਅੱਪ ਕਰਤਾ ਤੋਂ ਸਮਾਂ ਲੈ ਲਿਆ। ਅਗਲੇ ਦਿਨ ਮੈਂ ਸਰਅਰਬਨ ਮੁੰਬਈ ਦੇ ਇਕ ਸਟੂਡੀਓ ਵਿਚ ਨਕਲੀ ਵਾਲ ਲਗਾਉਣ ਦੀ ਤਕਨੀਕੀ ਮੁਹਾਰਤ ਸਿਖਦੀ ਹੋਈ ਚਾਹ ਦੀਆਂ ਚੁਸਕੀਆਂ ਲੈ ਰਹੀ ਸੀ। ਮੇਕ ਅੱਪ ਮਾਹਰ, ਜੋ ਤਜ਼ਰਬੇਕਾਰ ਬੰਦਾ ਸੀ, ਕੋਲ ਜੋ ਸਟਾਕ ਸੀ ਉਸ ਵਿਚੋਂ ਕੁਝ ਸਮਾਨ ਦੇ ਕੇ ਉਸਨੇ ਮੇਰੀ ਮਦਦ ਕੀਤੀ। ਨਕਲੀ ਵਾਲਾਂ ਨਾਲ ਮੈਂ ਵੱਖਰੀ ਤਾਂ ਨਜ਼ਰ ਆਈ, ਪਰ ਕੁਝ ਬਨਾਉਟੀ ਅਤੇ ਬੇਢੱਬਾ ਵੀ ਮਹਿਸੂਸ ਹੁੰਦਾ ਸੀ। ਇਹ ਹਾਰ ਸ਼ਿੰਗਾਰ ਕਾਮਯਾਬ ਨਾ ਹੋਇਆ।

ਫਿਰ ਮੈਨੂੰ ਫੁਰਨਾ ਫੁਰਿਆ ਕਿ ਬਿਹਤਰ ਹੋਵੇਗਾ ਕਿ ਆਪਣੀ ਪੂਰੀ ਸ਼ਨਾਖ਼ਤ ਹੀ ਬਦਲ ਲਈ ਜਾਵੇ। ਜਿਵੇਂ ਮੇਰੀ ਕਿਸਮਤ ਨੂੰ ਮਨਜ਼ੂਰ ਸੀ, ਇਕ ਗੁਰੱਪ ਆਈ ਡੀ ਵਿਚ ਮੈਨੂੰ ਇਕ ਮੇਲ ਮਿਲ ਗਈ ਜਿਸ ਵਿਚ ਮੈਂ ਆਪਣੇ ਇਕ ਕੁਲੀਗ ਦੇ ਸਾਬਕਾ ਜਮਾਤੀਆਂ ਨਾਲ ਸ਼ਾਮਲ ਸੀ ਜੋ ਲਾਸ ਏਂਜਲਸ ਦੀ ਮਸ਼ਹੂਰ ਅਮਰੀਕੀ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਵਿਚ ਸੰਸਥਾ ਚਲਾ ਗਿਆ ਸੀ। ਇਹ ਮੇਰੇ ਲਈ ਲਾਧੋ ਰੇ, ਲਾਧੋ ਰੇ ਵਾਲਾ ਪਲ ਸੀ। ਇਹ ਹੁਣ ਮੇਰੀ ਸ਼ਨਾਖ਼ਤ ਹੋਣੀ ਸੀ। ਗੁਜਰਾਤ ਵਿਚ ਅਮਰੀਕਾ ਤੋਂ ਕੋਈ ਫਿਲਮ ਬਣਾਉਣ ਆਈ ਇਕ ਫਿਲਮਸਾਜ਼। ਫੁਰਨਾ ਬਹੁਤ ਅਭਿਲਾਸ਼ੀ ਸੀ, ਪਰ ਇਸਦੇ ਵਿਵਹਾਰਕ ਹੋਣ ਦੀ ਸੰਭਾਵਨਾ ਅਜੇ ਸੰਭਾਵਨਾ ਦੇ ਦਾਇਰੇ ਵਿਚ ਹੀ ਸੀ।

ਅਗਲੇ ਕੁਝ ਦਿਨ ਮੈਂ ਕਾਨਜ਼ਰਵੇਟਰੀ ਦੇ ਕੰਮ, ਇਸਦੇ ਵਿਦਿਆਰਥੀਆਂ, ਇਸ ਵੱਲੋਂ ਜੋ ਫਿਲਮਾਂ ਬਣਾਈਆਂ ਗਈਆਂ ਸਨ ਉਨ੍ਹਾਂ ਦਾ ਮੁਤਾਲਿਆ ਕਰਦਿਆਂ ਅਤੇ ਗੁਜਰਾਤ ਬਾਰੇ ਜੋ ਫਿਲਮਾਂ ਬਣੀਆਂ ਸਨ ਤੇ ਉਨ੍ਹਾਂ ਵਿਚ ਜਿਨ੍ਹਾਂ ਵਿਸ਼ਾ ਵਸਤੂ ਉਪਰ ਕੇਂਦਰਤ ਕੀਤਾ ਗਿਆ ਸੀ ਉਨ੍ਹਾਂ ਬਾਰੇ ਖੋਜ ਕਰਦਿਆਂ ਗੁਜ਼ਾਰੇ। ਆਖਿਰਕਾਰ, ਮੈਂ ਫਿਲਮ ਦਾ ਵਿਸ਼ਾ ਵਸਤੂ ਖੁੱਲ੍ਹਾ ਛੱਡ ਲਿਆ, ਇਹ ਸੋਚ ਕੇ ਕਿ ਜਿਨ੍ਹਾਂ ਕਿਰਦਾਰਾਂ ਨੂੰ ਮੈਂ ਫਿਲਮ ਦੀ ਕਹਾਣੀ ਵਿਚ ਮਿਲਾਂਗੀ ਇਹ ਉਨ੍ਹਾਂ ਦੇ ਹੁੰਗਾਰੇ ਤੇ ਮੁਨੱਸਰ ਹੋਵੇਗਾ ਜਿਸਦੀ ਅਜੇ ਪਟ ਕਥਾ ਕੋਈ ਨਹੀਂ। ਮੈਨੰ ਕੋਈ ਨਾਂ ਤਾਂ ਰੱਖਣਾ ਹੀ ਪੈਣਾ ਸੀ। ਕੋਈ ਐਸ ਜੋ ਨਿੱਘ ਵਾਲਾ ਤੇ ਰੂੜ੍ਹੀਵਾਦੀ ਵੀ ਹੋਵੇ ਅਤੇ ਇਹ ਐਸਾ ਤਕੜਾ ਪੈਗ਼ਾਮ ਵੀ ਦਿੰਦਾ ਹੋਵੇ ਜੋ ਇਸ ਲਈ ਜ਼ਰੂਰੀ ਸੀ।

ਮੈਂ ਇਹ ਇਕਬਾਲ ਕਰ ਦੇਵਾਂ ਕਿ ਫਿਲਮਾਂ ਦੇਖਣ ਦੀ ਰੁਚੀ ਇਥੇ ਮੇਰੇ ਬਹੁਤ ਕੰਮ ਆਈ। ਮੈਂ ਹਿੰਦੀ ਫਿਲਮਾਂ ਦੇਖਣ ਦੀ ਸ਼ੌਕੀਨ ਹਾਂ ਅਤੇ ਮੈਨੂੰ ਚੇਤੇ ਹੈ ਓਦੋਂ ਮੈਂ ਜੋ ਫਿਲਮਾਂ ਦੇਖੀਆਂ ਉਨ੍ਹਾਂ ਵਿਚੋਂ ਇਕ ਸੀ ਰਾਜਕੁਮਾਰ ਸੰਤੋਸ਼ੀ ਦੀ ਲੱਜਾ। ਇਹ ਮੈਂ ਦਿੱਲੀ ਤੋਂ ਮੁੰਬਈ ਦੇ ਇਕ ਹਵਾਈ ਸਫ਼ਰ ਦੌਰਾਨ ਦੇਖੀ ਸੀ। ਫਿਲਮ ਦੇ ਜ਼ਬਰਦਸਤ ਔਰਤ ਕਿਰਦਾਰ ਇਸਦੇ ਮੰਡੀਕਰਨ ਦੀ ਰਣਨੀਤੀ ਚੋਂ ਲਏ ਗਏ ਸਨ, ਮਾਧੁਰੀ ਦੀਕਸ਼ਤ ਅਤੇ ਮਨੀਸ਼ਾ ਕੋਇਰਾਲਾ ਸਮੇਤ ਇਸ ਦੀਆਂ ਮੁੱਖ ਅਭਿਨੇਤਰੀਆਂ ਦੇ ਕਲਾ ਦੇ ਜੌਹਰ ਇਸ ਪੱਖ ਨੂੰ ਹੋਰ ਮਜ਼ਬੂਤ ਕਰਦੇ ਸਨ। ਫਿਲਮ ਵਿਚ, ਕੋਇਰਾਲਾ ਨੇ ਮੈਥਿਲੀ ਨਾਂ ਦਾ ਕਿਰਦਾਰ ਨਿਭਾਇਆ ਜੋ ਹਿੰਦੁਸਤਾਨੀ ਔਰਤਾਂ ਦੀਆਂ ਜ਼ਿੰਦਗੀਆਂ ਅਤੇ ਜਾਤ ਜਿਨਸੀ ਜਬਰ ਨੂੰ ਸਾਹਮਣੇ ਲਿਆਉਂਦਾ ਸੀ। ਮੈਥਿਲੀ ਭਗਵਾਨ ਰਾਮ ਦੀ ਪਤਨੀ ਸੀਤਾ ਦਾ ਨਾਂ ਵੀ ਸੀ। ਨਾਂ ਐਸਾ ਟੁਣਕਵਾਂ ਸੀ ਕਿ ਇਹੀ ਪੱਕਾ ਹੋ ਗਿਆ। ਫਿਰ ਮੈਂ ਐਸੇ ਉਪ ਨਾਂ ਦੀ ਤਲਾਸ਼ ਕਰਨ ਲੱਗੀ ਜੋ ਆਮ ਵੀ ਹੋਵੇ ਅਤੇ ਜੋ ਬ੍ਰਾਹਮਣ ਜਾਂ ਦਲਿਤ ਦਰਜੇ ਨੂੰ ਦਰਸਾਉਂਦੀ ਕਿਸੇ ਤਰ੍ਹਾਂ ਦੀ ਹੈਂਕੜਬਾਜ਼ੀ ਦਾ ਸੰਕੇਤ ਵੀ ਨਾ ਹੋਵੇ, ਉਸ ਵਿਚੋਂ ਮੈਥਿਲਾ ਤਿਆਗੀ ਦਾ ਜਨਮ ਹੋਇਆ। ਮੇਰਾ ਵਿਜ਼ਟਿੰਗ ਕਾਰਡ ਇੰਝ ਹੈ: ਮੈਥਿਲੀ ਤਿਆਗੀ, ਇੰਡੀਪੈਂਡੈਂਟ ਫਿਲਮਮੇਕਰ, ਅਮੈਰੀਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ।

ਲੇਕਿਨ ਇਸ ਤੋਂ ਪਹਿਲਾਂ ਕਿ ਮੈਂ ਗੁਜਰਾਤ ਲਈ ਮੁੜ ਰਵਾਨਾ ਹੁੰਦੀ, ਮੈਨੂੰ ਇਕ ਕਾਬਿਲ ਸਹਿਯੋਗੀ ਦੀ ਲੋੜ ਸੀ ਜੋ ਛੇਤੀ ਹੀ ਮੇਰੇ ਨਾਲ ਆ ਜੁੜਿਆ ਅਤੇ ਜਿਸਦੀ ਮੌਜੂਦਗੀ ਦਾ ਮੇਰੀ ਜ਼ਿੰਦਗੀ ਉਪਰ ਡੂੰਘਾ ਅਸਰ ਹੋਵੇਗਾ। ਮਾਈਕ (ਨਾਂ ਬਦਲਿਆ ਹੋਇਆ) ਫਰਾਂਸ ਵਿਚ ਸਾਇੰਸ ਦਾ ਵਿਦਿਆਰਥੀ ਸੀ ਜੋ ਵਿਦਿਆਰਥੀਆਂ ਦੇ ਆਦਾਨ ਪ੍ਰਦਾਨ ਪ੍ਰੋਗਰਾਮ ਤਹਿਤ ਹਿੰਦੁਸਤਾਨ ਆਇਆ ਹੋਇਆ ਸੀ। ਮਾਈਕ ਹਿੰਦੁਸਤਾਨ ਵਿਚ ਰਹਿ ਕੇ ਹਿੰਦੁਸਤਾਨੀ ਪੱਤਰਕਾਰਾਂ ਨਾਲ ਕੰਮ ਕਰਨਾ ਚਾਹੁੰਦਾ ਸੀ। ਮੈਂ ਆਪਣੇ ਵੱਲੋਂ ਕੀਤੀ ਜਾਣ ਵਾਲੀ ਛਾਣਬੀਣ ਦੀ ਕੋਈ ਤਫ਼ਸੀਲ ਦਿੱਤੇ ਬਗ਼ੈਰ, ਪਰ ਸੰਭਵ ਹੱਦ ਤਕ ਈਮਾਨਦਾਰ ਰਹਿਣ ਦੀ ਵਾਹ ਲਾਉਂਦੇ ਹੋਏ ਉਸ ਨੂੰ ਮੇਲ ਕੀਤੀ।

ਮੈਂ ਉਸਨੂੰ ਦਸਿਆ ਕਿ ਮੈਨੂੰ ਇਕ ਗ਼ੈਰ ਹਿੰਦੁਸਤਾਨੀ ਸਾਥੀ ਦੀ ਜ਼ਰੂਰਤ ਸੀ ਜੋ ਮੇਰੇ ਨਾਲ ਫਿਲਮ ਉਪਰ ਕੰਮ ਕਰਨ ਦਾ ਢੌਂਗ ਰਚ ਸਕੇ। ਇਹ, ਮੈਂ ਉਸਨੂੰ ਦਸਿਆ, ਇਕ ਲੰਮੀ ਚੌੜੀ, ਬਹੁਤ ਹੀ ਸੰਵੇਦਨਸ਼ੀਲ ਛਾਣਬੀਣ ਦਾ ਹਿੱਸਾ ਹੋਵੇਗਾ। ਮੈਂ ਉਸਨੂੰ ਚੇਤਾਵਨੀ ਵੀ ਦੇ ਦਿੱਤੀ ਕਿ ਮਾਈਕ ਜਾਣਕਾਰੀ ਦੀ ਤਫ਼ਸੀਲ ਦਾ ਹਮਰਾਜ਼ ਨਹੀਂ ਹੋਵੇਗਾ। ਉਹ ਤਾਂ ਬਸ ਮੇਰੀ ਸ਼ਨਾਖ਼ਤ ਨੂੰ ਪ੍ਰਮਾਣਿਕ ਬਣਾਉਣ ਲਈ ਇਕ ਫਿਰੰਗੀ, ਗੋਰਾ ਚਿਹਰਾ ਹੋਵੇਗਾ।

ਆਪਣੇ ਨਵੇਂ ਵਿਜ਼ਿਟਿੰਗ ਕਾਰਡਾਂ, ਗੂੜ੍ਹੇ ਸਲੇਟੀ ਲੈਂਜਾਂ ਦੇ ਜੋੜੇ, ਵਾਲ ਸਿੱਧੇ ਕਰਨ ਵਾਲਾ ਚਿਪਟਾ, ਸਿਰ ਤੇ ਬੰਨ੍ਹਣ ਲਈ ਰੰਗ ਬਰੰਗੇ ਰੁਮਾਲਾਂ ਨਾਲ ਲੈਸ ਹੋ ਕੇ ਮੈਂ ਹਵਾਈ ਉਡਾਣ ਰਾਹੀਂ ਅਹਿਮਦਾਬਾਦ ਆ ਗਈ। ਮਾਈਕ ਨੇ ਦੋ ਦਿਨ ਬਾਅਦ ਆਉਣਾ ਸੀ। ਮੈਂ ਤੁਰੰਤ ਮੈਥਲੀ ਤਿਆਗੀ ਦੇ ਨਾਂ ਤੇ ਨਵਾਂ ਸਿਮ ਕਾਰਡ ਖਰੀਦ ਲਿਆ। ਮੈਂ ਹੈਰਾਨ ਸੀ ਕਿ ਅਹਿਮਦਾਬਾਦ ਵਿਚਲੇ ਆਪਣੇ ਕਥਿਤ ਸਰਪ੍ਰਸਤ ਪਰਿਵਾਰ ਵੱਲੋਂ ਜੁਟਾਏ ਦਸਤਾਵੇਜ਼ਾਂ ਦੀ ਮਦਦ ਨਾਲ ਮੈਂ ਕਿੰਨੀ ਅਸਾਨੀ ਨਾਲ ਇਹ ਹਾਸਲ ਕਰ ਲਿਆ ਸੀ। ਛਾਣਬੀਣ ਦਾ ਕੰਮ ਲੰਮਾ ਸਮਾਂ ਚਲਣਾ ਸੀ। ਇਕ ਆਲੀਸ਼ਾਨ ਹੋਟਲ ਵਿਚ ਰਹਿਣ ਦਾ ਸ਼ਾਹੀ ਖਰਚਾ ਨਾ ਮੈਂ ਦੇ ਸਕਦੀ ਸੀ ਅਤੇ ਨਾ ਮੇਰੀ ਸੰਸਥਾ। ਮੈਂ ਇਕ ਸੰਘਰਸ਼ਸ਼ੀਲ ਫਿਲਮਸਾਜ਼ ਦਾ ਕਿਰਦਾਰ ਵੀ ਤਾਂ ਨਿਭਾ ਰਹੀ ਸੀ। ਜਿਸਦੇ ਵਿਤੀ ਵਸੀਲੇ ਵੀ ਸੀਮਤ ਹੀ ਸਨ। ਇਸ ਤਰ੍ਹਾਂ ਦੇ ਰੈਣ ਬਸੇਰੇ ਦਾ ਇੰਤਜ਼ਾਮ ਕੋਈ ਸਥਾਨਕ ਬੰਦਾ ਹੀ ਕਰ ਸਕਦਾ ਸੀ। ਇਸ ਵਕਤ ਮੇਰਾ ਇਕ ਕਲਾਕਾਰ ਮਿੱਤਰ ਮੇਰੇ ਕੰਮ ਆਇਆ ਜਿਸ ਦੇ ਅਹਿਮਦਾਬਾਦ ਦੇ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਨਾਲ ਚੰਗੇ ਸਬੰਧ ਸਨ। ਉਹ ਐਨਾ ਦਿਆਲੂ ਸੁਭਾਅ ਦਾ ਸੀ ਕਿ ਬਹੁਤੇ ਸਵਾਲ ਵੀ ਨਹੀਂ ਪੁੱਛਦਾ ਸੀ। ਇਹ ਤੱਥ ਕਿ ਮੈਂ ਹੀ ਉਹ ਪੱਤਰਕਾਰ ਸੀ ਜਿਸਦੀ ਛਾਣਬੀਣ ਨੇ ਗੁਜਰਾਤ ਦੇ ਗ੍ਰਹਿ ਮੰਤਰੀ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰਾਇਆ ਸੀ ਉਸ ਲਈ ਆਪਣਾ ਰਸੂਖ਼ ਇਸਤੇਮਾਲ ਕਰਕੇ ਇਕ ਵਿਦਿਅਕ ਸੰਸਥਾ, ਨਹਿਰੂ ਫਾਊਂਡੇਸ਼ਨ ਵਿਖੇ ਰੈਣ-ਬਸੇਰਾ ਹਾਸਲ ਕਰਨ ਚ ਮੇਰੀ ਮਦਦ ਕਰਨ ਲਈ ਕਾਫ਼ੀ ਸੀ।

ਫਾਊਂਡੇਸ਼ਨ ਵਿਚ ਹੋਸਟਲ ਦੀ ਵਾਰਡਨ ਨਾਲ ਮੇਰਾ ਤੁਆਰਫ਼ ਇਕ ਫਿਲਮਸਾਜ਼ ਵਜੋਂ ਕਰਾਇਆ ਗਿਆ ਜਿਸ ਨੇ ਇਕੇਰਾਂ ਮੇਰੇ ਤੇ ਨਜ਼ਰ ਮਾਰੀ ਅਤੇ ਫਿਰ ਮੇਰੀ ਮਦਦ ਕਰਨ ਲਈ ਆਏ ਦੋਸਤ ਨਾਲ ਗੱਲੀਂ ਜੁੱਟ ਗਈ। ਮੈਂ 250 ਰੁਪਏ ਰੋਜ਼ਾਨਾ ਕਿਰਾਏ ਉਪਰ ਆਪਣੇ ਲਈ ਇਕ 250 ਵਰਗ ਫੁੱਟ ਦਾ ਕਮਰਾ ਲੈਣ ਵਿਚ ਕਾਮਯਾਬ ਹੋ ਗਈ ਸੀ ਜਿਸਦੇ ਅੰਦਰ ਹੀ ਗੁਸਲਖ਼ਾਨਾ ਬਣਿਆ ਹੋਇਆ ਸੀ। ਜਿਵੇਂ ਕਿ ਵਾਪਰਦਾ ਹੈ, ਹੋਸਟਲ ਵਿਖੇ ਰਹਿਣ ਵਾਲੇ ਮੇਰੇ ਨਾਲ ਦੇ ਕਿਰਾਏਦਾਰਾਂ ਨੇ ਮੇਰੀ ਛਾਣਬੀਣ ਵਿਚ ਅਹਿਮ ਕਿਰਦਾਰ ਨਿਭਾਏ। ਉਹ ਯੂਰਪ ਦੇ ਵੱਖੋ ਵੱਖਰੇ ਹਿੱਸਿਆ-ਜਰਮਨੀ, ਗ੍ਰੀਨਲੈਂਡ ਅਤੇ ਲੰਦਨ- ਤੋਂ ਵਿਦਿਆਰਥੀ ਸਨ। ਮਾਨਿਕ ਭਾਈ (ਜਾਅਲੀ ਨਾਂ), ਹੋਸਟਲ ਦਾ ਡੀਨ ਜਾਂ ਮੈਨੇਜਰ, ਮੇਰਾ ਪਹਿਲਾ ਵਾਕਫ਼ਕਾਰ ਸੀ। ਮੈਡਮ ਇਥੇ ਗੁਰਜਾਤ ਬਾਰੇ ਇਕ ਫਿਲਮ ਬਣਾਉਣ ਲਈ ਆਈ ਹੋਈ ਏ ਮੇਰਾ ਉਸ ਨਾਲ ਤੁਆਰਫ਼ ਇੰਝ ਕਰਾਇਆ ਗਿਆ। ਬਹੁਤ ਖ਼ੂ ਮਾਨਿਕ ਭਾਈ ਬੋਲੇ। ਕ੍ਰਿਪਾ ਕਰਕੇ ਮੇਰੇ ਸ਼ਹਿਰ ਅਤੇ ਸਾਡੇ ਸੀ ਐੱਮ ਬਾਰੇ ਚੰਗੀਆਂ ਗੱਲਾਂ ਦੱਸਣਾ। ਇਹ ਅਹਿਮਦਾਬਾਦ ਇਕ ਖ਼ੂਬਸੂਰਤ ਸ਼ਹਿਰ ਹੈ; ਉਸਨੇ ਇਕੋ ਸਾਹ ਮੈਨੂੰ ਪੂਰੇ ਸ਼ਹਿਰ ਦੀ ਝਲਕ ਪੇਸ਼ ਕਰਿਦਆਂ ਦਸਿਆ। ਮੇਰੇ ਕਮਰੇ ਵਿਚ ਇਕਹਿਰੇ ਬੈੱਡ, ਲਿਖਣ ਲਈ ਮੇਜ਼ ਅਤੇ ਕਿਤਾਬਾਂ ਰੱਖਣ ਵਾਲੇ ਸਟੈਂਡ ਲਈ ਚੋਖੀ ਜਗ੍ਹਾ ਸੀ। ਪਰ ਹੋਸਟਲ ਦੀ ਲੋਕੇਸ਼ਨ ਥਾਂ ਦੀ ਘਾਟ ਪੂਰੀ ਕਰਦੀ ਸੀ। ਗੁਜਰਾਤ ਦੇ ਇਕ ਸ਼ਾਹੀ ਅਤੇ ਕੇਂਦਰੀ ਇਲਾਕਿਆਂ ਵਿਚ ਸਥਿਤ ਇਹ ਥਾਂ ਅਗਲੇ ਛੇ ਮਹੀਨਿਆਂ ਲਈ ਆਪਣੇ ਘਰ ਤੋਂ ਦੂਰ ਮੇਰਾ ਘਰ ਹੋਵੇਗੀ।



ਇਸ਼ਰਤ ਜਹਾਂ ਅਤੇ ਸਾਥੀਆਂ ਦੇ ਝੂਠੇ ਪੁਲੀਸ ਮੁਕਾਬਲੇ ਦੀ ਇੱਕ ਤਸਵੀਰ

ਅਗਲੀ ਸਵੇਰ ਮਾਈਕ ਆ ਗਿਆ, 19 ਸਾਲ ਦਾ ਚਮਕਦੇ ਰੰਗ ਦਾ ਉੱਚਾ ਲੰਮਾ ਉਗੜ-ਦੁਗੜੇ ਵਾਲਾਂ ਵਾਲਾ ਹਸਮੁੱਖ ਫਰਾਂਸੀਸੀ ਮੁੰਡਾ। ਮੈਂ ਉਸਨੂੰ ਆਪਣੇ ਦੋਸਤ ਦੇ ਘਰ ਮਿਲੀ ਜਿਥੇ ਮੈਂ ਉਸਨੂੰ ਆਪਣੇ ਨਾਲ ਹੋਸਟਲ ਲਿਆਉਣ ਤੋਂ ਪਹਿਲਾਂ ਉਸ ਵੱਲੋਂ ਨਿਭਾਈ ਜਾਣ ਵਾਲੀ ਭੂਮਿਕਾ ਸਮਝਾ ਦਿੱਤੀ।

ਮਾਨਿਕ ਭਾਈ ਨੇ ਅਗਲੇ ਇਕ ਮਹੀਨੇ ਲਈ ਮੇਰੇ ਨਾਲ ਵਾਲਾ ਕਮਰਾ ਮਾਈਕ ਨੂੰ ਦੇਣ ਲਈ ਖ਼ੂਬ ਦਿਆਲਤਾ ਦਿਖਾਈ। ਇਹ ਪ੍ਰਤੱਖ ਸੀ ਕਿ ਮਾਈਕ ਦੇ ਕੈਂਮਛੂ ਦੇ ਉਸ ਉਪਰ ਪਾਏ ਪ੍ਰਭਾਵ ਨੇ ਵੀ ਇਸ ਵਿਚ ਆਪਣੀ ਭੂਮਿਕਾ ਨਿਭਾਈ ਸੀ। ਮਾਈਕ ਸਿਖਾਂਦਰੂ ਸੀ, ਹੋਰ ਸੰਸਕ੍ਰਿਤੀਆਂ ਨੂੰ ਘੋਖਣ ਅਤੇ ਸਮਝਣ ਨਾਲ ਉਸ ਨੂੰ ਬਹੁਤ ਮੋਹ ਸੀ ਪਰ ਖਾਣਾ ਉਸਦੀ ਖ਼ਾਸ ਪਸੰਦ ਸੀ। ਉਸ ਸ਼ਾਮ ਨੂੰ ਸਾਡਾ ਪਹਿਲਾ ਖਾਣਾ ਅਹਿਮਦਾਬਾਦ ਦੇ ਪਕਵਾਨਾਂ ਦੇ ਮਸ਼ਹੂਰ ਥਾਲੀ ਜਾਇੰਟ ਵਿਖੇ ਸੀ। ਜਿਵੇਂ ਮੈਂ ਤੇ ਮਾਈਕ ਹੁਣ ਵੀ ਚੇਤੇ ਕਰਕੇ ਖੁਸ਼ ਹੋ ਲੈਂਦੇ ਹਾਂ ਕਿ ਉਸ ਰਾਤ ਮਾਈਕ ਘੱਟੋ ਘੱਟ ਦੋ ਦਰਜਨ ਪੂਰੀਆਂ ਅਤੇ ਛੇ ਕਟੋਰੇ ਹਲਵੇ ਦੇ ਚੱਟਮ ਕਰ ਗਿਆ ਸੀ ਜੋ ਮੇਰੇ ਲਈ ਬੁਝਾਰਤ ਤੋਂ ਘੱਟ ਨਹੀਂ ਸੀ।

ਜਦੋਂ ਖਾਣਾ ਖਾਣ ਪਿੱਛੋਂ ਅਸੀਂ ਹੋਸਟਲ ਦੀਆਂ ਪੌੜੀਆਂ ਚੜ੍ਹਕੇ ਉਪਰ ਪਹੁੰਚੇ, ਉਸ ਨੇ ਮੈਨੂੰ ਪੁੱਛਿਆ, ਜਦੋਂ ਅਸੀਂ ਇਕੱਲੇ ਹੀ ਹੋਈਏ, ਕੀ ਓਦੋਂ ਮੈਂ ਤੁਹਾਨੂੰ ਰਾਣਾ ਕਹਿਕੇ ਬੁਲਾ ਸਕਦਾ ਹਾਂ ? ਨਹੀਂ ਬਿਲਕੁਲ ਨਹੀਂ, ਜਦੋਂ ਤਕ ਤੂੰ ਇਸ ਮੁਲਕ ਤੋਂ ਰੁਖ਼ਸਤ ਨਹੀਂ ਹੁੰਦਾ ਮੈਂ ਤੇਰੇ ਲਈ ਮੈਥਿਲੀ ਹੀ ਹੋਵਾਂਗੀ। ਮਾਈਕ ਨੇ ਆਪਣਾ ਇਕਰਾਰ ਨਿਭਾਇਆ। ਪੈਰਿਸ ਲਈ ਰਵਾਨਾ ਹੋਣ ਤੋਂ ਪਹਿਲਾਂ ਉਸ ਨੇ ਮੇਰੇ ਲਈ ਜੋ ਅਲਵਿਦਾਈ ਕਾਰਡ ਛੱਡਿਆ ਉਸ ਉਪਰ ਹਿੰਦੀ ਵਿਚ ਇਹ ਇਬਾਰਤ ਲਿਖੀ ਹੋਈ ਸੀ, ਪਿਆਰੀ ਮੈਥਿਲੀ, ਅਪਨਾ ਖ਼ਿਆਲ ਰਖਨਾ-ਮਾਈਕ।

ਅਸੀਂ ਨਹਿਰੂ ਫਾਊਂਡੇਸ਼ਨ ਵਿਖੇ ਆਪਣੇ ਪਹਿਲੇ ਕੁਝ ਦਿਨ ਆਪਣੀ ਨਵੀਂ ਜ਼ਿੰਦੀ ਆਦਤ ਪਾਉਂਦਿਆਂ ਗੁਜ਼ਾਰੇ। ਮਾਈਕ ਆਪਣੇ ਕਮਰੇ ਵਿਚ ਫਰੈਂਚ ਹਿੰਦੀ ਅਨੁਵਾਦ ਦੀ ਕਿਤਾਬ ਲੈ ਕੇ ਬੈਠ ਜਾਂਦਾ, ਨਾਲੇ ਮੈਨੂੰ ਸਵਾਲ ਪੁੱਛਦਾ ਰਹਿੰਦਾ ਅਤੇ ਨਾਲੇ ਮਾਰਕ ਤੁਲੀ ਦੀ ਕਿਤਾਬ ਪੜ੍ਹਦਾ ਰਹਿੰਦਾ। ਉਸ ਦੀ ਉਮਰ ਲਈ, ਮਾਰਕ ਬਹੁਤ ਹੀ ਪੜ੍ਹਿਆ ਲਿਖਿਆ, ਹੂੜਮੱਤੀਆ ਸੀ ਜਿਸ ਕੋਲ ਤਿੱਖਾ, ਵਿਸ਼ਲੇਸ਼ਣੀ ਦਿਮਾਗ ਸੀ। ਉਸ ਤੇਜ਼ੀ ਨਾਲ ਹਰ ਤਫ਼ਸੀਲ ਆਤਮਸਾਤ ਕਰ ਲੈਂਦਾ ਸੀ। ਫਾਊਂਡੇਸ਼ਨ ਵਿਖੇ ਇਕ ਕੈਂਟੀਨ ਸੀ ਜਿਥੇ 25 ਰੁਪਏ ਵਿਚ ਦੁਪਹਿਰ ਦਾ ਖਾਣਾ ਮਿਲ ਜਾਂਦਾ ਸੀ। ਇਥੇ ਬੈਠਿਆਂ ਨੂੰ ਇਮਾਰਤ ਦੇ ਅੰਦਰ ਤਰਾਸ਼ਕੇ ਬਣਾਈਆਂ ਪੌੜੀਆਂ ਅਤੇ ਸੰਸਥਾ ਦਾ ਚਬੂਤਰਾ ਨਜ਼ਰ ਆਉਂਦੇ ਸਨ ਜਿਸ ਤੋਂ ਪਾਰ ਦਿਲਕਸ਼ ਜੰਗਲ ਸੀ। ਹਰੇਕ ਦੁਪਹਿਰ ਨੂੰ ਮੈਂ ਤੇ ਮਾਈਕ ਆਪੋ ਆਪਣੇ ਲੈਪਟਾਪ ਲੈ ਕੇ ਚਬੂਤਰੇ ਤੇ ਜਾ ਬੈਠਦੇ ਅਤੇ ਉਥੇ ਨਾਲੇ ਖਾਣਾ ਖਾਂਦੇ ਤੇ ਨਾਲੇ ਆਪੋ ਆਪਣਾ ਕੰਮ ਕਰੀ ਜਾਂਦੇ। ਉਹ ਮੈਨੂੰ ਪੁੱਛ ਲੈਂਦਾ, ਅੱਛਾ ਮੈਥਿਲੀ, ਕੀ ਵਿਉਂਤ ਬਣਾਈ, ਅਸੀਂ ਕਿਸ ਨੂੰ ਮਿਲਣ ਜਾ ਰਹੇ ਹਾਂ ? ਅਤੇ ਮੈਂ ਆਪਣੀ ਗੱਲ ਦੁਹਰਾ ਦਿੰਦੀ, ਮੈਂ ਤੈਨੂੰ ਦੱਸ ਦਿਆਂਗੀ, ਜਦੋਂ ਸਹੀ ਵਕਤ ਆਇਆ।

ਸ਼ਾਮ ਨੂੰ ਮਾਈਕ ਤੇ ਮੈਂ ਆਪੋ ਆਪਣੇ ਕੈਮਰੇ ਚੁੱਕ ਲੈਂਦੇ ਅਤੇ ਸ਼ੂਟ ਕਰਨ ਲਈ ਪੁਰਾਣੇ ਸ਼ਹਿਰ ਵਿਚ ਚਲੇ ਜਾਂਦੇ। ਸਾਡੇ ਦੋਹਾਂ ਨੂੰ ਫੋਟੋਗ੍ਰਾਫ਼ੀ ਦਾ ਸਾਂਝਾ ਸ਼ੌਕ ਸੀ ਅਤੇ ਦੋਹਾਂ ਕੋਲ ਇਕੋ ਜਹੇ ਐੱਸ ਐੱਲ ਆਰ ਕੈਮਰੇ ਸਨ। ਹਾਲਾਂਕਿ ਇਸ ਕਵਾਇਦ ਦਾ ਸਾਡੇ ਫੋਟੋਗ੍ਰਾਫ਼ੀ ਦੇ ਲਗਾਓ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਇਹ ਸਾਡੇ ਆਪਣੇ ਲਈ ਅਤੇ ਜਿਹੜਾ ਵੀ ਕੋਈ ਸਾਨੂੰ ਦੇਖ ਰਿਹਾ ਹੁੰਦਾ ਉਸ ਲਈ ਸਾਡੇ ਕਿਰਦਾਰਾਂ ਦੀ ਪ੍ਰਮਾਣਿਕਤਾ ਬਣਾਉਣ ਦੀ ਕਵਾਇਦ ਸੀ। ਜੇ ਅਸੀਂ ਆਹਲਾ ਦਰਜੇ ਦੇ ਅਧਿਕਾਰੀਆਂ ਤਕ ਪਹੁੰਚ ਕਰਨੀ ਸੀ, ਤਾਂ ਲਾਜ਼ਮੀ ਤੌਰ ਤੇ ਸਾਡੇ ਪਿਛੋਕੜ ਦਾ ਪਤਾ ਲਾਇਆ ਜਾਵੇਗਾ ਖ਼ਾਸ ਕਰਕੇ ਉਸ ਥਾਂ ਦਾ ਜਿੱਥੇ ਅਸੀਂ ਠਹਿਰੇ ਹੋਏ ਸੀ। ਅਹਿਮਦਾਬਾਦ ਵਿਚ ਸਾਨੂੰ ਇਕ ਸਮਾਜੀ ਦਾਇਰੇ ਦੀ ਜ਼ਰੂਰਤ ਸੀ ਜੋ ਸਾਡੀਆਂ ਜਾਅਲੀ ਸ਼ਨਾਖ਼ਤਾਂ ਦਾ ਜ਼ਾਮਨ ਬਣ ਸਕੇ। ਮਸ਼ਹੂਰ

ਚਿਤਰਕਾਰ ਐੱਮ ਐਫ਼ ਹੁਸੈਨ ਵੱਲੋਂ ਬਣਾਇਆ ਇਤਿਹਾਸਕ ਕਲਾ ਅਜਾਇਬਘਰ, ਅਮਦਾਵਾਦ ਨੀ ਗੁਫਾ, ਸਾਡੇ ਲਈ ਵੱਡਾ ਸਹਾਰਾ ਬਣਿਆ। ਅਜਾਇਬਘਰ ਦੇ ਆਲੇ ਦੁਆਲੇ ਲੰਮਾ ਚੌੜਾ ਪਾਰਕ ਸੀ ਅਤੇ ਇਕ ਕੈਫੇ ਸੀ ਜਿੱਥੇ ਨੌਜਵਾਨਾਂ, ਜ਼ਿਆਦਾਤਰ ਕਲਾਕਾਰ ਅਤੇ ਫੋਟੋਗ੍ਰਾਫਰ, ਨੇ ਡੇਰਾ ਲਾਏ ਗਏ ਸਨ। ਕੋਈ ਗਿਟਾਰ ਵਜਾ ਰਿਹਾ ਸੀ, ਕੋਈ ਆਪਣੀ ਕਲਾਕ੍ਰਿਤ ਦੀ ਨੁਮਾਇਸ਼ ਲਾ ਰਿਹਾ ਸੀ। ਬਾਕੀਆਂ ਵਿਚ ਫਿਲਮਸਾਜ਼ ਬਣਨ ਦੇ ਅਭਿਲਾਸ਼ੀ, ਫੋਟੋਗ੍ਰਾਫ਼ਰ ਅਤੇ ਥੀਏਟਰ ਕਲਾਕਾਰ ਸ਼ਾਮਲ ਸਨ। ਇਸ ਥਾਂ ਆਪਣੀਆਂ ਸ਼ਾਮਾਂ ਦੌਰਾਨ, ਮੈਂ ਬਤੌਰ ਮੈਥਿਲੀ ਜ਼ਿੰਦਗੀ ਨੂੰ ਰੱਜ ਕੇ ਮਾਣਦੀ ਅਤੇ ਇਵੇਂ ਹੀ ਮਾਈਕ ਮਾਣਦਾ।

ਮਾਈਕ ਨੂੰ ਪੁਰਾਣੇ ਗੁਜਰਾਤ ਦਾ ਲਾਲ ਦਰਵਾਜ਼ਾ ਬਹੁਤ ਪਿਆਰਾ ਲੱਗਦਾ ਸੀ। ਹਰ ਜੁੰਮੇ ਨੂੰ ਉਥੇ ਖੁੱਲ੍ਹੀ ਮੰਡੀ ਲੱਗਦੀ ਸੀ। ਫਿਰ ਪਤੰਗ ਬਣਾਉਣ ਵਾਲੇ ਅਤੇ ਬਰਤਨ ਬਣਾਉਣ ਵਾਲੇ ਉਥੇ ਆ ਜੁੜਦੇ। ਉਹ ਕੁਝ ਹੈਰਾਨੀਜਨਕ ਤਸਵੀਰਾਂ ਲੈ ਕੇ ਸ਼ਾਮ ਨੂੰ ਵਾਪਸ ਮੁੜਦਾ ਅਤੇ ਫਿਰ ਆਪਣਾ ਮਨਭਾਉਂਦਾ ਸਵਾਲ ਪਾ ਦਿੰਦਾ, ਅੱਜ ਰਾਤ ਅਸੀਂ ਖਾਣਾ ਕਿਥੇ ਖਾਵਾਂਗੇ ? ਉਹ ਖਾਣੇ ਦਾ ਸ਼ੁਕੀਨ ਸੀ ਅਤੇ ਗੁਜਰਾਤ ਉਸ ਲਈ ਸਹੀ ਥਾਂ ਸੀ।

ਇਸ ਦੌਰਾਨ ਇਕ ਕਾਰਕੁੰਨ ਦੋਸਤ ਵੱਲੋਂ ਭੇਜੀ ਈ ਮੇਲ ਦੀ ਸ਼ਕਲ ਚ ਮਦਦ ਬਹੁੜ ਪਈ। ਮੈਨੂੰ ਅਫ਼ਸਰਾਂ ਨਾਲ ਕਿਸੇ ਤਰ੍ਹਾਂ ਦਾ ਰਾਬਤਾ ਬਣਾਉਣ ਦੀ ਜ਼ਰੂਰਤ ਸੀ ਅਤੇ ਮੇਰੀ ਸੂਚੀ ਵਿਚ ਪਹਿਲਾਂ ਨਾਂ ਜੀ ਐੱਲ ਸਿੰਘਲ ਦਾ ਸੀ, ਜਿਸ ਨੂੰ ਓਦੋਂ ਗੁਜਰਾਤ ਦੇ ਏ ਟੀ ਐਸ ਦਾ ਵਾਸਤਵਿਕ ਮੁਖੀ ਬਣਾਇਆ ਹੋਇਆ ਸੀ। ਸਿੰਘਲ ਦੀ ਇਸ਼ਰਤ ਜਹਾਂ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਭੂਮਿਕਾ ਨੂੰ ਲੈ ਕੇ ਜਾਂਚ ਚਲ ਰਹੀ ਸੀ। ਆਪਣੇ ਅਫ਼ਸਰ ਮਿੱਤਰਾਂ ਅਤੇ ਪੱਤਰਕਾਰਾਂ ਤੋਂ ਮੈਨੂੰ ਜਾਣਕਾਰੀ ਮਿਲੀ ਸੀ ਕਿ ਉਸਨੇ ਖ਼ੁਦ ਨੂੰ ਅਲੱਗ ਥਲੱਗ ਕੀਤਾ ਹੋਇਆ ਸੀ, ਉਸਦੇ ਮਿੱਤਰ ਬਹੁਤ ਥੋੜ੍ਹੇ ਸਨ ਅਤੇ ਉਹ ਮੀਡੀਆ ਨੂੰ ਉੱਕਾ ਹੀ ਨਹੀਂ ਮਿਲਦਾ ਸੀ। ਮੈਨੂੰ ਦਸਿਆ ਗਿਆ ਸੀ ਕਿ ਉਹ ਤਕਰੀਬਨ ਹਰ ਕਿਸੇ ਨੂੰ ਲੈ ਕੇ ਸ਼ੱਕੀ ਸੀ। ਫਿਰ ਉਸ ਤਕ ਪਹੁੰਚ ਕਿਵੇਂ ਕੀਤੀ ਜਾ ਸਕਦੀ ਸੀ ?

ਈ-ਮੇਲ ਵਿਚ ਨਰੇਸ਼ ਅਤੇ ਹਿਤੂ ਕਨੌਂੜੀਆ ਦੇ ਵੇਰਵੇ ਦਿੱਤੇ ਗਏ ਸਨ, ਦੋਵੇਂ ਗੁਜਰਾਤੀ ਫਿਲਮ ਸਨਅਤ ਦੇ ਹਰਮਨ ਪਿਆਰੇ ਕਲਾਕਾਰ ਸਨ। ਤੱਥ ਇਹ ਸੀ ਕਿ ਨਰੇਸ਼ ਕਨੌਂੜੀਆ ਗੁਜਰਾਤੀ ਫਿਲਮ ਸਨਅਤ ਦੇ ਅਮਿਤਾਭ ਬਚਨ ਵਜੋਂ ਮਸ਼ਹੂਰ ਸੀ। ਹਿਤੂ ਉਸਦਾ ਬੇਟਾ ਸੀ ਜਿਸ ਨੇ ਦੱਖਣੀ ਮੁੰਬਈ ਤੋਂ ਤਾਲੀਮ ਲਈ ਹੋਈ ਸੀ ਜਿਸਨੇ ਫੈਸਲਾ ਕਰ ਲਿਆ ਸੀ ਕਿ ਹਿੰਦੀ ਫਿਲਮ ਸਨਅਤ ਵਿਚ ਘੁਸਣ ਦੀ ਇੰਤਜ਼ਾਰ ਕਰਨ ਨਾਲੋਂ ਆਪਣੇ ਬਾਪ ਦੇ ਨਕਸ਼ੇ-ਕਦਮਾਂ ਤੇ ਤੁਰਨਾ ਜ਼ਿਆਦਾ ਸਮਝਦਾਰੀ ਹੋਵੇਗੀ। ਮੇਲ ਵਿਚ ਮੈਨੂੰ ਦਸਿਆ ਗਿਆ ਕਿ ਕਨੌਂੜੀਏ ਪੱਛੜੇ ਵਰਗ ਵਿਚੋਂ ਸਨ ਅਤੇ ਸਿੰਘਲ ਸਮੇਤ ਉਨ੍ਹਾਂ ਦਾ ਬਹੁਤ ਸਾਰੇ ਅਧਿਕਾਰੀਆਂ ਨਾਲ ਵਧੀਆ ਮੇਲਜੋਲ ਸੀ, ਜੋ ਕਿ ਦਲਿਤ ਸੀ। ਉਤਸ਼ਾਹੀ ਹੋ ਕੇ, ਮੈਂ ਨਰੇਸ਼ ਕਨੌਂੜੀਆ ਨੂੰ ਫ਼ੋਨ ਕੀਤਾ ਜਿਸਨੇ ਮੈਨੂੰ ਅਗਲੀ ਸਵੇਰ ਅਹਿਮਦਾਬਾਦ ਦੇ ਜਿੰਮਖ਼ਾਨੇ ਆ ਕੇ ਮਿਲਣ ਲਈ ਕਿਹਾ। ਜਦੋਂ ਮੈਂ ਉਥੇ ਜਾ ਕੇ ਉਸ ਨੂੰ ਮਿਲੀ ਉਸਨੇ ਕੁਝ ਵੀ ਮੇਰੇ ਪੱਲੇ ਨਾ ਪਾਇਆ। ਜਦੋਂ ਮੈਂ ਆਪਣੇ ਅੰਗਰੇਜ਼ੀ ਘੋਟਣ ਦੇ ਮੁਹਾਰਤ ਵਾਲੇ ਅੰਦਾਜ਼ ਵਿਚ ਉਸ ਨਾਲ ਗੱਲ ਕੀਤੀ ਤਾਂ ਉਸ ਦਾ ਚਿਹਰਾ ਉਕਾ ਹੀ ਭਾਵਹੀਣ ਨਜ਼ਰ ਆਇਆ। ਉਹ ਮੂੰਹ ਭੁਆ ਕੇ ਸ਼ੀਸ਼ਾ ਦੇਖਣ ਲੱਗਿਆ, ਆਪਣੇ ਵਾਲਾਂ ਵਿਚ ਕੰਘੀ ਫੇਰੀ ਅਤੇ ਫਿਰ ਬੇਲਾਗਤਾ ਨਾਲ ਬੋਲਿਆ, ਬੇਨ, ਹਿੰਦੀ ਮੇਂ ਬੋਲੋ ਨਾ ਔਰ ਥੋੜ੍ਹਾ ਆਹਿਸਤਾ ਬੋਲੋ, ਬਹੁਤ ਫਾਸਟ ਹੋ ਤੁਮ।

ਜ਼ਾਹਿਰ ਸੀ ਮੇਰੇ ਤੋਂ ਚੰਗੀ ਤਰ੍ਹਾਂ ਤਿਆਰੀ ਨਹੀਂ ਕੀਤੀ ਗਈ ਸੀ। ਅਗਲੇ ਕੁਝ ਘੰਟੇ ਮੈਂ ਉਸ ਨੂੰ ਆਪਣੀ ਫਿਲਮ ਦੇ ਵਿਸ਼ਾ ਵਸਤੂ ਦੀ ਵਿਆਖਿਆ ਕਰਨ ਉਪਰ ਗੁਜ਼ਾਰੇ ਮੈਂ ਉਸਨੂੰ ਦਸਿਆ ਕਿ ਮੈਂ ਗੁਜਰਾਤ ਦੇ ਉਨ੍ਹਾਂ ਪਹਿਲੂਆਂ ਬਾਰੇ ਫਿਲਮ ਬਣਾਉਣਾ ਚਾਹੁੰਦੀ ਸੀ ਜੋ ਬਹੁਤ ਘੱਟ ਜਾਣੇ ਜਾਂਦੇ ਸਨ। ਮਸਲਨ, ਗੁਜਰਾਤੀ ਫਿਲਮ ਸਨਅਤ ਅਤੇ ਗੁਜਰਾਤ ਦੇ ਜੋ ਕਲਾਕਾਰ ਪੱਛੜੇ ਵਰਗ ਤੋਂ ਆਏ ਉਨ੍ਹਾਂ ਨੇ ਕਿਵੇਂ ਤਰੱਕੀ ਕੀਤੀ ਸੀ। ਹੁਣ ਮੈਨੂੰ ਉਸਦੀਆਂ ਅੱਖਾਂ ਵਿਚ ਚਮਕ ਨਜ਼ਰ ਆਉਣ ਲੱਗੀ। ਇਕ ਐਸੇ ਬੰਦੇ ਲਈ, ਜੋ ਖ਼ੁਦ ਨੂੰ ਸਟਾਰ ਸਮਝਦਾ ਸੀ, ਪਰ ਜਿਸਦੀ ਆਪਣੀ



**ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਦੇਖ ਰੇਖ ਹੇਠ ਗੁਜਰਾਤ ਵਿੱਚ ਹੋਏ 2002 ਦੇ ਮੁਸਲਮਾਨ ਵਿਰੋਧੀ ਦੰਗਿਆਂ 'ਚ ਅੱਗਾਂ ਲਾ ਰਹੇ ਹੁਲੜਬਾਜ਼ ਹਿੰਦੂ ਅਤੇ ਮੁਸਲਮਾਨਾਂ ਦੇ ਕਤਲੇਆਮ ਦਾ ਦਰਦ ਬਿਆਨਦੀ ਤਸਵੀਰ**

ਕਾਮਯਾਬੀ ਉਸਦੇ ਆਪਣੇ ਹੀ ਸੂਬੇ ਵਿਚ ਹਿੰਦੀ ਫਿਲਮਾਂ ਦੀ ਮਕਬੂਲੀਅਤ ਨਾਲ ਫਿੱਕੀ ਪੈ ਗਈ ਸੀ, ਇਕ ਵਲੈਤਣ ਫਿਲਮਸਾਜ਼ ਵੱਲੋਂ ਉਸਦੇ ਕੰਮ ਨੂੰ ਪ੍ਰਵਾਨਗੀ ਦਿੱਤੇ ਜਾਣ ਦਾ ਓੜਕ ਉਹ ਪ੍ਰਭਾਵ ਪੈ ਹੀ ਗਿਆ ਜੋ ਮੈਂ ਚਾਹੁੰਦੀ ਸੀ।

ਅਗਲੇ ਦਿਨ, ਮੈਂ ਸੌ ਕਿਲੋਮੀਟਰ ਦਾ ਸਫ਼ਰ ਕਰਕੇ ਉਸ ਪਿੰਡ ਵਿਚ ਜਾਣਾ ਸੀ ਜਿਥੇ ਕਨੌਂੜੀਆ ਚਾਹੁੰਦਾ ਸੀ ਕਿ ਮੈਂ ਉਸਦੀ ਇੰਟਰਵਿਊ ਕਰਾਂ ਅਤੇ ਫਿਲਮ ਦੇ ਸੈੱਟ ਉਪਰ ਉਸਦੇ ਸਟੰਟ ਦੇਖਾਂ। ਜਦੋਂ ਉਸ ਨੂੰ ਮਿਲਣ ਤੋਂ ਬਾਅਦ ਮੈਂ ਆਪਣੇ ਕਮਰੇ ਵਿਚ ਵਾਪਸ ਮੁੜੀ, ਤਾਂ ਆਪਣੀ ਕਵਾਇਦ ਦੀ ਵਿਅਰਥਤਾ ਨੂੰ ਲੈ ਕੇ ਹੈਰਾਨ ਪ੍ਰੇਸ਼ਾਨ ਹੋਈ ਬਿਸਤਰੇ ਤੇ ਬੈਠ ਗਈ। ਹੱਥਲੇ ਕੰਮ ਵਿਚ ਜ਼ੋਖਮ ਬਹੁਤ ਜ਼ਿਆਦਾ ਸੀ ਪਰ ਇਕੋ ਇਕ ਰਸਤਾ ਵੀ ਤਾਂ ਇਹੀ ਸੀ। ਆਪਣੇ ਐੱਸ ਐੱਲ ਆਰ ਕੈਮਰੇ ਅਤੇ ਨੋਟਸ ਲੈ ਕੇ, ਅਗਲੀ ਸਵੇਰ ਜਦੋਂ ਮੈਂ ਕਮਰੇ ਵਿਚੋਂ ਨਿਕਲੀ ਤਾਂ ਮਾਈਕ ਨੇ ਟੋਕਿਆ। ਤੂੰ ਲੈਂਜ ਨਹੀਂ ਲਗਾਏ। ਮੈਂ ਅਜੇ ਆਪਣੇ ਨਵੇਂ ਰੂਪ ਦੀ ਆਦਤ ਸਿੱਖ ਰਹੀ ਸੀ।

ਫਿਲਮ ਦਾ ਸੈੱਟ ਸ਼ਹਿਰ ਦੀ ਫਿਰਨੀ ਉੱਪਰਲੇ ਇਕ ਪਿੰਡ ਵਿਚ ਬਣਾਇਆ ਗਿਆ ਸੀ ਜਿਥੇ ਨਜ਼ਾਰਾ ਦੇਖਣ ਲਈ ਹਜ਼ਾਰਾਂ ਲੋਕ ਜੁੜੇ ਹੋਏ ਸਨ। ਕਨੌਂੜੀਆ ਦੇ ਬੇਟੇ ਹਿਤੂ, ਜੋ ਅਸਲ ਵਿਚ ਬੁੜ੍ਹਕਦਾ ਫਿਰਦਾ ਦੱਖਣੀ ਮੁੰਬਈ ਕਾਲਜੀਏਟ ਸੀ, ਨੇ ਕੈਦੀ ਦੀ ਪੁਸ਼ਾਕ ਪਾਈ ਹੋਈ ਸੀ ਜਦਕਿ ਉਸਦਾ ਬਾਪ ਇਕ ਪੁਲਸੀਏ ਦੀ ਭੂਮਿਕਾ ਵਿਚ ਸੀ।

ਮੈਨੂੰ ਬੈਠ ਕੇ ਸ਼ੂਟਿੰਗ ਦੇਖਣ ਲਈ ਕੁਰਸੀ ਦਿੱਤੀ ਗਈ। ਮੈਂ ਨੋਟਸ ਲਿਖਣ ਅਤੇ ਘਟਨਾਕ੍ਰਮ ਦੀਆਂ ਤਸਵੀਰਾਂ ਲੈਣ ਦੇ ਆਹਰ ਵਿਚ ਤਨਦੇਹੀ ਨਾਲ ਜੁੱਟੀ ਰਹੀ। ਮੈਂ ਉਥੇ ਐਸੀ ਇਕੱਲੀ ਨਹੀਂ ਸੀ। ਮੈਂ ਦੇਖਿਆ 30ਵਿਆਂ ਦੇ ਸ਼ੁਰੂ ਦੀ ਉਮਰ ਦਾ ਇਕ ਨੌਜਵਾਨ ਵੀ ਟਰਾਈਪੌਡ ਅਤੇ ਲੈਂਜ ਚੁੱਕੀ ਉਸ ਸਿਲਸਿਲੇ ਦੇ ਕੁਝ ਮਨਮੋਹਕ ਸ਼ਾਟ ਅਤੇ ਤਸਵੀਰਾਂ ਲੈ ਰਿਹਾ ਸੀ। ਸਪਸ਼ਟ ਤੌਰ ਤੇ ਉਹ ਯੂਨਿਟ ਦਾ ਹਿੱਸਾ ਨਹੀਂ ਸੀ। ਜਦੋਂ ਕਨੌਂੜੀਆ ਨੇ ਮੇਰੇ ਤੇ ਮਾਈਕ ਨਾਲ ਦਸਤਾਵੇਜ਼ੀ ਫੋਟੋਗ੍ਰਾਫ਼ਰ ਦੇ ਤੌਰ ਤੇ ਉਸਦਾ ਤੁਆਰਫ਼ ਕਰਾਇਆ ਤਾਂ ਉਸਨੇ ਸਾਡੇ ਵੱਲ ਬੇਪ੍ਰਵਾਹੀ ਨਾਲ ਤੱਕਿਆ ਅਤੇ ਆਪਣੇ ਫਰੇਮਾਂ ਉਪਰ ਕੰਮ ਕਰਨ ਲਈ ਤੁਰ ਗਿਆ। ਇਹ ਫੋਟੋਗ੍ਰਾਫ਼ਰ ਅਜੇ ਪੰਜਵਾਨੀ ਸੀ (ਅਸਲ ਨਾਂ ਨਹੀਂ) ਜਿਸ ਨਾਲ ਮੈਂ ਅਜੀਬ ਦੋਸਤੀ ਬਣਾ ਲੈਣੀ ਸੀ; ਇਕ ਦੋਸਤੀ ਜੋ ਮੈਂ ਆਪਣੀ ਅਸਲ ਸ਼ਨਾਖ਼ਤ ਨਾਲ ਕਦੇ ਵੀ ਬਣਾ ਨਾ ਪਾਉਂਦੀ, ਇਕ ਦੋਸਤੀ ਜਿਸਦੀ ਬੁਨਿਆਦ ਧੋਖਾ ਸੀ, ਪਰ ਮੈਥਿਲੀ ਨੂੰ ਉਸ ਅੱਡੇ ਦੀ ਜ਼ਰੂਰਤ ਸੀ।

ਸਾਡੇ ਅਗਲੇ ਕੁਝ ਦਿਨ ਕਨੌਂੜੀਆ ਦੇ ਸੈੱਟ ਤੇ ਜਾਂਦਿਆਂ, ਗੱਲਬਾਤ ਵਿਚ ਮਸਰੂਫ਼ ਰਹਿੰਦਿਆਂ, ਫਿਲਮ ਦੀਆਂ ਬਾਰੀਕੀਆਂ ਬਾਰੇ ਚਰਚਾ ਕਰਦਿਆਂ, ਅਤੇ ਨਾਲ ਹੀ ਯੂਨਿਟ ਕੀ ਚਾਏ ਦੀਆਂ ਚੁਸਕੀਆਂ ਲੈਂਦਿਆਂ ਗੁਜ਼ਰ ਗਏ।

ਅਜੇ ਜੋ ਗੁਜਰਾਤੀ ਫਿਲਮਾਂ ਬਾਰੇ ਆਪਣੀ ਦਸਤਾਵੇਜ਼ੀ ਲਈ ਹਮੇਸ਼ਾ ਸੈੱਟ ਉਪਰ ਬਾਕਾਇਦਗੀ ਨਾਲ ਆਉਂਦਾ ਸੀ ਓੜਕ ਢੈਲਾ ਪੈ ਗਿਆ ਅਤੇ ਫਿਰ ਉਸ ਨੇ ਲੋੜ ਪੈਣ ਤੇ ਮਦਦ ਦੀ ਪੇਸ਼ਕਸ਼ ਵੀ ਕੀਤੀ। ਫਿਲਮ ਦੇ ਸੈੱਟਾਂ ਉਪਰ ਆਪਣੀ ਇਕ ਫੇਰੀ ਦੌਰਾਨ ਹੀ ਮੈਂ ਗੁਜਰਾਤ ਦੇ ਕਿਸੇ ਜਾਣੇ ਪਛਾਣੇ ਪੁਲਿਸ ਅਧਿਕਾਰੀ ਨੂੰ ਮਿਲਣ ਦੀ ਆਪਣੀ ਕੰਮ ਦੀ ਗੱਲ ਤੋਰ ਲਈ, ਖ਼ਾਸ ਕਰਕੇ ਜੋ ਪੱਛੜੀਆਂ ਸ੍ਰਵਿਚੋਂ ਹੋਵੇ। ਮੈਂ ਕਨੌਂੜੀਆ ਨੂੰ ਦਸਿਆ ਕਿ ਜੇ ਸਬੰਧਤ ਅਧਿਕਾਰੀ ਅਹਿਮ ਪੁਜੀਸ਼ਨ ਰੱਖਦਾ ਹੋਏ, ਬਹਾਦਰੀ ਵਾਲੇ ਕੰਮਾਂ ਵਿਚ ਸ਼ਾਮਲ ਹੋਵੇ ਅਤੇ ਗੁਜਰਾਤ ਬਨਾਮ ਸੁਰੱਖਿਆ ਨਾਲ ਉਸਦਾ ਕੋਈ ਨਾ ਕੋਈ ਲਾਗਾਦੇਗਾ ਹੋਵੇ ਤਾਂ ਇਸ ਦਾ ਫ਼ਾਇਦਾ ਹੋਵੇਗਾ। ਆਖ਼ਰੀ ਸਤਰ ਦੇ ਮਨਭਾਉਂਦੇ ਨਤੀਜੇ ਨਿੱਕਲੇ। ਤੁਹਾਨੂੰ ਸ੍ਰੀਮਾਨ ਸਿੰਘਲ ਨੂੰ ਮਿਲਣਾ ਚਾਹੀਦਾ ਹੈ, ਸਾਡੇ ਇਕ ਸਭ ਤੋਂ ਉਮਦਾ ਅਧਿਕਾਰੀ ਨੂੰ ਜਿਸਨੇ ਬਹੁਤ ਸਾਰੇ ਦਹਿਸ਼ਤਗਰਦ ਮਾਰ ਮੁਕਾਏ। ਮੈਂ ਆਪਣਾ ਉਤਸ਼ਾਹ ਲੁਕੋਣ ਦੀ ਵਾਹ ਲਾਈ ਅਤੇ ਉਸਦਾ ਨਾਂ ਨੋਟ ਕਰ ਲਿਆ ਜਿਵੇਂ ਕਿਤੇ ਮੈਂ ਉਸਦਾ ਨਾਂ ਪਹਿਲੀ ਦਫ਼ਾ ਸੁਣ ਰਹੀ ਹੋਵਾਂ।

ਅੱਛਾ ਸਰ ਇਹ ਅਧਿਕਾਰੀ ਸਿੰਘਲ ਜੀ ਕੀ ਕਰਦੇ ਹਨ, ਉਹ ਕਿਥੇ ਨੌਕਰੀ ਕਰਦੇ ਹਨ ? ਮੈਂ ਉਸਨੂੰ ਬਹੁਤ ਹੀ ਭੋਲੇਪਣ ਨਾਲ ਪੁੱਛਿਆ। ਅਪਣੇ ਫਿਲਮੀ ਦੋਸਤਾਂ ਤੋਂ ਮੈਨੂੰ ਇਹੀ ਕੁਝ ਤਾਂ ਚਾਹੀਦਾ ਸੀ, ਇਕ ਪੈਰ ਧਰਾ, ਇਕ ਹਵਾਲਾ ਜਿਸ ਨਾਲ ਅਫ਼ਸਰਾਂ ਨੂੰ ਸ਼ੱਕ ਨਾ ਹੋਵੇ। ਆਖ਼ਰੀ ਵਿਅਕਤੀ ਜਿਸ ਨੂੰ ਲੈ ਕੇ ਸਿੰਘਲ ਸੱਕਰੇਗਾ ਉਹ ਇਕ ਫਿਲਮਸਾਜ਼ ਹੋਵੇਗੀ ਜਿਸ ਦੀ ਸਿਫਾਰਸ਼ ਚੋਟੀ ਦੇ ਖੇਤਰੀ ਫਿਲਮਸਾਜ਼ਾਂ ਵਿਚੋਂ ਇਕ ਵੱਲੋਂ ਕੀਤੀ ਗਈ ਹੋਵੇਗੀ।

ਤਕਰੀਬਨ ਇਸੇ ਵਕਤ, ਅਹਿਮਦਾਬਾਦ ਵਿਚਲੇ ਮੇਰੇ ਸਰੋਤ ਨੇ, ਜਿਸ ਨੂੰ ਮੈਂ ਆਪਣੀ ਜ਼ਰੂਰਤ ਦੱਸੀ ਸੀ ਕਿ ਮੈਨੂੰ ਕਿਸ ਤਰ੍ਹਾਂ ਦੀ ਮਦਦ ਚਾਹੀਦੀ ਹੈ, ਮੈਨੂੰ ਇਕ ਹੋਰ ਈ ਮੇਲ ਭੇਜੀ। ਇਸ ਵਿਚ ਸ਼ਹਿਰ ਦੇ ਇਕ ਬਹੁਤ ਹੀ ਹਰਮਨ ਪਿਆਰੇ ਔਰਤ ਰੋਗਾਂ ਦੇ ਮਾਹਿਰ ਦੇ ਵੇਰਵੇ ਦਿੱਤੇ ਗਏ ਸਨ, ਜੋ ਬੇਪਛਾਣ ਰਹੇਗਾ।

ਮੈਂ ਜਦੋਂ ਵੀ ਆਪਣੇ ਯੂਨੀਨਰ (ਮੋਬਾਈਲ) ਨੈੱਟਵਰਕ ਦਾ ਇਸਤੇਮਾਲ ਆਪਣੇ ਕਮਰੇ ਦੇ ਅੰਦਰੋਂ ਕਰਦੀ ਤਾਂ ਇਹ ਹਰ ਵਕਤ ਮੇਰੇ ਉਪਰ ਦਿਆਲੂ ਨਾ ਹੁੰਦਾ। ਲਿਹਾਜ਼ਾ ਜ਼ਿਆਦਾਤਰ ਮੈਨੂੰ ਚਬੂਤਰੇ ਤੇ ਜਾਣਾ ਪੈਂਦਾ ਜਿੱਥੇ ਹੋਸਟਲ ਦੇ ਸਾਡੇ ਹਮ ਬਾਸ਼ਿੰਦੇ ਚਾਹ ਪੀਣ ਜਾਂ ਸਿਗਰਟ ਦਾ ਕਸ਼ ਲਾਉਣ ਲਈ ਆਏ ਹੁੰਦੇ। ਮਾਈਕ ਉਨ੍ਹਾਂ ਵਿਚੋਂ ਇਕ ਸੀ। ਉਸ ਦਿਨ ਬਾਦ ਵਿਚ ਮੈਂ ਔਰਤ ਰੋਗਾਂ ਦੇ ਮਾਹਿਰ ਨੂੰ ਚਬੂਤਰੇ ਤੇ ਜਾ ਕੇ ਫੋਕੀਤਾ ਅਤੇ ਆਪਣਾ ਤੁਆਰਫ਼ ਇਕ ਫਿਲਮਸਾਜ਼ ਦੇ ਤੌਰ ਤੇ ਕਰਾਇਆ ਜੋ ਗੁਜਰਾਤ ਬਾਰੇ ਇਕ ਫਿਲਮ ਬਣਾਉਣਾ ਚਾਹੁੰਦੀ ਸੀ ਅਤੇ ਆਪਣੀ ਫਿਲਮ ਵਿਚ ਸਿਹਤ ਖੇਤਰ ਨੂੰ ਵੀ ਫਿਲਮਾਉਣਾ ਚਾਹੁੰਦੀ ਸੀ। ਡਾਕਟਰ ਮਿਲਣਸਾਰ ਸ਼ਖ਼ਸੀਅਤ ਜਾਪਦਾ ਸੀ ਅਤੇ ਉਸਨੇ ਮੈਨੂੰ ਪੁੱਛਿਆ ਕੀ ਮੈਂ ਉਸੇ ਸ਼ਾਮ ਨੂੰ ਉਸਦੇ ਹਸਪਤਾਲ ਆ ਸਕਾਂਗੀ। ਮੈਂ ਜਾਣ ਲਈ ਬਹੁਤ ਹੀ ਖਾਹਿਸ਼ਮੰਦ ਸੀ। ਜਦੋਂ ਮੈਂ ਜਾਣ ਹੀ ਵਾਲੀ ਸੀ, ਮਾਈਕ ਭੱਜਿਆ ਭੱਜਿਆ ਆਇਆ, ਮੈਥਿਲੀ, ਕੀ ਮੈਂ ਕੁਝ ਪੁੱਛ ਸਕਦਾ ਹਾਂ ? ਉਸਨੇ ਕੱਛ ਚੋਂ ਮੂੰਗਲੀ ਵਾਂਗ ਸਵਾਲ ਕੱਢ ਮਾਰਿਆ। ਮੈਥਿਲੀ, ਮੈਂ ਇਸ ਤਰ੍ਹਾਂ ਦਾ ਕੰਮ ਨਹੀਂ ਕਰ ਸਕਦਾ। ਜਿਸ ਕਿਸੇ ਨੂੰ ਵੀ ਅਸੀਂ ਮਿਲਦੇ ਹਾਂ ਤੁਸੀਂ ਉਸਨੂੰ ਦੱਸਦੇ ਹੋ ਕਿ ਤੁਸੀਂ ਇਕ ਫਿਲਮ ਬਣਾਉਣ ਜਾ ਰਹੇ ਹੋ, ਪਰ ਮੈਂ ਤੁਹਾਡੇ ਨਾਲ ਕੰਮ ਕਰ ਰਿਹਾ ਹਾਂ, ਤੁਹਾਨੂੰ ਮੈਨੂੰ ਤਾਂ ਸੱਚ ਜ਼ਰੂਰ ਦੱਸਣਾ ਚਾਹੀਦਾ ਹੈ। ਮੈਂ ਮਾਈਕ ਦੀ ਉਤਸੁਕਤਾ ਨੂੰ ਟਾਲਣ ਦਾ ਬਥੇਰਾ ਯਤਨ ਕੀਤਾ, ਪਰ ਹੁਣ ਉਹ ਬਜ਼ਿੱਦ ਵੀ ਸੀ ਅਤੇ ਉਸਦੀਆਂ ਭਾਵਨਾਵਾਂ ਨੂੰ ਠੇਸ ਵੀ ਪਹੁੰਚੀ ਸੀ। ਤੁਹਾਨੂੰ ਪਤੈ, ਮੈਂ ਬੱਚਾ ਨਹੀਂ ਹਾਂ, ਮੈਂ ਬੜਾ ਕੁਝ ਪੜ੍ਹਿਆ ਹੋਇਆ ਹੈ। ਮੈਂ ਇਕ ਆਦਾਨ ਪ੍ਰਦਾਨ ਪ੍ਰੋਗਰਾਮ ਉਪਰ ਆਇਆ ਹੋਇਆ ਹਾਂ ਕਿਉਂਕਿ ਜ਼ਿੰਦਗੀ ਵਿਚ ਮੈਂ ਕੁਝ ਹਾਸਲ ਕੀਤਾ ਹੈ। ਤੁਹਾਨੂੰ ਮੈਨੂੰ ਦੱਸਣਾ ਚਾਹੀਦਾ ਹੈ। ਕੀ ਤੁਸੀਂ ਮੇਰੇ ਉਪਰ ਵਿਸ਼ਵਾਸ ਕਰਦੇ ਹੋ ? ਜਾਂ ਤੁਹਾਡੇ ਲਈ ਮੈਂ ਮਹਿਜ਼ ਬਦੇਸ਼ੀ ਚਿਹਰਾ ਹਾਂ ਜਿਸ ਨੂੰ ਤੁਸੀਂ ਸਿਰਫ਼ ਦਿਖਾਉਣਾ ਚਾਹੁੰਦੇ ਹੋ,ਇਕ ਐਕਸੈਸਰੀ ਦੀ ਤਰ੍ਹਾਂ ? ਮੈਂ ਸੋਚਿਆ, ਇਹ ਬਹੁਤ ਹੀ ਸੋਚ ਸਮਝ ਕੇ ਉਚਾਰੀ ਗਈ ਸਤਰ ਸੀ, ਲੇਕਿਨ ਉਸਦੇ ਗੁੱਸੇ ਨੂੰ ਲੈ ਕੇ ਕੁਝ ਐਸਾ ਸੀ ਜਿਸਨੇ ਮੈਨੂੰ ਆਪਣੀ ਅਸਲ ਛਾਣਬੀਣ ਬਾਰੇ ਉਸਨੂੰ ਭਰੋਸੇ ਵਿਚ ਲੈਣ ਲਈ ਪ੍ਰੇਰਤ ਕੀਤਾ। ਮਿਲਣ ਲਈ ਜਾਣ ਤੋਂ ਪਹਿਲਾਂ, ਮੈਂ ਉਸਨੂੰ ਆਪਣੀਆਂ ਪਹਿਲੀਆਂ ਕੁਝ ਸਟੋਰੀਆਂ ਦੇ ਲਿੰਕ ਫਾਰਵਰਡ ਕਰ ਦਿੱਤੇ। ਮੈਂ ਉਸਨੂੰ ਇਨ੍ਹਾਂ ਨੂੰ ਪੜ੍ਹ ਲੈਣ ਦੀ ਤਾਕੀਦ ਕੀਤੀ ਤਾਂ ਜੋ ਜਦੋਂ ਮੈਂ ਉਸ ਸ਼ਾਮ ਨੂੰ ਵਾਪਸ ਮੁੜਾਂ ਉਹ ਹਾਲੀਆਂ ਛਾਣੀਬੀਣ ਦੇ ਸਮੁੱਚੇ ਪਿਛੋਕੜ ਦੀ ਜਾਣਕਾਰੀ ਲੈ ਚੁੱਕਾ ਹੋਵੇ।

ਡਾਕਟਰ ਨਾਲ ਮੇਰੀ ਮਿਲਣੀ ਬਹੁਤ ਹੀ ਲਾਹੇਵੰਦੀ ਰਹੀ। ਉਹ ਮਦਦ ਕਰਨ ਲਈ ਵਧੇਰੇ ਹੀ ਤੱਤਪਰ ਸੀ। ਮੈਂ ਉਸਨੂੰ ਪੁੱਛਿਆ ਕਿ ਕੀ ਮੈਂ ਉਸ ਔਰਤ ਡਾਕਟਰ ਨੂੰ ਮਿਲ ਸਕਦੀ ਹਾਂ ਜੋ ਗੁਜਰਾਤ ਵਿਚ ਬਹੁਤ ਹਰਮਨ ਪਿਆਰੀ ਸੀ, ਕੋਈ ਐਸੀ ਜਿਸ ਨੂੰ ਮੈਂ ਫਿਲਮ ਲਈ ਫਿਲਮਾ ਸਕਾਂ। ਮੈਨੂੰ ਹੁੰਗਾਰੇ ਦੀ ਉਮੀਦ ਸੀ; ਇਸ ਦੀ ਇਕ ਵਜ੍ਹਾ ਸੀ ਜਿਸ ਕਰਕੇ ਮੈਂ ਆਖ਼ਿਰਕਾਰ ਔਰਤ ਰੋਗਾਂ ਦੇ ਮਾਹਰ ਨੂੰ ਮਿਲਣ ਲਈ ਯਤਨ ਕੀਤੇ ਸਨ। 2002 ਦੀ ਗੁਜਰਾਤ ਹਿੰਸਾ ਜੋ ਮੁਲਕ ਦੇ ਧਰਮ ਨਿਰਪੱਖ ਤਾਣੇ ਬਾਣੇ ਉਪਰ ਕਲੰਕ ਬਣ ਚੁੱਕੀ ਸੀ ਵਿਚ ਬਹੁਤ ਸਾਰੇ ਭੜਕਾਊ ਅਨਸਰ ਨਜ਼ਰ ਆਏ ਸਨ, ਅਤੇ ਉਨ੍ਹਾਂ ਵਿਚੋਂ ਇਕ ਮਾਇਆ ਕੋਡਨਾਨੀ ਸੀ ਅਹਿਮਦਾਬਾਦ ਤੋਂ ਇਕ ਐਮ ਐਲ ਏ ਜਿਸ ਦਾ ਜ਼ਿਕਰ ਚਸ਼ਮਦੀਦ ਗਵਾਹਾਂ ਵੱਲੋਂ ਦਿੱਤੇ ਗਏ ਵੇਰਵਿਆਂ ਵਿਚ ਆਇਆ ਸੀ ਜੋ ਆਪਣੇ ਵੋਟਰ ਹਲਕੇ ਵਿਚ ਹਿੰਸਾ ਭੜਕਾਉਣ ਵਾਲੇ ਮੁੱਖ ਬੰਦਿਆਂ ਵਿਚੋਂ ਇਕ ਸੀ। ਕੋਡਨਾਨੀ ਮੇਰੇ ਲਈ ਐਸਾ ਕਿਰਦਾਰ ਸੀ ਜਿਸ ਨੂੰ ਫਰੋਲਣਾ ਜ਼ਰੂਰੀ ਸੀ, ਕਿਉਂਕਿ ਮੈਂ ਯਕੀਨਨ ਮਹਿਸੂਸ ਕਰਦੀ ਸੀ ਕਿ ਉਹ ਇਸ ਕਹਾਣੀ ਦੀ ਤਹਿ ਤਕ ਜਾਣ ਵਿਚ ਮੇਰੀ ਮਦਦ ਕਰ ਸਕਦੀ ਸੀ।

**2002 ਦੀ ਗੁਜਰਾਤ ਹਿੰਸਾ ਜੋ ਮੁਲਕ ਦੇ ਧਰਮ ਨਿਰਪੱਖ ਤਾਣੇ ਬਾਣੇ ਉਪਰ ਕਲੰਕ ਬਣ ਚੁੱਕੀ ਸੀ ਵਿਚ ਬਹੁਤ ਸਾਰੇ ਭੜਕਾਊ ਅਨਸਰ ਨਜ਼ਰ ਆਏ ਸਨ, ਅਤੇ ਉਨ੍ਹਾਂ ਵਿਚੋਂ ਇਕ ਮਾਇਆ ਕੋਡਨਾਨੀ ਸੀ ਅਹਿਮਦਾਬਾਦ ਤੋਂ ਇਕ ਐਮ ਐਲ ਏ ਜਿਸ ਦਾ ਜ਼ਿਕਰ ਚਸ਼ਮਦੀਦ ਗਵਾਹਾਂ ਵੱਲੋਂ ਦਿੱਤੇ ਗਏ ਵੇਰਵਿਆਂ ਵਿਚ ਆਇਆ ਸੀ ਜੋ ਆਪਣੇ ਵੋਟਰ ਹਲਕੇ ਵਿਚ ਹਿੰਸਾ ਭੜਕਾਉਣ ਵਾਲੇ ਮੁੱਖ ਬੰਦਿਆਂ ਵਿਚੋਂ ਇਕ ਸੀ। ਕੋਡਨਾਨੀ ਮੇਰੇ ਲਈ ਐਸਾ ਕਿਰਦਾਰ ਸੀ ਜਿਸ ਨੂੰ ਫਰੋਲਣਾ ਜ਼ਰੂਰੀ ਸੀ, ਕਿਉਂਕਿ ਮੈਂ ਯਕੀਨਨ ਮਹਿਸੂਸ ਕਰਦੀ ਸੀ ਕਿ ਉਹ ਇਸ ਕਹਾਣੀ ਦੀ ਤਹਿ ਤਕ ਜਾਣ ਵਿਚ ਮੇਰੀ ਮਦਦ ਕਰ ਸਕਦੀ ਸੀ।**

ਉਸ ਸ਼ਾਮ ਡਾਕਟਰ ਨੇ ਮੇਰੀ ਮੌਜੂਦਗੀ ਚ ਮਾਇਆ ਕੋਡਨਾਨੀ ਨੂੰ ਇਹ ਜਾਣਕਾਰੀ ਦਿੰਦੇ ਹੋਏ ਫੋਕੀਤਾ ਕਿ ਅਮਰੀਕਾ ਤੋਂ ਇਕ ਬਾਰਸੂਖ਼ ਫਿਲਮਸਾਜ਼ ਉਸ ਨਾਲ ਵਾਰਤਾਲਾਪ ਕਰਨਾ ਚਾਹੁੰਦੀ ਸੀ ਅਤੇ ਉਹ ਖ਼ੁਦ ਉਸਦੇ ਕਾਬਲੀਅਤ ਪ੍ਰਮਾਣਾਂ ਦੀ ਹਾਮੀ ਭਰ ਸਕਦਾ ਸੀ। ਆਪਣਾ ਕੰਮ ਜਾਰੀ ਰੱਖਣ ਅਤੇ ਕਿਸੇ ਸ਼ੱਕ ਤੋਂ ਬਚਣ ਲਈ, ਮੈਂ ਉਸ ਤੋਂ ਬਾਅਦ ਡਾਕਟਰ ਨੂੰ ਮਿਲਣ ਦਾ ਸਿਲਸਿਲਾ ਜਾਰੀ ਰੱਖਿਆ ਜਿਸ ਨੂੰ ਮੈਂ ਆਪਣਾ ਖੋਜ ਕਾਰਜ ਕਹਾਂਗੀ।

ਉਸ ਸ਼ਾਮ ਜਦੋਂ ਮੈਂ ਹੋਸਟਲ ਵਾਪਸ ਆਈ, ਮਾਈਕ ਨੇ ਕਾਗਜ਼ ਦੇ ਇਕ ਪੁਰਜ਼ੇ ਉਪਰ ਮੇਰੇ ਲਈ ਬਹੁਤ ਸਾਰੇ ਸਵਾਲ ਲਿਖ ਰੱਖੇ ਸਨ, ਸਮੇਤ ਉਨ੍ਹਾਂ ਨਾਵਾਂ ਦੇ ਜਿਨ੍ਹਾਂ ਨੂੰ ਉਹ ਮੁਜਰਿਮ ਖ਼ਿਆਲ ਕਰਦਾ ਸੀ। ਮਾਈਕ ਸਹੀ ਸੀ, ਉਸ ਨੂੰ ਆਦਾਨ ਪ੍ਰਦਾਨ ਪ੍ਰੋਗਰਾਮ ਲਈ ਚੁਣੇ ਜਾਣ ਦੀ ਵਜ੍ਹਾ ਸੀ। ਉਸ ਸ਼ਾਮ ਉਸਨੇ ਸਹੀ ਸਵਾਲ ਪੁੱਛਦੇ ਹੋਏ, ਅਤੇ ਸਹੀ ਬਾਰੀਕੀਆਂ ਨੂੰ ਆਤਮਸਾਤ ਕਰਦੇ ਹੋਏ ਮੈਨੂੰ ਬਹੁਤ ਗ਼ੌਰ ਨਾਲ ਸੁਣਿਆ। ਮੈਂ ਉਸਨੂੰ ਕਾਰਵਾਈ ਵਿਉਂਤ ਤੋਂ ਜਾਣੂ ਕਰਾਇਆ ਅਤੇ ਇਹ ਵੀ ਕਿ ਜੇ ਚੀਜ਼ਾਂ ਵਿਉਂਤ ਅਨੁਸਾਰ ਨਾ ਚੱਲੀਆਂ ਤਾਂ ਮੈਂ ਇਸ ਨੂੰ ਆਪਣੇ ਤੌਰ ਤੇ ਬਦਲਣ ਲਈ ਮਜ਼ਬੂਤ ਹੋਵਾਂਗੀ। ਇਸ ਨੂੰ ਲੈ ਕੇ ਅਸੀਂ ਕਿਵੇਂ ਕਰਾਂਗੇ, ਉਸਨੇ ਪੁੱਛਿਆ। ਕੱਲ੍ਹ; ਮੈਂ ਉਸਨੂੰ ਦਸਿਆ, ਅਸੀਂ ਆਪਣਾ ਪਹਿਲਾਂ ਇਮਤਿਹਾਨ ਦੇਣਾ ਹੈ।

ਅਗਲੇ ਦਿਨ ਅਸੀਂ ਮਾਇਆ ਕੋਡਨਾਨੀ ਨੂੰ ਮਿਲਣਾ ਸੀ। ਬਤੌਰ ਇਕ ਖੋਜੀ ਪੱਤਰਕਾਰ ਮੈਂ ਜਾਣਦੀ ਸੀ ਕਿ ਮੁੱਢ ਵਿਚ ਜਾਣਕਾਰੀ ਐਨੀ ਸੌਖੀ ਬਾਹਰ ਨਹੀਂ ਆਉਣ ਲੱਗ ਜਾਂਦੀ। ਅਤੇ ਜੇ ਇਹ ਸ਼ੁਰੂ ਵੀ ਹੋ ਜਾਵੇ, ਬੰਦੇ ਨੂੰ ਬਹੁਤੀ ਉਤਸੁਕਤਾ ਨਹੀਂ ਦਿਖਾਉਣੀ ਚਾਹੀਦੀ। ਮੈਂ ਮਾਈਕ ਨੂੰ ਇਸ ਬਾਰੇ ਦੱਸ ਦਿੱਤਾ। ਅੱਜ ਅਸੀਂ ਫਿਲਮਸਾਜ਼ ਬਣਨਾ ਹੈ, ਬਸ ਫਿਲਮਸਾਜ਼। ਮਾਇਆਬੇਨ ਦਾ ਕਲੀਨਿਕ ਨਰੋਦਾ ਵਿਖੇ ਮੁੱਖ ਸੜਕ ਉਪਰ ਸੀ। ਨਰੋਦਾ ਪਾਟੀਆ ਕਤਲੇਆਮ ਇਸ ਤਿੰਨ ਵਾਰ ਵਿਧਾਇਕ ਬਣੀ ਔਰਤ ਦੇ ਕਲੀਨਿਕ ਤੋਂ ਥੋੜ੍ਹੀ ਦੂਰ ਹੀ ਹੋਇਆ ਸੀ, ਕਤਲੇਆਮ ਜਿਸ ਵਿਚ ਇਕ ਹਜ਼ਾਰ ਤੋਂ ਉਪਰ ਲੋਕਾਂ ਨੂੰ ਬੇਰਹਿਮੀ ਨਾਲ ਕੋਹ ਕੋਹ ਕੇ ਮਾਰਿਆ ਗਿਆ ਸੀ। ਉਸਦੇ ਖਿਲਾਫ਼ ਇਲਜ਼ਾਮ ਇਹ ਸੀ ਕਿ ਉਸ ਹਜੂਮ ਦੀ ਅਗਵਾਈ ਉਸਨੇ ਕੀਤੀ ਸੀ ਜਿਸਨੇ ਭੜਕਾਊ ਨਾਅਰੇ ਲਾਉਂਦੇ ਹੋਏ ਮੁਸਲਮਾਨਾਂ ਉਪਰ ਹਮਲਾ ਕੀਤਾ ਸੀ।

ਮਾਈਕ ਅਤੇ ਮੈਂ ਕੋਡਨਾਨੀ ਦੇ ਕਲੀਨਿਕ ਵਿਚ ਚਲੇ ਗਏ ਜਿਥੇ ਸਥਾਨਕ ਔਰਤਾਂ ਉਸਦੇ ਕੈਬਿਨ ਦੇ ਬਾਹਰ ਭੀੜੇ ਬੈਂਚਾਂ ਉਪਰ ਬੈਠੀਆਂ ਹੋਈਆਂ ਸਨ। ਮੁੱਖ ਦੁਆਰ ਉਪਰ ਦੋ ਹੱਟੇ ਕੱਟੇ ਆਦਮੀ ਬੈਠੇ ਸਨ, ਉਨ੍ਹਾਂ ਵਿਚੋਂ ਇਕ ਕੋਲ ਬੰਦੂਕ ਸੀ। ਮੈਨੂੰ ਤੇ ਮਾਈਕ ਨੂੰ ਦੇਖਕੇ ਉਨ੍ਹਾਂ ਨੇ ਸਾਨੂੰ ਰੋਕ ਲਿਆ, ਫ਼ੋਨ ਉਪਰ ਆਪਣੀ ਬੌਸ ਨਾਲ ਗੱਲ ਕੀਤੀ ਅਤੇ ਫਿਰ ਸਾਨੂੰ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ। ਉਹ ਕੋਡਨਾਨੀ ਦਾ ਅੰਗ ਰੱਖਿਅਕ ਸੀ, ਜੋ ਓਦੋਂ ਤੋਂ ਉਸ ਦੇ ਕਲੀਨਿਕ ਦੀ ਨਿਗਰਾਨੀ ਕਰਦਾ ਸੀ ਜਦੋਂ ਤੋਂ ਉਹ ਐਸ ਆਈ ਟੀ (ਸਪੈਸ਼ਲ ਇਨਵੈਸਟੀਗਟਿਵ ਟੀਮ) ਦੇ ਨਿਸ਼ਾਨੇ ਤੇ ਆਈ ਸੀ। ਇਹ ਦੋ ਮੰਜ਼ਲੀ ਇਮਾਰਤ ਸੀ ਜਿਸਦੇ ਅੰਦਰ ਹੋਰ ਡਾਕਟਰਾਂ ਦੇ ਕਲੀਨਿਕ ਵੀ ਸਨ। ਕਲੀਨਿਕ ਦੇ ਨਾਲ ਓਪਰੇਸ਼ਨ ਥੀਏਟਰ ਵੀ ਬਣਿਆ ਹੋਇਆ ਸੀ।

ਵੀਰਵਾਰ ਨੂੰ ਕਲੀਨਿਕ ਵਿਖੇ ਮਰੀਜ਼ਾਂ ਦੀ ਗਿਣਤੀ ਦੁੱਗਣੀ ਹੁੰਦੀ ਸੀ ਜੋ ਜ਼ਿਆਦਾਤਰ ਥੋੜ੍ਹੀ ਆਮਦਨੀ ਵਾਲੇ ਵਰਗ ਚੋਂ ਹੁੰਦੇ ਸਨ। ਉਥੇ ਲਗਾਈ ਤਖ਼ਤੀ ਉਪਰ ਲਿਖਿਆ ਹੋਇਆ ਸੀ, ਵੀਰਵਾਰ ਨੂੰ ਫ਼ੀਸ ਸਿਰਫ਼ 50 ਰੁਪਏ। ਕੰਪਾਊਡਰ ਨੇ ਸਾਨੂੰ ਸੱਨਜ਼ਰਾਂ ਨਾਲ ਤਾੜਦਿਆਂ ਦਸਿਆ ਕਿ ਕਲੀਨਿਕ ਵਿਚ ਸਿਰਫ਼ ਸਥਾਨਕ ਮਰੀਜ਼ਾਂ ਨੂੰ ਦੇਖਿਆ ਜਾਂਦਾ ਹੈ। ਮੈਂ ਇਕ ਫਿਲਮਸਾਜ਼ ਹਾਂ ਇਥੇ ਮੈਂ ਮੈਡਮ ਨੂੰ ਮਿਲਣ ਆਈ ਹਾਂ, ਮੈਂ ਉਸਨੂੰ ਦਸਿਆ।

ਮੈਂ ਇਕ ਕਾਪੀ ਉਪਰ ਕੁਝ ਲਿਖਣ ਦਾ ਯਤਨ ਕੀਤਾ ਜਦਕਿ ਮਾਈਕ ਟੀ ਵੀ ਉਪਰ ਸੰਸਕਾਰ ਚੈਨਲ ਦੇਖਣ ਵਿਚ ਮਗਨ ਸੀ। ਇਕ ਬਜ਼ੁਰਗ ਔਰਤ ਜੋ ਆਪਣੀ ਨੂੰਹ ਨਾਲ ਉੱਥੇ ਬੈਠੀ ਆਪਣੀ ਵਾਰੀ ਦੀ ਇੰਤਜ਼ਾਰ ਕਰ ਰਹੀ ਸੀ ਨੇ ਟੀ ਵੀ ਅੱਗੇ ਗੋਡਿਆਂ ਭਾਰ ਹੋਕੇ ਬਾਬਾ ਨੂੰ ਮੱਥਾ ਟੇਕਿਆ। ਭੌਰ ਭੌਰ ਹੋਏ ਮਾਈਕ ਨੇ ਮੇਰੇ ਵੱਲ ਦੇਖਿਆ। ਮੈਂ ਹੱਸ ਕੇ ਆਪਣੀ ਬਿਰਤੀ ਫਿਰ ਕਾਪੀ ਉਪਰ ਇਕਾਗਰ ਕਰ ਲਈ। ਐਨ ਓਦੋਂ ਹੀ, ਮੈਥਿਲੀ ਕੌਨ ਚੀ; ਦੀ ਆਵਾਜ਼ ਕੰਨੀ ਪੈ ਗਈ। ਕੋਡਨਾਨੀ ਦੀ ਸਹਾਇਕ ਉਸਦੇ ਕੈਬਿਨ ਤੋਂ ਬਾਹਰ ਆ ਕੇ ਬੁਲਾ ਰਹੀ ਸੀ। ਉਸਨੇ ਮੈਨੂੰ ਤੇ ਮਾਈਕ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ। ਮੈਂ ਅੰਗਰੇਜ਼ੀ ਦੇ ਖ਼ਾਸ ਲਹਿਜ਼ੇ ਚ ਆਪਣਾ ਤੇ ਮਾਈਕ ਦਾ ਤੁਆਰਫ਼ ਕਰਾਇਆ। ਨਿੱਘ ਨਾਲ ਹੱਥ ਮਿਲਾਏ ਗਏ।

ਤੂੰ ਜਾਣਦੀ ਏਂ, ਤੇਰਾ ਨਾਂ ਬਹੁਤ ਖ਼ੂਹੈ, ਇਹ ਸੀਤਾ ਜੀ ਦਾ ਨਾਂ ਹੈ; ਸਾਫ਼ ਤੌਰ ਤੇ ਪ੍ਰਭਾਵਿਤ ਨਜ਼ਰ ਆ ਰਹੀ ਕੋਡਨਾਨੀ ਨੇ ਕਿਹਾ। ਓ, ਜੀ ਮੈਡਮ, ਮੇਰੇ ਪਿਤਾ ਜੀ ਸੰਸਕ੍ਰਿਤ ਅਧਿਆਪਕ ਨੇ ਇਸ ਕਰਕੇ

**ਬਾਕੀ ਸਫ਼ਾ 32 'ਤੇ**

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |



**Serving the Bay Area Since 1996**
39156-State Street, Fremont CA-94538
Email: info@travelforlessinc.com
www.letsflyhome.com

(510) 791-3300
(408) 791-2600

# PANNU'S
## LEGAL SERVICES



G.S. Pannu
(Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

**VISA IN ONE DAY**




Indian Passport | India Visa in 1 Day | OCI | US Passport

Power of Attorney & Other Services

510.677.8440

| | | |
|---|---|---|
| 40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER) |

**Serving Around the World Community Since 1994**
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
**Or Call (818) 762-9236**
15549 Devonshire St., Ste. 206 Mission Hills, CA 91345

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਦੂਜਾ ਸਿੱਖ ਯੂਥ ਕੀਰਤਨ ਦਰਬਾਰ ਕਰਵਾਇਆ





**ਮਿਲਪੀਟਸ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਇੰਸਟੀਟਿਊਟ ਆਫ਼ ਗੁਰਮਤਿ ਗਿਆਨ ਆਨਲਾਈਨ ਸਟੱਡੀਜ਼ ਸੈਂਟਰ ਵੱਲੋਂ ਦੂਜਾ ਮਹੀਨਾਵਾਰੀ ਸਿੱਖ ਯੂਥ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਵਿਚ ਆਈ.ਜੀ.ਓ.ਐੱਸ. (ਇੰਸਟੀਟਿਊਟ ਆਫ਼ ਗੁਰਮਤਿ ਗਿਆਨ ਆਨਲਾਈਨ ਸਟੱਡੀਜ਼) ਮਿਲਪੀਟਸ ਦੇ ਵਿਦਿਆਰਥੀਆਂ ਅਤੇ ਹੋਰ ਸ਼ਹਿਰਾਂ ਦੇ ਬੱਚਿਆਂ ਨੇ ਕੀਰਤਨ ਦੁਆਰਾ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਇਸ ਮਹੀਨਾਵਾਰੀ ਸਿੱਖ ਯੂਥ ਕੀਰਤਨ ਦਰਬਾਰ ਦਾ ਆਰੰਭ ਪਿਛਲੇ ਮਹੀਨੇ ਪ੍ਰਸਿੱਧ ਗੁਰਮਤਿ ਸੰਗੀਤ ਆਚਾਰੀਆ ਡਾ. ਗੁਰਨਾਮ ਸਿੰਘ ਨੇ ਰਾਗਮਈ ਸ਼ਬਦ ਗਾਇਨ ਦੁਆਰਾ ਕੀਤਾ ਸੀ। ਉਨ੍ਹਾਂ ਨੇ ਇਸ ਤਰ੍ਹਾਂ ਦੇ ਉਪਰਾਲਿਆਂ ਨੂੰ ਆਉਣ ਵਾਲੀ ਪੀੜ੍ਹੀ ਲਈ ਸਿੱਖੀ ਜੀਵਨ ਜਾਚ ਅਤੇ ਸਿੱਖ ਸਭਿਆਚਾਰਕ ਸੇਧ ਦੇਣ ਦਾ ਵਿਸ਼ੇਸ਼ ਉੱਦਮ ਦੱਸਿਆ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੂੰ ਇਹੋ ਜਿਹੇ ਸਮਾਗਮ ਕਰਵਾਉਣ ਲਈ ਧੰਨਤਾਯੋਗ ਕਿਹਾ ਅਤੇ ਹਾਰਦਿਕ ਵਧਾਈ ਦਿੱਤੀ। ਵਰਣਨਯੋਗ ਹੈ ਕਿ ਦੂਜੇ ਕੀਰਤਨ ਦਰਬਾਰ ਦੇ ਸ਼ਾਮ ਦੇ ਸੰਪੂਰਨ ਦੀਵਾਨ ਦੀਆਂ ਸੇਵਾਵਾਂ ਬੱਚਿਆਂ ਵੱਲੋਂ ਖ਼ੁਦ ਨਿਭਾਈਆਂ ਗਈਆਂ। ਦੀਵਾਨ ਦੀ ਅਰੰਭਤਾ ਬੱਚਿਆਂ ਦੀ ਮਨੋਹਰ ਆਵਾਜ਼ ਵਿਚ ਰਹਿਰਾਸ ਸਾਹਿਬ ਦੇ ਪਾਠ ਨਾਲ ਹੋਈ ਜਿਸ ਵਿਚ ਸਮੁੱਚੀ ਸੰਗਤ ਨੇ ਸੰਗਤੀ ਰੂਪ ਵਿਚ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਲਗਵਾਈ। ਉਪਰੰਤ ਧੁਰ ਕੀ ਬਾਣੀ ਦੇ ਅਨੰਦਦਾਇਕ ਰਾਗਮਈ ਕੀਰਤਨ ਸ਼ੁਰੂ ਹੋਏ। ਬੱਚਿਆਂ ਨੇ ਆਪਣੀਆਂ ਮਿੱਠੀਆਂ ਆਵਾਜ਼ਾਂ ਵਿਚ ਰਾਗਾਤਮਕ ਸ਼ਬਦ ਗਾਇਨ ਦੁਆਰਾ ਵਿਸ਼ੇਸ਼ ਵਿਸਮਾਦੀ ਮਾਹੌਲ ਸਿਰਜ ਦਿੱਤਾ। ਵਿਸਮਾਦੀ ਕੀਰਤਨ ਦਾ ਇਹ ਪ੍ਰਵਾਹ ਲਗਭਗ ਡੇਢ ਘੰਟਾ ਪ੍ਰਵਾਹਿਤ ਰਿਹਾ। ਉਪਰੰਤ ਸੰਗਤੀ ਰੂਪ ਵਿਚ ਅਨੰਦ ਸਾਹਿਬ ਦਾ ਗਾਇਨ ਰਾਗ ਰਾਮਕਲੀ ਵਿਚ ਕੀਤਾ ਗਿਆ। ਅਰਦਾਸ ਮਗਰੋਂ ਸੁੱਖ-ਆਸਨ ਸਾਹਿਬ ਦੀ ਸੇਵਾ ਵੀ ਸਮੂਹ ਵਿਦਿਆਰਥੀਆਂ ਨੇ ਕੀਤੀ ਅਤੇ ਦੇਗ਼ ਵਰਤਾਈ। ਸਮੂਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਨੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਸਮੂਹ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਗੁਰਬਾਣੀ ਅਤੇ ਗੁਰਸਿੱਖੀ ਨਾਲ ਜੋੜਨ ਲਈ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਭਵਿੱਖ ਵਿਚ ਅਜਿਹੇ ਹੋਰ ਉਪਰਾਲੇ ਕਰਨ ਦਾ ਯਕੀਨ ਦਵਾਇਆ।

## ਅਮਰੀਕੀ ਕਾਂਗਰਸ ਨੇ ਭਾਰਤ ਨੂੰ ਅਹਿਮ ਰੱਖਿਆ ਭਾਈਵਾਲ ਬਣਾਉਣ ਲਈ ਰਾਹ ਪੱਧਰਾ ਕੀਤਾ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਕਾਂਗਰਸ ਨੇ ਭਾਰਤ ਨੂੰ ਅਹਿਮ ਰੱਖਿਆ ਭਾਈਵਾਲ ਬਣਾਉਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਸੈਨੇਟ ਨੇ ਸਾਲ 2017 ਲਈ ਅਮਰੀਕਾ ਦੇ 618 ਅਰਬ ਡਾਲਰ ਦੇ ਰੱਖਿਆ ਬਜਟ-2017 ਨੂੰ ਪਾਸ ਕਰਦਿਆਂ 'ਦਿ 2017 ਨੇਸ਼ਨ ਡਿਫੈਂਸ ਆਥੋਰਾਈਜ਼ੇਸ਼ਨ ਐਕਟ' (ਐਨਡੀਏਏ) ਨੂੰ ਸੱਤ ਦੇ ਮੁਕਾਬਲੇ 92 ਵੋਟਾਂ ਨਾਲ ਪਾਸ ਕੀਤਾ ਹੈ। ਐਨਡੀਏਏ 2017 ਵਿੱਚ ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਭਾਰਤ ਅਤੇ ਅਮਰੀਕਾ ਨੂੰ ਅਹਿਮ ਰੱਖਿਆ ਭਾਈਵਾਲ ਬਣਾਉਣ ਅਤੇ ਉਹਦੇ ਜ਼ਰੀਏ ਦੁਵੱਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਕਦਮ ਚੁੱਕਣ ਲਈ ਕਿਹਾ ਗਿਆ ਹੈ। ਇਸ ਤੋਂ ਪਹਿਲਾਂ ਇਸ ਨੂੰ ਅਮਰੀਕੀ ਪ੍ਰਤੀਨਿਧ ਸਭਾ ਨੇ 34 ਮੁਕਾਬਲੇ 375 ਵੋਟਾਂ ਨਾਲ ਪਾਸ ਕੀਤਾ ਸੀ ਅਤੇ ਹੁਣ ਕਾਨੂੰਨ ਦਾ ਰੂਪ ਦੇਣ ਲਈ ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਹਸਤਾਖ਼ਰਾਂ ਲਈ ਘੱਲਿਆ ਜਾਵੇਗਾ। ਸੈਨੇਟ ਇੰਡੀਆ ਕਾਕਸ ਦੇ ਸਹਿ ਚੇਅਰਮੈਨ ਸੈਨੇਟਰ ਮਾਰਕ ਵਾਰਨਰ ਨੇ ਸੈਨੇਟ ਵੱਲੋਂ ਬਿਲ ਪਾਸ ਕੀਤੇ ਜਾਣ ਤੋਂ ਬਾਅਦ ਕਿਹਾ, 'ਭਾਰਤ ਨਾਲ ਦੁਵੱਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਚੁੱਕੇ ਗਏ ਕਦਮਾਂ ਦੀ ਮੈਂ ਸ਼ਲਾਘਾ ਕਰਦਾ ਹਾਂ। ਇਸ ਵਿੱਚ ਫ਼ੌਜਾਂ ਦੇ ਮੇਲਜੋਲ ਦਾ ਵਿਸਥਾਰ ਕਰਨਾ, ਰੱਖਿਆ ਕਾਰੋਬਾਰ ਨੂੰ ਉਤਸ਼ਾਹਤ ਕਰਨਾ ਅਤੇ ਤਕਨੀਕੀ ਵਿਕਾਸ ਲਈ ਸਹਿਯੋਗ ਵਧਾਉਣਾ ਸ਼ਾਮਲ ਹੈ।' ਸ੍ਰੀ ਵਾਰਨਰ 115ਵੀਂ ਕਾਂਗਰਸ ਵਿੱਚ ਸੈਨੇਟ ਇੰਟੈਲੀਜੈਂਸ ਕਮੇਟੀ ਦੇ ਉਪ ਚੇਅਰਮੈਨ ਦਾ ਅਹੁਦਾ ਸੰਭਾਲਣਗੇ। ਉਨ੍ਹਾਂ ਆਖਿਆ, 'ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਨਾਲ ਅਮਰੀਕੀ ਰਣਨੀਤਕ ਹਿੱਤ ਲਗਾਤਾਰ ਜੁੜ ਰਹੇ ਹਨ ਅਤੇ ਭਾਰਤ ਆਰਥਿਕ ਵਿਕਾਸ ਅਤੇ ਆਲਮੀ ਰੱਖਿਆ ਨੂੰ ਵਧਾਉਣ ਸਬੰਧੀ ਅਹਿਮ ਸਹਿਯੋਗੀ ਹੈ।' ਐਨਡੀਏਏ ਦੀ ਧਾਰਾ 1292 ਦਾ ਸਿਰਲੇਖ 'ਭਾਰਤ ਨਾਲ ਰੱਖਿਆ ਅਤੇ ਸੁਰੱਖਿਆ ਸਹਿਯੋਗ ਵਧਾਉਣਾ' ਹੈ। ਉਸ ਵਿੱਚ ਰੱਖਿਆ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਭਾਰਤ ਅਤੇ ਅਮਰੀਕਾ ਦਾ ਅਹਿਮ ਭਾਈਵਾਲ ਬਣਾਉਣ ਲਈ ਜ਼ਰੂਰੀ ਕਦਮ ਚੁੱਕਣ ਲਈ ਕਿਹਾ ਗਿਆ ਹੈ। ਇਸ ਧਾਰਾ ਵਿੱਚ ਪ੍ਰਸ਼ਾਸਨ ਨੂੰ ਇਹ ਹੀ ਕਿਹਾ ਗਿਆ ਹੈ ਕਿ ਕਾਰਜਕਾਰਨੀ ਬ੍ਰਾਂਚ ਦੀ ਜ਼ਿੰਮੇਵਾਰੀ ਕਿਸੇ ਅਜਿਹੇ ਵਿਅਕਤੀ ਨੂੰ ਸੌਂਪੇ, ਜਿਸ ਨੂੰ ਰੱਖਿਆ ਅਤੇ ਤਕਨੀਕ ਦਾ ਤਜਰਬਾ ਹੋਵੇ ਤਾਂ ਜੋ ਉਹ ਅੰਤਰ ਏਜੰਸੀ ਪਾਲਿਸੀ ਕੋਆਰਡੀਨੇਸ਼ਨ ਜ਼ਰੀਏ ਭਾਰਤ-ਅਮਰੀਕਾ ਰੱਖਿਆ ਸਬੰਧਾਂ ਦੀ ਰੂਪ-ਰੇਖਾ ਦੀ ਸਫ਼ਲਤਾ ਯਕੀਨੀ ਬਣਾ ਸਕੇ। ਨਾਲ ਹੀ ਭਾਰਤ-ਅਮਰੀਕਾ ਰੱਖਿਆ ਕਾਰੋਬਾਰ, ਰੱਖਿਆ ਸਹਿਯੋਗ ਅਤੇ ਮੌਕਿਆਂ ਦੇ ਸਹਿ ਨਿਰਮਾਣ ਅਤੇ ਸਹਿ ਵਿਕਾਸ ਸਬੰਧੀ ਬਕਾਇਆ ਮਸਲਿਆਂ ਨੂੰ ਹੱਲ ਕਰ ਸਕੇ।


ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ
AT GURDWARA SAHIB
KHALSA CARE FOUNDATION
9899 Laurel Canyon Blvd, Pacoima CA 91331
ਵਿਸ਼ੇਸ਼ ਕੀਰਤਨ ਸਮਾਗਮ
PROGRAMME
16 DECEMBER 2016 (FRIDAY)
8.00 TO 8.45 PM
17 DECEMBER 2016 (SATURDAY)
7.30 TO 8.30 PM
18 DECEMBER 2016 (SUNDAY)
12.00 NOON TO 1.00 PM

SANT NIRANJAN SINGH JI
JAWDI KALAN WALE
Followed by Ardas Samapti & Guru Ka Langar
BHAI KANHAIYA JEE LANGAR SEWA DAL
FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

# ਸਾਰਾਗੜ੍ਹੀ 'ਤੇ ਬਣ ਰਹੀ ਦਸਤਾਵੇਜ਼ੀ ਫ਼ਿਲਮ ਸਿੱਖਾਂ ਦਾ ਮਨ ਮੋਹ ਲਏਗੀ

## 36ਵੀਂ ਸਿੱਖ ਰੈਜੀਮੈਂਟ ਦੇ 21 ਯੋਧੇ

ਲੰਡਨ/ਬਿਊਰੋ ਨਿਊਜ਼ : ਬ੍ਰਿਟਿਸ਼ ਭਾਰਤੀ ਫ਼ੌਜੀਆਂ ਦੀ ਬਹਾਦਰੀ ਦੀ ਗਾਥਾ ਪੇਸ਼ ਕਰਦੀ ਨਵੀਂ ਫ਼ਿਲਮ 'ਸਾਰਾਗੜ੍ਹੀ' ਬਣਾਈ ਗਈ ਹੈ ਜਿਸ ਦੇ ਵਿੱਤੀ ਸਹਿਯੋਗ ਲਈ ਸੋਸ਼ਲ ਮੀਡੀਆ ਰਾਹੀਂ ਫੰਡ ਜੁਟਾਏ ਗਏ ਹਨ। ਸਾਰਾਗੜ੍ਹੀ, ਉਨ੍ਹਾਂ 21 ਸਿੱਖ ਫ਼ੌਜੀਆਂ ਦੀ ਕਹਾਣੀ ਹੈ ਜਿਨ੍ਹਾਂ ਨੇ 1897 ਵਿਚ ਸਾਰਾਗੜ੍ਹੀ ਪੋਸਟ 'ਤੇ ਲੜਾਈ ਲੜੀ ਸੀ। ਇਨ੍ਹਾਂ ਸਿੱਖ ਫ਼ੌਜੀਆਂ ਨੇ 10,000 ਪਸ਼ਤੂਨਾਂ ਨੂੰ ਸਾਰਾਗੜ੍ਹੀ ਪੋਸਟ ਵਿਚ ਦਾਖ਼ਲ ਹੋਣ ਤੋਂ ਰੋਕਣ ਲਈ ਕਰੀਬ 6 ਘੰਟੇ ਲੜਾਈ ਲੜੀ। 6 ਘੰਟਿਆਂ ਬਾਅਦ ਪਸ਼ਤੂਨ ਕਬਾਇਲੀ ਦਰਵਾਜ਼ਾ ਤੋੜ ਕੇ ਅੰਦਰ ਦਾਖ਼ਲ ਹੋਣ ਵਿਚ ਕਾਮਯਾਬ ਹੋ ਗਏ ਸਨ ਤੇ ਸਾਰੇ ਦੇ ਸਾਰੇ 21 ਬਰਤਾਨਵੀ ਭਾਰਤੀ ਫ਼ੌਜੀ ਅੰਗਰੇਜ਼ਾਂ ਪ੍ਰਤੀ ਆਪਣੀ ਵਫ਼ਾਦਾਰੀ ਦਿਖਾਉਂਦੇ ਹੋਏ ਮਾਰੇ ਗਏ ਸਨ। ਇਸ ਪ੍ਰੋਜੈਕਟ ਲਈ ਕਿਕਸਟਾਰਟਰ ਵੈੱਬਸਾਈਟ 'ਤੇ 9000 ਡਾਲਰ ਤੋਂ ਵੱਧ ਰਕਮ ਇਕੱਠੀ ਹੋਈ ਹੈ। ਇਸ ਪ੍ਰੋਜੈਕਟਰ ਨੂੰ ਨਵੇਂ ਬਰਾਡਕਾਸਟ ਚੈਨਲ 'ਕੇ.ਟੀ.ਵੀ.' ਅਤੇ ਡਿਜੀਟਲ ਆਰਟਸ ਨਿਰਮਾਤਾ 'ਤਾਰਨ ਤ੍ਰੀ ਡੀ' ਦੀ ਭਾਈਵਾਲੀ ਨਾਲ 'ਸਾਰਾਗੜ੍ਹੀ ਸੁਸਾਇਟੀ' ਵਲੋਂ ਤਿਆਰ ਕੀਤਾ ਜਾ ਰਿਹਾ ਹੈ। ਲੇਖਕ ਅਤੇ ਫ਼ਿਲਮਸਾਜ਼ ਜੈ ਸਿੰਘ ਸੋਹਲ ਨੇ ਦੱਸਿਆ ਕਿ ਇਹ ਕਹਾਣੀ ਬਰਤਾਨਵੀ ਭਾਰਤੀਆਂ ਲਈ ਬਹੁਤ ਮਹੱਤਵ ਰੱਖਦੀ ਹੈ ਪਰ ਸਮਾਂ ਬੀਤਣ ਦੇ ਨਾਲ ਨਾਲ ਇਸ ਨਾਲ ਹੋਰ ਵੀ ਮਿੱਥਾਂ ਜੁੜ ਗਈਆਂ ਹਨ। ਉਨ੍ਹਾਂ ਕਿਹਾ, "ਇਹ ਦਸਤਾਵੇਜ਼ੀ ਫ਼ਿਲਮ ਬਣਾਉਣ ਦਾ ਸਾਡਾ ਮਕਸਦ ਸਾਰਾਗੜ੍ਹੀ ਦੇ ਇਤਿਹਾਸਕ ਤੱਥਾਂ 'ਤੇ ਰੌਸ਼ਨੀ ਪਾਉਣਾ ਹੈ। ਇਸ ਨੂੰ ਡੂੰਘੀਆਂ ਖੋਜਾਂ ਅਤੇ ਮੁਢਲੇ ਸਰੋਤਾਂ ਦੇ ਆਧਾਰ 'ਤੇ ਬਣਾਇਆ ਜਾ ਰਿਹਾ ਹੈ। ਇਸ ਫ਼ਿਲਮ ਰਾਹੀਂ ਅਸੀਂ ਉਨ੍ਹਾਂ ਸਿੱਖ ਫ਼ੌਜੀਆਂ ਨੂੰ ਆਪਣੀ ਸੱਚੀ ਸ਼ਰਧਾਂਜਲੀ ਦੇਣਾ ਚਾਹੁੰਦੇ ਹਾਂ।" ਸੋਹਲ ਨੇ ਕਿਹਾ, "ਇਹ ਫ਼ਿਲਮ ਉਨ੍ਹਾਂ ਸਿੱਖ ਫ਼ੌਜੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜਿਸ ਤੋਂ ਨੌਜਵਾਨ ਪੀੜ੍ਹੀ ਪ੍ਰੇਰਣਾ ਲਏਗੀ। ਬਰਤਾਨਵੀ ਸਿੱਖ ਹੋਣ ਦੇ ਨਾਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਸਾਡੇ ਭਾਈਚਾਰੇ ਲਈ ਆਪਣੇ ਇਤਿਹਾਸ ਨੂੰ ਪੇਸ਼ ਕਰਨਾ ਬਹੁਤ ਅਹਿਮੀਅਤ ਰੱਖਦਾ ਹੈ। ਅੱਜ ਅਸੀਂ ਆਪਣੇ ਮੁਲਕ ਵਿਚ ਇਨ੍ਹਾਂ ਵਰਗੇ ਮਹਾਨ ਯੋਧਿਆਂ ਕਰਕੇ ਹੀ ਆਜ਼ਾਦੀ ਮਾਣ ਰਹੇ ਹਾਂ।"

ਇਹ ਦਸਤਾਵੇਜ਼ੀ ਫ਼ਿਲਮ ਸਾਰਾਗੜ੍ਹੀ ਲੜਾਈ ਦੀ 120ਵੀਂ ਵਰ੍ਹੇਗੰਢ ਮੌਕੇ ਸਤੰਬਰ 2017 ਵਿਚ ਰਿਲੀਜ਼ ਹੋਵੇਗੀ। ਯੂ.ਕੇ. ਅਤੇ ਵਿਦੇਸ਼ਾਂ ਵਿਚ ਦਿਖਾਏ ਜਾਣ ਤੋਂ ਪਹਿਲਾਂ ਸੈਂਟਰਲ ਲੰਡਨ ਵਿਚ ਇਸ ਦਾ ਪ੍ਰੀਮੀਅਰ ਹੋਵੇਗਾ। ਸਾਰਾਗੜ੍ਹੀ ਸੁਸਾਇਟੀ 'ਡਬਲਯੂ.ਡਬਲਯੂ.ਆਈ. ਸਿੱਖ ਮੈਮੋਰੀਅਲ' ਦਾ ਪ੍ਰੋਜੈਕਟ ਹੈ, ਜਿਸ ਦਾ ਮਕਸਦ ਸਟਾਫਫੋਰਸ਼ਾਇਰ ਵਿਚ ਨੈਸ਼ਨਲ ਮੈਮੋਰੀਅਲ ਐਰਬੋਰੇਟਮ ਵਿਖੇ ਸਿੱਖ ਸੇਵਾਵਾਂ ਨੂੰ ਯੂ.ਕੇ. ਵਿਚ ਪਹਿਲੀ ਕੌਮੀ ਯਾਦਗਾਰ ਵਜੋਂ ਸਥਾਪਤ ਕਰਨਾ ਹੈ।



- ਸਾਰਾਗੜ੍ਹੀ 36ਵੀਂ ਸਿੱਖ ਰੈਜੀਮੈਂਟ (ਮੌਜੂਦਾ ਚੌਥੀ ਸਿੱਖ ਰੈਜੀਮੈਂਟ) ਦੇ 21 ਸਿਪਾਹੀਆਂ ਵਲੋਂ ਲੜੀ ਗਈ ਲੜਾਈ ਦੀ ਦਾਸਤਾਨ ਹੈ। ਇਨ੍ਹਾਂ ਸਿਪਾਹੀਆਂ ਨੇ ਫ਼ਰਜ਼ ਨਿਭਾਉਂਦਿਆਂ ਜਾਨਾਂ ਵਾਰ ਦਿੱਤੀਆਂ ਸਨ।
- ਇਹ ਯੁੱਧ 12 ਸਤੰਬਰ 1897 ਵਿਚ ਉਤਰ-ਪੱਛਮ ਸਰਹੱਦੀ ਸੂਬੇ ਤਿਰਾਹ (ਹੁਣ ਪਾਕਿਸਤਾਨ ਵਿਚ) ਵਿਚ ਹੋਇਆ।
- ਸਿੱਖ ਫ਼ੌਜ ਦੀ ਪਰੰਪਰਾ ਨਿਭਾਉਂਦਿਆਂ ਇਨ੍ਹਾਂ ਫ਼ੌਜੀਆਂ ਨੇ ਆਤਮ ਸਮਰਪਣ ਕਰਨ ਨਾਲੋਂ ਮੌਤ ਨੂੰ ਕਬੂਲਿਆ।
- ਯੂਨੈਸਕੋ ਵਲੋਂ ਪ੍ਰਕਾਸ਼ਤ ਬਹਾਦਰੀ ਦੀਆਂ 8 ਕਹਾਣੀਆਂ ਵਿਚੋਂ ਸਾਰਾਗੜ੍ਹੀ ਦਾ ਯੁੱਧ ਇਕ ਹੈ।

## ਅਮਰੀਕਾ 'ਚ ਹਜ਼ਾਰਾਂ ਭਾਰਤੀਆਂ ਦੀ ਨੌਕਰੀ 'ਤੇ ਸੰਕਟ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੋਨਲਡ ਟਰੰਪ ਆਪਣੇ ਚੋਣ ਪ੍ਰਚਾਰ ਦੌਰਾਨ ਵੀ ਐਚ-1ਬੀ ਵੀਜ਼ਾ ਦਾ ਮੁੱਦਾ ਚੁੱਕਦੇ ਰਹੇ ਹਨ, ਹੁਣ ਅਯੋਵਾ ਭਾਸ਼ਣ ਵਿਚ ਉਨ੍ਹਾਂ ਕਿਹਾ ਹੈ ਕਿ ਉਹ ਰਾਸ਼ਟਰਪਤੀ ਬਣਨ ਮਗਰੋਂ ਇਸ ਦਿਸ਼ਾ ਵਿਚ ਸਭ ਤੋਂ ਪਹਿਲੀ ਕੋਸ਼ਿਸ਼ ਕਰਨ ਜਾ ਰਹੇ ਹਨ। ਜੇਕਰ ਟਰੰਪ ਨੇ ਅਜਿਹਾ ਕੀਤਾ ਤਾਂ ਇਸ ਦਾ ਸਭ ਤੋਂ ਜ਼ਿਆਦਾ ਅਸਰ ਉਥੇ ਨੌਕਰੀ ਕਰ ਰਹੇ ਭਾਰਤੀਆਂ 'ਤੇ ਪਵੇਗਾ। ਅਮਰੀਕਾ ਵਿਚ 72 ਫ਼ੀ ਸਦੀ ਤੋਂ ਵੀ ਜ਼ਿਆਦਾ ਐਚ-1ਬੀ ਵੀਜ਼ਾ ਧਾਰਕ ਭਾਰਤੀ ਹਨ। ਇਹ ਭਾਰਤੀ ਅਮਰੀਕਾ ਵਿਚ ਸਸਤੀਆਂ ਦਰਾਂ 'ਤੇ ਨੌਕਰੀ ਕਰਦੇ ਹਨ, ਇਸ ਲਈ ਕੰਪਨੀਆਂ ਵੀ ਮਹਿੰਗੇ ਅਮਰੀਕੀ ਲੋਕਾਂ ਨੂੰ ਨੌਕਰੀ ਦੇਣ ਦੀ ਬਜਾਏ ਭਾਰਤੀਆਂ ਨੂੰ ਨੌਕਰੀ 'ਤੇ ਰੱਖਣਾ ਪਸੰਦ ਕਰਦੇ ਹਨ। ਪਰ ਨੀਤੀ ਵਿਚ ਤਬਦੀਲੀ ਮਗਰੋਂ ਅਮਰੀਕੀ ਕੰਪਨੀਆਂ ਆਪਣੇ ਦੇਸ਼ ਦੇ ਲੋਕਾਂ ਨੂੰ ਜ਼ਿਆਦਾ ਤਨਖ਼ਾਹ ਦੇਣ ਲਈ ਮਜਬੂਰ ਹੋਣਗੀਆਂ। ਅਜਿਹੇ ਵਿਚ ਅਮਰੀਕਾ ਅੰਦਰ ਵੱਡੀ ਗਿਣਤੀ ਵਿਚ ਭਾਰਤੀ ਬੇਰੁਜ਼ਗਾਰ ਹੋਣਗੇ।




# ਆਉ ਸਰਬੱਤ ਖਾਲਸਾ ਵਲੋਂ ਪਾਸ ਮਤਿਆ ਨੂੰ ਦ੍ਰਿੜਤਾ ਨਾਲ ਲਾਗੂ ਕਰੀਏ





ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ

## 'ਸਰਬੱਤ ਖਾਲਸਾ' ਵਲੋਂ ਬਾਦਲ ਪਿਓ-ਪੁੱਤ ਸਣੇ ਪੂਰੇ ਬਾਦਲ ਪਰਿਵਾਰ ਨੂੰ ਪੰਥ ਵਿੱਚੋਂ ਛੇਕ ਕੇ ਬਾਈਕਾਟ ਕਰਨ ਦਾ ਸੱਦਾ

### 'ਸਰਬੱਤ ਖਾਲਸਾ' ਵਲੋਂ ਲੋਕਤੰਤਰੀ ਢੰਗ ਨਾਲ ਖਾਲਸਾ ਪੰਥ ਦੀ ਮੁਕੰਮਲ ਆਜ਼ਾਦੀ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ

ਦੁਨੀਆ ਭਰ 'ਚ ਵਸਦੇ ਖ਼ਾਲਸਾ ਪੰਥ ਵਲੋਂ ਪੰਜਾਬ ਦੀ ਪਵਿੱਤਰ ਧਰਤੀ ਤਲਵੰਡੀ ਸਾਬੋ ਵਿਖੇ ਬਾਦਲ ਪਰਿਵਾਰ ਅਤੇ ਆਰ.ਐਸ.ਐਸ. ਦੀ ਜ਼ਾਲਮ ਹਕੂਮਤ ਵਲੋਂ ਆਪਣੀਆਂ ਜ਼ਾਲਮ ਫੋਰਸ ਨਾਲ ਸਿੱਖਾਂ ਦੇ ਧਰਮ 'ਚ ਉਨ੍ਹਾਂ ਦੇ ਮੁੱਲ ਖਰੀਦੇ ਪੰਜਾਬ ਦੇ ਹੁਕਮਰਾਨਾਂ ਰਾਹੀਂ ਸਿੱਖ ਧਰਮ ਵਿੱਚ ਦਖ਼ਲਅੰਦਾਜ਼ੀ, ਸਾਹਿਬ ਸ਼੍ਰੀ ਗ੍ਰੰਥ ਸਾਹਿਬ ਜੀ ਦੀ ਰੋਜ਼ਾਨਾ ਬੇਅਦਬੀ, ਸ਼ਾਂਤਮਈ ਰੋਸ ਪ੍ਰਗਟ ਕਰਦੇ ਨਿਰਦੋਸ਼ ਸਿੱਖਾਂ ਉਪਰ ਗੋਲੀਆਂ ਚਲਾ ਕੇ ਸ਼ਹੀਦ ਕਰਨਾ, ਸਰਕਾਰ ਦੀ ਮਦਦ ਨਾਲ ਪਲਦੇ ਪਾਖੰਡੀ ਸਾਧਾਂ ਵਲੋਂ ਸਿੱਖਾਂ ਨੂੰ ਜ਼ਲੀਲ ਕਰਨਾ, ਸਿੱਖਾਂ ਨੂੰ ਮੁਢਲੇ ਅਧਿਕਾਰ ਮੰਗਣ ਉਪਰ ਵੀ ਅੱਤਵਾਦੀ, ਵੱਖਵਾਦੀ ਕਹਿ ਕੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਨਾ ਅਤੇ ਪੂਰੇ ਭਾਰਤ 'ਚ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਸਜ਼ਾਵਾਂ ਦੀ ਬਜਾਏ ਉੱਚ ਅਹੁਦੇ ਦੇਣੇ ਬਿਨਾ ਮੁਕੱਦਮਾ ਚਲਾਏ ਸਿੱਖ ਨੌਜਵਾਨਾਂ ਦੀਆਂ ਜ਼ਿੰਦਗੀਆਂ ਜੇਲ੍ਹਾਂ 'ਚ ਸਾੜ ਦੇਣੀਆ, ਝੂਠੇ ਕੇਸਾਂ 'ਚ ਵੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਨਾ ਕਰਨਾ, ਬਾਦਲ ਤੇ ਮਜੀਠੀਆ ਪਰਿਵਾਰ ਵਲੋਂ ਪੂਰੇ ਸਿੱਖ ਧਰਮ ਦਾ ਹਿੰਦੂਕਰਨ ਕਰਨ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਗਰਕ ਕਰ ਦੇਣ, ਪੰਜਾਬ ਦੇ ਪਵਿੱਤਰ ਪਾਣੀਆਂ ਦੀ ਲੁੱਟ ਕਰਵਾਉਣ ਦੇ ਵਿਰੁਧ ਰੋਸ ਵਜੋਂ ਬੁਲਾਏ ਗਏ ਸਰਬੱਤ ਖਾਲਸਾ 'ਤੇ ਪਾਬੰਦੀਆਂ ਲਾਉਣੀਆਂ ਅਤੇ ਹਿੱਸਾ ਲੈਣ 'ਤੇ ਦੇਸ਼ ਧ੍ਰੋਹ ਦੇ ਕੇਸ ਦਰਜ ਕਰਨ ਉਪਰ ਸਰਬੱਤ ਖਾਲਸਾ ਵਲੋਂ ਪਾਸ ਮਤਿਆਂ ਨੂੰ ਦਰਿੜਤਾ ਨਾਲ ਲਾਗੂ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ

## ਸਰਬੱਤ ਖਾਲਸਾ 'ਚ ਪਹੁੰਚਣ ਲਈ ਵਿਦੇਸ਼ਾਂ ਦੇ ਸਿੱਖਾਂ ਵਲੋਂ ਸੰਗਤਾਂ ਦਾ ਲੱਖ-ਲੱਖ ਧੰਨਵਾਦ ਕਰਦੇ ਹੋਏ ਖਾਲਸਾ ਪੰਥ ਦੇ ਦਾਸ



ਸ. ਬੂਟਾ ਸਿੰਘ ਖੜੌਦ (609) 351-0321
ਸ. ਜੀਤ ਸਿੰਘ ਆਲੋਅਰਖ (559) 470-5595
ਸ. ਸੁਰਜੀਤ ਸਿੰਘ ਕੁਲਾਰ (917) 434-2483
ਸ. ਰੁਪਿੰਦਰ ਸਿੰਘ ਬਾਠ (937) 467-3012
ਸ. ਮੱਖਣ ਸਿੰਘ ਕਲੇਰ (630) 827-9752
ਸ. ਅਮਨਦੀਪ ਸਿੰਘ (917) 346-0699

## ਬੇਨਤੀ ਕਰਤਾ : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*
FULL SERVICE CATERING FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
**510.795.1100**

976 E. EL CAMINO REAL • SUNNYVALE
**408.795.1100**

4112 GRAFTON ST • DUBLIN
**925.829.1700**

WWW.CHAATBHAVAN.COM



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

HYDERABAD PAVILION

# TANDOOR

GRILLED TO PERFECTION!

39030 Argonaut Way, Fremont, CA 94538



CHICKEN TIKKA



TANDOORI FISH



CHICKEN BREAST



PANEER TIKKA



CHICKEN LEG



SEEKH KABAB

THALI • BIRYANI • TANDOORI

ਤਾਜ਼ੇ ਗਰਮਾ ਗਰਮ
ਅੰਮ੍ਰਿਤਸਰੀ ਕੁਲਚੇ ਅਤੇ
ਸਮੋਸੇ ਹਰ ਰੋਜ਼ ਬਣਾਏ ਜਾਂਦੇ ਹਨ



ORDER AHEAD & PICKUP, CALL:

510.677.2777

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਹੈ ਤਾਂ ਮੇਰਾ ਈ ਸਾਲਾ...!!

ਵੱਡੇ ਬਾਦਲ- ਸੁੱਖਿਆ, ਤੂੰ ਇਹਨੂੰ ਹੁਣ ਕੁਛੜੇ ਚੁੱਕ ਲਿਐ...ਪਹਿਲਾਂ ਕਨ੍ਹੇੜੇ ਚੁੱਕਿਆ ਸੀ ਤਾਂ ਸਾਰੇ ਕਿਤੇ ਓਏ-ਤੋਏ ਹੋ ਗਈ...ਆਪਦੀ ਘਰਆਲੀ ਨੂੰ ਖ਼ੁਸ਼ ਕਰਨ ਦੇ ਚੱਕਰ 'ਚ ਕਿਧਰੇ ਗੋਡੇ ਨਾ ਤੁੜਵਾ 'ਲੀਂ।



ਛੋਟੇ ਬਾਦਲ- ਬਾਪੂ ਜੀ ਤੁਸੀਂ ਚੁੱਪ ਰਹੋ...ਮੈਨੂੰ ਪਤੈ ਮੈਂ ਕੀ ਕਰ ਰਿਹਾਂ...ਮੈਂ ਤਾਂ ਇਹਨੂੰ ਸਮਝਾ ਰਿਹਾਂ ਬਈ, ਮੀਡੀਆ ਵਿਚ ਫੋਟੋ ਇਸ ਹਿਸਾਬ ਨਾਲ ਦੇਣੀ ਹੈ ਕਿ ਬੱਸ ਕੇਰਾਂ ਬੱਲੇ ਬੱਲੇ ਹੋ 'ਜੇ।

ਵੱਡੇ ਬਾਦਲ- ਇਹ ਤਾਂ ਆਪੇ ਮੀਡੀਆ ਵਾਲੇ ਕਰ ਲੈਣਗੇ... ਤੂੰ ਬੱਸ ਇਹਨੂੰ ਕੁਛੜੋਂ ਲਾਹ...ਲੋਕੀ ਗੱਲਾਂ ਕਰਦੇ ਨੇ...ਐਵੇਂ ਜਲੂਸ ਕੱਢਿਐ ਤੂੰ ਮੇਰਾ।

ਛੋਟੇ ਬਾਦਲ- ਓ ਬਾਪੂ, ਜਲੂਸ ਮੈਂ ਨੀਂ ਕੱਢਿਆ, ਆਹ ਥੋਡੇ ਮੀਡੀਆ ਵਾਲਿਆਂ ਨੇ ਕੱਢਿਐ...ਖਾਲੀ ਕੁਰਸੀਆਂ ਦੀਆਂ ਫੋਟੋਆਂ ਦਿਖਾ ਦਿਖਾ ਕੇ ਐਸੀ-ਤੇਸੀ ਫੇਰੀ ਜਾਂਦੇ ਆ ਆਪਣੀ। ਨਾਲੇ ਤੁਸੀਂ ਤਾਂ ਆਪਦੀ ਘਰਆਲੀ ਖ਼ੁਸ਼ ਕੀਤੀ ਨਾ...ਵਿਚਾਰੀ ਮੈਨੂੰ ਮੁੱਖ ਮੰਤਰੀ ਬਣਦਾ ਦੇਖਣ ਲਈ ਕਲਪਦੀ ਰਹੀ...ਹੁਣ ਮੈਂ ਤਾਂ ਆਪਦੀ ਨੂੰ ਖ਼ੁਸ਼ ਕਰਨੈ...। ਥੋਨੂੰ ਚਿੱਟਾ ਦਿਸੇ ਜਾਂ ਕਾਲਾ, ਹੈ ਤਾਂ ਇਹ ਮੇਰਾ ਹੀ ਸਾਲਾ।




## ਹੰਸ ਚਲਾ ਕੋਏ ਕੀ ਚਾਲ...!!

ਕਹਾਵਤ ਐ ਕਿ 'ਹੰਸ ਚਲਾ ਕੋਏ ਕੀ ਚਾਲ, ਆਪਣੀ ਚਾਲ ਭੂਲਾ'। ਇਹੋ ਹਾਲ ਹੰਸ ਰਾਜ ਹੰਸ ਦਾ ਹੋਇਆ...। ਚੰਗਾ ਭਲਾ ਗੀਤ-ਸੰਗੀਤ ਦੁਨੀਆ ਵਿਚ ਨਾਮਨਾ ਖੱਟ ਰਿਹਾ ਸੀ...ਜਦੋਂ ਦਾ ਸਿਆਸਤ 'ਚ ਪੈਰ ਧਰਿਆ, ਸਿਆਸੀ ਬੋਲੀ ਬੋਲਦਾ ਬੋਲਦਾ, ਆਪਣਾ ਕਿੱਤਾ ਵੀ ਭੁੱਲ ਗਿਆ। ਕਦੇ ਨੀਲਾ ਰੰਗ, ਕਦੇ ਚਿੱਟਾ ਰੰਗ ਤੇ ਹੁਣ ਭਗਵੇਂ ਰੰਗ ਵਿਚ ਰੰਗਿਆ ਗਿਆ। ਨੀਲੇ, ਚਿੱਟੇ ਤੇ ਕੇਸਰੀ ਰੰਗਾਂ ਵਿਚ ਹੰਸ ਦਾ ਆਪਣਾ ਰੰਗ ਗੁਆਚ ਹੀ ਗਿਆ। ਬੱਸ, ਹੁਣ ਤਾਂ 'ਝਾੜੂ' ਤੇ 'ਟੋਪੀ' ਦੀ ਕਸਰ ਰਹਿ ਗਈ ਐ...ਜੇ ਕੇਸਰੀ ਰੰਗ ਵਿਚ ਵੀ ਦਾਲ ਨਾ ਗਲੀ ਤਾਂ ਜਲਦੀ ਹੀ ਟੋਪੀ ਪਾ ਕੇ ਝਾੜੂ ਮਾਰਦੇ ਨਜ਼ਰ ਆਉਣਗੇ। ਪਰ ਪੱਲੇ ਉਥੇ ਵੀ ਕੁਝ ਨੀਂ ਪੈਣਾ...ਉਥੇ ਤਾਂ ਪਹਿਲਾਂ ਹੀ ਕੁੱਕੜ-ਖੇਡ ਚੱਲ ਰਹੀ ਹੈ...ਸਾਰੇ ਇਕ-ਦੂਜੇ ਦੀਆਂ ਲੱਤਾਂ ਧੂਹਣ 'ਤੇ ਹੋਏ ਪਏ ਆ...ਹੰਸ ਸਾਹਿਬ ਜ਼ਰਾ ਬਚ ਕੇ ਮੋੜ ਤੋਂ!!

## ਮਿੱਤਰੋ, ਮੈਨੂੰ ਕੋਈ ਬੋਲਣ ਨੀਂ ਦਿੰਦਾ...!!

ਲਓ ਕਰ ਲੋ ਗੱਲ! ਮੋਦੀ ਸਾਹਿਬ ਕਹਿੰਦੇ, ਮੈਨੂੰ ਸੰਸਦ ਵਿਚ ਕੋਈ ਬੋਲਣ ਨਹੀਂ ਦਿੰਦਾ...। ਮੋਦੀ ਸਾਹਿਬ ਦੇ ਜੁਮਲੇ ਸੁਣ ਸੁਣ ਕੇ ਤਾਂ ਕੇਰਾਂ ਢਿੱਡੀ ਪੀੜਾਂ ਪੈ ਜਾਂਦੀਆਂ ਨੇ। ਨਾ ਉਹ ਟੈਲੀਵਿਜ਼ਨ ਛੱਡਣ, ਨਾ ਰੇਡੂਆ, ਨਾ ਕੋਈ ਰੈਲੀ, ਨਾ ਵਿਦੇਸ਼ੀ ਧਰਤੀ, ਹੋਰ ਤਾਂ ਹੋਰ ਆਹ ਚਾਰ ਦਿਨ ਪਹਿਲਾਂ ਦਾ ਨਜ਼ਾਰਾ ਹੀ ਦੇਖ ਲਓ...। ਬਹਿਰਾਈਚ (ਲਖਨਊ) ਆਉਣਾ ਸੀ ਰੈਲੀ ਸੰਬੋਧਨ ਕਰਨ। ਪਰ ਸੰਘਣੀ ਧੁੰਦ ਕਾਰਨ ਜਹਾਜ਼ ਉਤਰਨ ਦਾ ਨਾਂ ਨਾ ਲਵੇ ਪਰ ਮੋਦੀ ਮੋਦੀ ਸਾਹਿਬ ਚੁੱਪ ਹੋਣ ਦਾ ਨਾਂ ਕਿਵੇਂ ਲੈ ਸਕਦੇ ਨੇ...ਮੋਬਾਈਲ ਫ਼ੋਨ ਨਾਲ ਹੀ ਏਡੀ ਵੱਡੀ ਰੈਲੀ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਪੱਲੇ ਕਿਸੇ ਦੇ ਭਾਵੇਂ ਕੱਖ਼ ਨਾ ਪਵੇ...ਪਰ ਭਗਤਾਂ ਲਈ ਤਸੱਲੀ ਹੈ ਮੋਦੀ ਜੀ ਬੋਲ ਰਹੇ ਨੇ। ਮੋਦੀ ਜੀ ਹਰ ਥਾਂ ਬੋਲਦੇ ਨੇ ਬੱਸ ਸੰਸਦ ਉਨ੍ਹਾਂ ਨੂੰ ਪਸੰਦ ਨਹੀਂ। ਹੁਣ ਕੋਈ ਵਿਰੋਧੀ ਧਿਰ ਦੇ ਆਗੂ ਕਹਿਣ, ਬਈ ਸਾਨੂੰ ਸੰਸਦ ਵਿਚ ਬੋਲਣ ਦਾ ਮੌਕਾ ਨਹੀਂ ਮਿਲਦਾ, ਤਾਂ ਗੱਲ ਹਜਮ ਵੀ ਹੁੰਦੀ ਐ ਪਰ ਰੈਲੀਆਂ ਵਿਚ ਉਂਗਲ ਖੜ੍ਹੀ ਕਰਕੇ ਬੋਲਣ ਵਾਲੇ ਮੋਦੀ ਸਾਹਿਬ ਕਹਿਣ ਕਿ ਮੈਨੂੰ ਸੰਸਦ ਵਿਚ ਕੋਈ ਬੋਲਣ ਨੀਂ ਦਿੰਦਾ ਤਾਂ ਇਹਦੇ ਦੋ ਹੀ ਕਾਰਨ ਹੋ ਸਕਦੇ ਆ-ਇਕ ਤਾਂ ਮੋਦੀ ਜੀ ਕੋਲ ਵਿਰੋਧੀਆਂ ਦੇ ਸਵਾਲਾਂ ਦਾ ਜਵਾਬ ਨਹੀਂ, ਦੂਜਾ ਵਿਰੋਧੀ ਧਿਰ ਜ਼ਿਆਦਾ ਭਾਰੂ ਐ...। ਇਕ ਗੱਲ ਤਾਂ ਮੋਦੀ ਸਾਹਿਬ ਨੂੰ ਸਵੀਕਾਰਨੀ ਹੀ ਪਊ...। ਆਖ਼ਰ ਭਾਰਤ ਦੇ ਪ੍ਰਧਾਨ ਮੰਤਰੀ ਨੇ...ਮੌਨ ਰਹਿਣ ਵਾਲੇ ਮਨਮੋਹਨ ਤੋਂ ਬਾਅਦ ਮਸਾਂ ਤਾਂ ਉਨ੍ਹਾਂ ਨੂੰ ਬੋਲਣ ਦਾ ਮੌਕਾ ਮਿਲਿਆ...ਹੁਣ ਤਾਂ ਬੋਲੋ ਪਰ ਸੰਸਦ ਵਿਚ। ਵਿਰੋਧੀਆਂ ਦਾ ਟਾਕਰਾ ਕਰਨ ਤੋਂ ਝਿਜਕਦੇ ਮੋਦੀ ਸਾਹਿਬ ਕਿਤੇ ਜਾਅਲੀ ਲਾਲ ਕਿਲੇ ਵਾਂਗ ਸੰਸਦ ਵੀ ਨਕਲੀ ਨਾ ਬਣਾ ਕੇ ਬੋਲਣਾ ਸ਼ੁਰੂ ਕਰ ਦੇਣ...ਆਪਣੀ ਸੰਸਦ ਵਿਚ ਉਨ੍ਹਾਂ ਨੂੰ ਕਿਹੜਾ ਮਾਈ ਦਾ ਲਾਲ ਰੋਕੂ।




## ਬੱਸ ਪਾਣੀਆਂ 'ਤੇ ਨਾ ਤੁਸੀਂ ਬੋਲਣਾ...!!

ਬੈਂਸ- ਆਓ, ਕੇਜਰੀਵਾਲ ਸਾਹਿਬ ਥੋਡੇ ਦਸਤਾਰ ਸਜਾ ਦਿਆਂ... ਪੰਜਾਬ 'ਚ ਆ ਕੇ ਥੋਡੇ ਟੋਪੀ ਜਚਦੀ ਨਹੀਂ...ਨਾਲੇ ਵਿਰੋਧੀ ਧਿਰ ਨੂੰ ਵੀ ਕਹਿਣ ਦਾ ਮੌਕਾ ਮਿਲ ਜਾਂਦੈ ਕਿ ਟੋਪੀ ਵਾਲਾ ਆ ਗਿਆ।



ਕੇਜਰੀਵਾਲ- ਬੈਂਸ ਜੀ, ਇਹ ਤਾਂ ਸਭ ਮੈਨੂੰ ਪਤੈ... ਮੈਂ ਕਿਹਾੜਾ ਪਹਿਲੀ ਵਾਰ ਪੰਜਾਬ ਆਇਆਂ...ਏਦੂੰ ਪਹਿਲਾਂ ਵੀ ਮੈਂ ਪੱਗ ਬੰਨ੍ਹ ਕੇ ਆਉਂਦਾ ਰਿਹਾਂ।

ਬੈਂਸ- ਨਹੀਂ ਜੀ, ਤੁਸੀਂ ਬੰਨ੍ਹੀ-ਬਣਾਈ ਪੱਗ ਸਿਰ 'ਤੇ ਧਰ ਲੈਂਦੇ ਹੋ, ਮੈਂ ਵਧੀਆ ਬੰਨ੍ਹਾਗਾਂ, ਲੋਕਾਂ ਨੂੰ ਲੱਗਣੈ ਥੋਨੂੰ ਦਸਤਾਰ ਵੀ ਸਜਾਉਣੀ ਆਉਂਦੀ ਐ।

ਕੇਜਰੀਵਾਲ- ਫੇਰ ਠੀਕ ਐ...ਪਰ ਇਹ ਤਾਂ ਦੱਸੋ, ਮੈਂ ਕਹਿਣਾ ਕੀ-ਕੀ ਐ...ਤੁਸੀਂ ਆਪਣੇ ਮਸਲੇ ਵੀ ਗਿਣਾ ਦਿਓ...।

ਬੈਂਸ- ਉਂਜ ਤਾਂ ਜੀ ਤੁਸੀਂ ਬੋਲਣ 'ਚ ਮਾਹਰ ਹੋ, ਮੈਂ ਥੋਨੂੰ ਕੀ ਦੱਸਣੈ...ਬੱਸ ਤੁਸੀਂ ਪਾਣੀਆਂ 'ਤੇ ਕੁਝ ਨਾ ਬੋਲਣਾ...। ਜਦੋਂ ਪਾਣੀਆਂ 'ਤੇ ਬੋਲਣਾ ਹੁੰਦੈ ਤਾਂ ਪਤਾ ਨਹੀਂ ਚਲਦਾ ਕਿ ਤੁਸੀਂ ਪੰਜਾਬੀਆਂ ਦੇ ਹੱਕ ਵਿਚ ਓ ਕਿ ਹਰਿਆਣਵੀਆਂ ਦੇ। ਸੋ, ਬਾਕੀ ਰੇਤ, ਬਜਰੀ ਮਾਫ਼ੀਆ ਵਗੈਰਾ ਵਗੈਰਾ...ਚਿੱਟਾ ਤਾਂ ਥੋਡੇ ਮੂੰਹ 'ਤੇ ਵੈਸੇ ਈ ਚੜ੍ਹਿਆ ਹੋਇਐ...ਬੱਸ ਪਾਣੀ ਦਾ ਨਾਂ ਨਾ ਲੈਣਾ।

## ਤਰਕ ਨੁਕਤਾ ਨਜ਼ਰ

# ਲੋਕਾਂ ਨੂੰ ਅੰਧਵਿਸ਼ਵਾਸਾਂ ਵਿਚ ਧੱਕ ਰਹੀ ਮੋਦੀ ਸਰਕਾਰ

**ਮੇਘ ਰਾਜ ਮਿੱਤਰ**
(ਮੋਬਾਈਲ : 98887-87440)

ਭਾਰਤੀ ਲੋਕਾਂ ਨੂੰ ਕਿੱਧਰ ਨੂੰ ਕੌਣ ਤੇ ਕਿਉਂ ਲਿਜਾਇਆ ਜਾ ਰਿਹਾ ਹੈ? ਹੇਠ ਲਿਖੀਆਂ ਗੱਲਾਂ ਤੋਂ ਇਹ ਸਪੱਸ਼ਟ ਹੋ ਜਾਵੇਗਾ।

ਅਟੱਲ ਬਿਹਾਰੀ ਦੇ ਯੁੱਗ ਵਿੱਚ ਉਸ ਸਮੇਂ ਦੇ ਸਿੱਖਿਆ ਮੰਤਰੀ ਸ੍ਰੀ ਮੁਰਲੀ ਮਨੋਹਰ ਜੋਸ਼ੀ ਨੇ ਜੋਤਿਸ਼ ਨੂੰ ਸਕੂਲੀ ਸਿਲੇਬਸ ਵਿੱਚ ਪੜ੍ਹਾਉਣ ਦਾ ਯਤਨ ਕੀਤਾ ਸੀ। ਉਸ ਤੋਂ ਬਾਅਦ ਕਾਂਗਰਸ ਸਰਕਾਰ ਨੇ ਇੱਕ ਸੰਤ ਦੇ ਕਹਿਣ 'ਤੇ ਧਰਤੀ ਥੱਲਿਉਂ ਦੱਬਿਆ ਖਜ਼ਾਨਾ ਕੱਢਣ ਲਈ ਸਮੁੱਚੇ ਪੁਰਾਤਤਵ ਵਿਭਾਗ ਦੇ ਅਫਸਰਾਂ ਨੂੰ ਖੁਦਾਈ ਕਰਨ ਲਾ ਦਿੱਤਾ। ਅੱਜ ਦੀ ਮੋਦੀ ਸਰਕਾਰ ਕਦੇ ਤਾਂ ਸਰਸਵਤੀ ਨਦੀ ਨੂੰ ਲੱਭਣ ਤੁਰ ਪੈਂਦੀ ਹੈ ਤੇ ਕਰੋੜਾਂ ਦੇ ਬਜਟ ਇਸ ਗੱਲ ਲਈ ਬਰਬਾਦ ਕਰ ਦਿੱਤੇ ਜਾਂਦੇ ਹਨ। ਕਦੇ ਸੰਜੀਵਨੀ ਬੂਟੀ ਲੱਭਣਾ ਸ਼ੁਰੂ ਕਰ ਦਿੰਦੀ ਹੈ। ਕਦੇ ਰਾਮ ਸੇਤੂ ਦੇ ਪੱਥਰ 'ਤੇ ਪੁਲਾਂ ਦੀ ਚਰਚਾ ਛੇੜ ਦਿੱਤੀ ਜਾਂਦੀ ਹੈ। ਗੰਗਾ ਦੀ ਸਫ਼ਾਈ ਲਈ ਇੱਕ ਪੂਰਾ ਮੰਤਰਾਲਿਆ ਅਰਬਾਂ ਰੁਪਏ ਦਾ ਬਜਟ ਦੇ ਕੇ ਬਣਾ ਦਿੱਤਾ ਜਾਂਦਾ ਹੈ। ਡਾਕਖਾਨਿਆਂ ਵਿੱਚ ਸਸਤੇ ਰੇਟਾਂ 'ਤੇ ਗੰਗਾਜਲ ਦੀ ਸਪਲਾਈ ਯਕੀਨੀ ਬਣਾਈ ਜਾਂਦੀ ਹੈ। ਗਊਸ਼ਾਲਾਵਾਂ ਵਿੱਚ ਗਊਆਂ ਦੀ ਸੰਭਾਲ ਲਈ ਟੈਕਸ ਜਨਤਾ 'ਤੇ ਲਾਏ ਜਾ ਰਹੇ ਹਨ।

ਗੱਲਾਂ ਇੱਥੇ ਹੀ ਖ਼ਤਮ ਨਹੀਂ ਹੁੰਦੀਆਂ। ਭਾਰਤ ਹਿੰਦੂ ਬਹੁ ਗਿਣਤੀ ਵਾਲਾ ਦੇਸ਼ ਹੈ। ਹਿੰਦੂ ਜਜ਼ਬਾਤਾਂ ਨੂੰ ਟੁੰਬਣ ਲਈ ਰਾਮਾਇਣ ਵਿੱਚ ਲਿਖੀਆਂ ਕਲਪਿਤ ਗੱਲਾਂ ਉੱਤੇ ਗਰੀਬ ਭਾਰਤ ਦੀ ਗਰੀਬ ਜਨਤਾਂ ਦੇ ਅਰਬਾਂ ਰੁਪਏ ਬਰਬਾਦ ਕੀਤੇ ਜਾ ਰਹੇ ਹਨ। ਵਿਦੇਸ਼ਾਂ ਵਿੱਚ ਵਸਦੇ ਲੱਖਾਂ ਭਾਰਤੀਆਂ ਨੂੰ ਸਰਕਾਰ ਦੀਆਂ ਗੈਰ ਵਿਗਿਆਨਕ ਹਰਕਤਾਂ ਕਾਰਨ ਉੱਥੋਂ ਦੇ ਸਥਾਨਕ ਸ਼ਹਿਰੀਆਂ ਅੱਗੇ ਸ਼ਰਮਸਾਰ ਹੋਣਾ ਪੈ ਰਿਹਾ ਹੈ, ਮੋਦੀ ਸਰਕਾਰ ਬਾਰੇ ਤਰ੍ਹਾਂ ਤਰ੍ਹਾਂ ਦੇ ਲਤੀਫਿਆਂ ਕਾਰਨ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਨਾ ਪੈ ਰਿਹਾ ਹੈ। ਭਾਰਤੀ ਟੈਲੀਵਿਜ਼ਨ ਦੇ ਇਤਿਹਾਸ ਵਿੱਚ ਜਿੰਨੀਆਂ ਗੈਰ ਵਿਗਿਆਨਕ ਘਟਨਾਵਾਂ ਅੱਜ ਦੇ ਮੋਦੀ ਯੁੱਗ ਵਿੱਚ ਵਿਖਾਈਆਂ ਜਾ ਰਹੀਆਂ ਹਨ, ਕਦੇ ਵੀ ਨਹੀਂ ਵੇਖੀਆਂ ਸਨ। ਅਨੇਕਾਂ ਚੈਨਲ ਦਿਨ-ਰਾਤ ਜਨਤਾ ਨੂੰ ਅੰਧ ਵਿਸਵਾਸ਼ ਹੀ ਪਰੋਸ ਰਹੇ ਹਨ।

ਵਿਗਿਆਨਕ ਉਪਲਬਧੀ ਦੇ ਉਦਘਾਟਨਾਂ ਸਮੇਂ ਵੀ ਸਿਰਫ਼ ਹਿੰਦੂ ਮੰਤਰਾਂ ਦੇ ਹਵਨ ਕਰਕੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਵਾਲੇ ਰਾਜਾਂ 'ਚ ਸਕੂਲੀ ਸਿਲੇਬਸਾਂ ਵਿੱਚ ਤਿੰਨ ਹਜ਼ਾਰ ਸਾਲ ਪਹਿਲਾਂ ਲਿਖੀ ਗਈ ਗੀਤਾਂ ਪੜ੍ਹਾ ਕੇ ਵਿਦਿਆਰਥੀਆਂ ਨੂੰ ਪਹਿਲੀ ਸਦੀ ਵਿੱਚ ਲਿਜਾਇਆ ਜਾ ਰਿਹਾ ਹੈ। ਜਾਤਪਾਤ ਤੇ ਧਰਮਾਂ ਦੇ ਵਖਰੇਵਿਆਂ ਨੂੰ ਉਤਸਾਹਤ ਕਰਕੇ ਲੋਕਾਂ ਨੂੰ ਲੜਾਇਆ/ਮਰਵਾਇਆ ਜਾ ਰਿਹਾ ਹੈ। ਦੂਸਰੇ ਪਾਸੇ ਭਾਰਤੀ ਹਵਾਈ ਫੌਜ ਦੇ 29 ਫੌਜੀ ਅਫਸਰਾਂ ਸਮੇਤ ਗੁੰਮ ਹੋਏ ਜਹਾਜ਼ ਨੂੰ ਲੱਭਣ ਲਈ ਜੋਤਿਸ਼ੀਆਂ ਦੀ ਬਜਾਏ ਅਮਰੀਕਾ ਤੋਂ ਮੱਦਦ ਲਈ ਜਾ ਰਹੀ ਹੈ।

ਉਪਰੋਕਤ ਸਾਰੀਆਂ ਘਟਨਾਵਾਂ ਦਾ ਜਦੋਂ ਵੀ ਅਸੀਂ ਵਿਗਿਆਨਕ ਵਿਸ਼ਲੇਸ਼ਣ ਕਰਾਂਗੇ ਤਾਂ ਸਾਨੂੰ ਇੱਕ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਵੇਗੀ ਕਿ ਮੋਦੀ ਸਰਕਾਰ ਸਭ ਕੁਝ ਜਾਣਦੇ ਹੋਏ ਵੀ ਜਾਣ ਬੁਝ ਕੇ ਲੋਕਾਂ ਨੂੰ ਅੰਧਵਿਸ਼ਵਾਸਾਂ ਵਿੱਚ ਪਾ ਰਹੀ ਹੈ। ਇਸ ਪਾਸੇ ਕੰਮ ਕਰਦੀ ਮਾਨਸਿਕਤਾ ਵੀ ਸਾਫ਼ ਝਲਕਦੀ ਹੈ ਕਿ ਉਹ ਇਹ ਸਾਰਾ ਕੁੱਝ ਇਸ ਲਈ ਕਰ ਰਹੇ ਸਨ ਕਿ ਹਿੰਦੂ ਬਹੁਸੰਮਤੀ ਨੂੰ ਆਪਣੇ ਨਾਲ ਲਾਮਬੰਦ ਕਰਦੇ ਉਹ ਕੁਝ ਹੋਰ ਸਮੇਂ ਲਈ ਰਾਜ ਭਾਗ ਦੇ ਮਾਲਕ ਬਣੇ ਰਹਿਣ। ਪਰ ਮੋਦੀ ਸਰਕਾਰ ਨੂੰ ਇੱਕ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਲੋਕਾਂ ਨੂੰ ਲੰਮੇ ਸਮੇਂ ਲਈ ਬੇਵਕੂਫ ਨਹੀਂ ਬਣਾਇਆ ਜਾ ਸਕਦਾ ਹੈ। 21ਵੀਂ ਸਦੀ ਦੇ ਯੁੱਗ ਵਿੱਚ ਛੇਤੀ ਹੀ ਲੋਕ ਚੇਤਨਾ ਜਾਗ ਰਹੀ ਹੈ ਤੇ ਲੋਕਾਂ ਦੇ ਵੱਡੇ ਕਾਫਲੇ ਜਥੇਬੰਦ ਹੋ ਕੇ ਲਾਲ ਕਿਲੇ ਵੱਲ ਨੂੰ ਜ਼ਰੂਰ ਕਦਮ ਵਧਾਉਣਗੇ।

## ਪੰਜਾਬ ਦੇ ਭਵਿੱਖ ਦਾ ਏਜੰਡਾ

# ਕਿਸਾਨਾਂ ਨੂੰ ਮੁ.ਫਤ ਬਿਜਲੀ ਦੀ ਯੋਜਨਾ ਪੰਜਾਬ ਨੂੰ ਬਣਾ ਦੇਵੇਗੀ ਬੰਜਰ : ਪ੍ਰੋ. ਜੌਹਲ

### 'ਸਿੰਥੈਟਿਕ ਨਸ਼ਾ ਰੋਕਣਾ ਹੈ ਤਾਂ ਪੰਜਾਬ ਵਿਚ ਉਗਾਉਣੀ ਹੋਵੇਗੀ ਅ.ਫੀਮ'

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸਤਦਾਨਾਂ ਨੂੰ ਸੁਚੇਤ ਕਰਦਿਆਂ ਖੇਤੀ ਅਰਥਸ਼ਾਸਤਰੀ ਅਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਐੱਸ. ਐੱਸ. ਜੌਹਲ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦੀ ਪ੍ਰਕਿਰਿਆ ਪੰਜਾਬ ਨੂੰ ਬੰਜਰ ਬਣਾ ਦੇਵੇਗੀ ਤੇ ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਅਗਲੀਆਂ ਪੀੜ੍ਹੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਬਸਿਡੀਆਂ ਦੀ ਲੋੜ ਹੈ ਪਰ ਇਸ ਦਾ ਤਰੀਕਾ ਬਦਲਣਾ ਜ਼ਰੂਰੀ ਹੈ। ਇਸ ਲਈ ਲਗਪਗ ਛੇ ਹਜ਼ਾਰ ਕਰੋੜ ਰੁਪਏ ਦੇ ਬਰਾਬਰ ਦੀ ਸਬਸਿਡੀ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵੱਧ ਰਹੇ ਨਸ਼ੇ ਦੇ ਕਾਰੋਬਾਰ ਬਾਰੇ ਇਥੋਂ ਤਕ ਕਹਿ ਦਿੱਤਾ ਕਿ ਸਿੰਥੈਟਿਕ ਨਸ਼ੇ ਦਾ ਨੌਜਵਾਨਾਂ ਵਿਚ ਰੁਝਾਨ ਰੋਕਣ ਦਾ ਇਕ ਹੀ ਹੱਲ ਹੈ ਕਿ ਪੰਜਾਬ ਵਿਚ ਵੀ ਅ.ਫੀਮ ਦੀ ਖੇਤੀ ਸ਼ੁਰੂ ਕਰ ਦਿੱਤੀ ਜਾਵੇ ਤੇ ਭੁੱਕੀ ਵਰਗੇ ਨਸ਼ਿਆਂ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਿੰਥੈਟਿਕ ਡਰੱਗ ਦਾ ਰੁਝਾਨ ਉਦੋਂ ਤੋਂ ਵਧਿਆ ਹੈ, ਜਦੋਂ ਤੋਂ ਅਫੀਮ ਤੇ ਚੂਰਾ ਪੋਸਤ 'ਤੇ ਪਾਬੰਦੀ ਲਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜਦੋਂ ਕਿਸੇ ਚੀਜ਼ 'ਤੇ ਪਾਬੰਦੀ ਲਾਈ ਜਾਂਦੀ ਹੈ ਤੇ ਉਸ ਦੀ ਤਸਕਰੀ ਵੱਧ ਜਾਂਦੀ ਹੈ ਤੇ ਤਸਕਰ ਉਸ ਦੇ ਬਦਲਵੇਂ ਪਦਾਰਥਾਂ ਨੂੰ ਵਧਾਉਣ ਦਾ ਕੰਮ ਕਰਦੇ ਹਨ।



ਦਿਹਾਤੀ ਅਤੇ ਉਦਯੋਗਿਕ ਵਿਕਾਸ ਲਈ ਖੋਜ ਕੇਂਦਰ (ਕ੍ਰਿਡ) ਵਿੱਚ ਕੌਮਾਂਤਰੀ ਕਾਨਫਰੰਸ ਦੌਰਾਨ ਸਰਦਾਰ ਤਿਰਲੋਕ ਸਿੰਘ ਮੈਮੋਰੀਅਲ ਲੈਚਕਰ ਮੌਕੇ ਵੋਟ ਬੈਂਕ ਦੀ ਸਿਆਸਤ ਦੇ ਮੁਕਾਬਲੇ ਪੰਜਾਬ ਦੇ ਭਵਿੱਖ ਦਾ ਏਜੰਡਾ ਪੇਸ਼ ਕਰਦਿਆਂ ਪ੍ਰੋਫੈਸਰ ਜੌਹਲ ਨੇ ਕਿਹਾ ਕਿ ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਉਹ ਸੂਬੇ ਦੇ ਭਵਿੱਖ ਨਾਲ ਸਬੰਧਤ ਗੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇੱਕ ਕਿਲੋ ਚੌਲ ਪੈਦਾ ਕਰਨ ਲਈ 5 ਹਜ਼ਾਰ ਗੇਲਨ ਅਤੇ ਇੱਕ ਕਿਲੋ ਕਣਕ ਪੈਦਾ ਕਰਨ ਲਈ 3 ਹਜ਼ਾਰ ਗੇਲਨ ਪਾਣੀ ਦੀ ਖ਼ਪਤ ਹੁੰਦੀ ਹੈ। ਦੋਵਾਂ ਦੀ ਔਸਤ 4 ਹਜ਼ਾਰ ਗੇਲਨ ਪਾਣੀ ਬਣ ਜਾਂਦੀ ਹੈ। ਕੇਂਦਰ ਸਰਕਾਰ ਪੰਜਾਬ ਤੋਂ ਹਰ ਸਾਲ ਲਗਭਗ 200 ਲੱਖ ਟਨ ਅਨਾਜ ਦੀ ਖ਼ਰੀਦ ਕਰਦੀ ਹੈ। ਇਸ ਤਰ੍ਹਾਂ ਦੋਵਾਂ ਫ਼ਸਲਾਂ ਦਾ ਔਸਤਨ 80 ਹਜ਼ਾਰ ਮਿਲੀਅਨ ਗੇਲਨ ਪਾਣੀ ਸੂਬੇ ਤੋਂ ਬਾਹਰ ਜਾ ਰਿਹਾ ਹੈ ਤੇ ਪੰਜਾਬ ਬੰਜਰ ਹੋਣ ਵੱਲ ਵਧ ਰਿਹਾ ਹੈ। ਇਸ

ਬਾਕੀ ਸਫ਼ਾ 32 'ਤੇ

# ਅਕਾਲੀਆਂ ਦੀ ਗੁੰਡਾਗਰਦੀ : ਬਠਿੰਡਾ 'ਚ ਹੌਲਦਾਰ ਨੂੰ ਨਿਰਵਸਤਰ ਕਰਕੇ ਕੁੱਟਿਆ

## • ਸੰਗਰੂਰ ਵਿਚ ਗ੍ਰੰਥੀ ਦੀ ਕੀਤੀ ਕੁੱਟਮਾਰ • ਅਕਾਲੀ ਸਰਪੰਚ ਗ੍ਰਿਫਤਾਰ, ਬੇਟਾ ਫ਼ਰਾਰ

**ਬਠਿੰਡਾ/ਬਿਊਰੋ ਨਿਊਜ਼ :** ਬਠਿੰਡਾ ਅਤੇ ਸੰਗਰੂਰ ਵਿਚ ਅਕਾਲੀ ਆਗੂਆਂ ਦੀ ਗੁੰਡਾਗਰਦੀ ਦੇਖਣ ਨੂੰ ਮਿਲੀ ਹੈ। ਇਕ ਥਾਂ 'ਤੇ ਸ਼ਰਮਨਾਕ ਕਾਰਾ ਕਰਦਿਆਂ ਹੌਲਦਾਰ ਨੂੰ ਨਿਰਵਸਤਰ ਕਰਕੇ ਕੁੱਟਿਆ ਗਿਆ, ਦੂਜੀ ਘਟਨਾ ਵਿਚ ਗ੍ਰੰਥੀ ਦੀ ਕੁੱਟਮਾਰ ਕੀਤੀ ਗਈ। ਜ਼ਿਕਰਯੋਗ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਵਿਰਕ ਕਲਾਂ ਦੇ ਅਕਾਲੀ ਸਰਪੰਚ ਅਤੇ ਉਸ ਦੇ ਬੇਟੇ ਨੇ ਟਰੈਕਟਰ ਸਾਈਡ ਕਰਨ ਦੀ ਗੱਲ 'ਤੇ ਹੋਏ ਝਗੜੇ ਵਿਚ ਹੌਲਦਾਰ ਦੀ ਕੁਟਮਾਰ ਤੋਂ ਬਾਅਦ ਨਿਰਵਸਤਰ ਕਰਕੇ ਪਿੰਡ ਦੇ ਦੋ ਚੱਕਰ ਲਗਵਾਏ ਅਤੇ ਫਿਰ ਜੁੱਤਾ ਚਟਵਾਇਆ।

ਥਾਣਾ ਸਦਰ ਪੁਲੀਸ ਨੇ ਵਾਰਦਾਤ ਦੇ ਮੁੱਖ ਦੋਸ਼ੀ ਅਕਾਲੀ ਸਰਪੰਚ ਦੇ ਗੈਂਗਸਟਰ ਬੇਟੇ ਲਖਵਿੰਦਰ ਸਿੰਘ, ਅਕਾਲੀ ਸਰਪੰਚ ਜਗਦੇਵ ਸਿੰਘ ਅਤੇ ਉਸ ਦੇ ਨੌਕਰ ਗੋਗੜ ਸਿੰਘ ਖ਼ਿਲਾਫ਼ ਵੱਖੋ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰ ਲਿਆ ਹੈ। ਪੁਲੀਸ ਨੇ ਅਕਾਲੀ ਸਰਪੰਚ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕਰ ਕੇ ਤਿੰਨ ਦਿਨਾਂ ਦਾ ਰਿਮਾਂਡ ਹਾਸਲ ਕੀਤਾ ਹੈ।

ਚੌਕੀ ਬੱਲੂਆਣਾ ਪੁਲੀਸ ਦੇ ਇੰਚਾਰਜ ਰਾਜਪਾਲ ਸਿੰਘ ਨੇ ਦੱਸਿਆ ਕਿ ਪਿੰਡ ਕਿਲੀ ਸਥਿਤ ਪੁਲੀਸ ਚੌਕੀ ਦਾ ਹੌਲਦਾਰ ਮਲਕੀਤ ਸਿੰਘ ਸ਼ਨੀਵਾਰ ਦੁਪਹਿਰ ਬਾਅਦ ਆਪਣੇ ਸਾਥੀ ਹੋਮਗਾਰਡ ਰਜਿੰਦਰ ਸਿੰਘ ਨਾਲ ਕਾਰ 'ਤੇ ਪਿੰਡ ਵਿਰਕ ਕਲਾਂ ਵਿਚੋਂ ਲੰਘ ਰਿਹਾ ਸੀ। ਇਸ ਦੌਰਾਨ ਉਨ੍ਹਾਂ ਨੇ ਰਸਤੇ ਦੇ ਅੱਧ ਵਿਚਕਾਰ ਟਰੈਕਟਰ ਖੜ੍ਹਾ ਕਰ ਕੇ ਰੁਕੇ ਲਖਵਿੰਦਰ ਸਿੰਘ ਅਤੇ ਉਸ ਦੇ ਨੌਕਰ ਨੂੰ ਟਰੈਕਟਰ ਸਾਈਡ ਕਰਨ ਲਈ ਕਿਹਾ। ਇਸ 'ਤੇ ਉਹ ਦੋਵੇਂ ਝਗੜਨ ਲੱਗੇ। ਉਨ੍ਹਾਂ ਹਥਿਆਰ ਦੇ ਦਮ 'ਤੇ ਮਲਕੀਤ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਗੰਭੀਰ ਹਾਲਤ ਵਿਚ ਮਲਕੀਤ ਨੂੰ ਉਹ ਆਪਣੇ ਟਰੈਕਟਰ ਵਿਚ ਪਾ ਕੇ ਘਰ ਲੈ ਗਏ। ਜਿੱਥੇ ਮੁਲਜ਼ਮ ਦੇ ਸਰਪੰਚ ਪਿਤਾ ਨੇ ਵੀ ਉਨ੍ਹਾਂ ਦੀ ਕੁੱਟਮਾਰ ਕਰ ਕੇ ਜੁੱਤਾ ਚਟਵਾਇਆ। ਬਾਅਦ ਵਿਚ ਨੰਗਾ ਕਰ ਕੇ ਟਰੈਕਟਰ ਵਿਚ ਪਿੰਡ ਦੇ ਦੋ ਚੱਕਰ ਲਾਉਣ ਤੋਂ ਬਾਅਦ ਕਿਸੇ ਥਾਂ ਸੁੱਟ ਦਿੱਤਾ। ਘਟਨਾ ਵੇਲੇ ਉਸ ਨਾਲ ਮੌਜੂਦ ਪੰਜਾਬ ਹੋਮਗਾਰਡ ਮੁਲਾਜ਼ਮ ਰਜਿੰਦਰ ਸਿੰਘ ਪੁਲੀਸ ਨੂੰ ਸੂਚਿਤ ਕਰਨ ਚਲਾ ਗਿਆ ਸੀ। ਏ.ਐਸ.ਆਈ. ਨੇ ਕਿਹਾ ਕਿ ਪੁਲੀਸ ਨੇ ਪੀੜਤ ਦੀ ਸ਼ਿਕਾਇਤ 'ਤੇ ਮੁਲਜ਼ਮ ਅਕਾਲੀ ਸਰਪੰਚ ਜਗਦੇਵ ਸਿੰਘ, ਉਸ ਦੇ ਗੈਂਗਸਟਰ ਪੁੱਤਰ ਲਖਵਿੰਦਰ ਸਿੰਘ ਅਤੇ ਨੌਕਰ ਵਿਰੁੱਧ ਮਾਮਲਾ ਦਰਜ ਕਰ ਕੇ ਸਰਪੰਚ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਬਠਿੰਡਾ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਥੋਂ ਅਦਾਲਤ ਨੇ ਮੁਲਜ਼ਮ ਨੂੰ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਉਨ੍ਹਾਂ ਕਿਹਾ ਕਿ ਬਾਕੀ ਦੋਵੇਂ ਮੁਲਜ਼ਮਾਂ ਨੂੰ ਵੀ ਪੁਲੀਸ ਛੇਤੀ ਗ੍ਰਿਫ਼ਤਾਰ ਕਰ ਲਵੇਗੀ।




**ਪਿੰਡ ਵਿਰਕ ਕਲਾਂ ਦੇ ਅਕਾਲੀ ਸਰਪੰਚ ਦੀ ਭੰਨੀ ਹੋਈ ਵਰਨਾ ਗੱਡੀ।**

> **"ਅਕਾਲੀ ਸਰਪੰਚ ਦੇ ਬੇਟੇ ਨੂੰ ਵੀ ਪੁਲੀਸ ਛੇਤੀ ਗ੍ਰਿਫ਼ਤਾਰ ਕਰੇ। ਸੂਬਾ ਸਰਕਾਰ ਦੇ ਰਾਜ ਵਿਚ ਜੇਕਰ ਲੋਕਾਂ ਦੀ ਸੁਰੱਖਿਆ ਕਰਨ ਵਾਲੀ ਪੁਲੀਸ ਹੀ ਗੈਂਗਸਟਰਾਂ ਤੋਂ ਸੁਰੱਖਿਅਤ ਨਹੀਂ ਤਾਂ ਆਮ ਜਨਤਾ ਕਿਵੇਂ ਹੋਵੇਗੀ ?"** *-ਕੈਪਟਨ ਅਮਰਿੰਦਰ ਸਿੰਘ*
>
> **"ਅਕਾਲੀ ਰਾਜ ਤਾਂ ਬ੍ਰਿਟਿਸ਼ ਰਾਜ ਤੋਂ ਵੀ ਬਦਤਰ ਹੈ, ਜਿੱਥੇ ਲੋਕਾਂ ਨਾਲ ਅਜਿਹਾ ਸਲੂਕ ਕੀਤਾ ਜਾ ਰਿਹਾ ਹੈ। ਮੁਲਜ਼ਮਾਂ ਦੀ ਗ੍ਰਿਫ਼ਤਾਰੀ ਛੇਤੀ ਤੋਂ ਛੇਤੀ ਹੋਣੀ ਚਾਹੀਦੀ ਹੈ।"** *– ਗੁਰਪ੍ਰੀਤ ਸਿੰਘ ਵੜੈਚ*

**ਮੁਲਜ਼ਮ 'ਤੇ ਪਹਿਲਾਂ ਵੀ ਛੇ ਕੇਸ :** ਏ.ਐਸ.ਆਈ. ਰਾਜਪਾਲ ਸਿੰਘ ਨੇ ਦੱਸਿਆ ਕਿ ਮੁਲਜ਼ਮ ਗੈਂਗਸਟਰ ਲਖਵਿੰਦਰ ਸਿੰਘ 'ਤੇ ਪਹਿਲਾਂ ਵੀ ਕਤਲ ਕਰਨ, ਕਤਲ ਦੀ ਕੋਸ਼ਿਸ਼ ਅਤੇ ਕੁੱਟਮਾਰ ਦੇ ਛੇ ਅਪਰਾਧਕ ਮਾਮਲੇ ਦਰਜ ਹਨ। ਇਨ੍ਹਾਂ ਵਿਚੋਂ ਉਹ ਜ਼ਮਾਨਤ 'ਤੇ ਬਾਹਰ ਹੈ। ਉਨ੍ਹਾਂ ਦਸਿਆ ਕਿ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਉਨ੍ਹਾਂ ਦੇ ਟਿਕਾਣਿਆਂ 'ਤੇ ਛਾਪੇ ਮਾਰੇ ਜਾ ਰਹੇ ਹਨ।

**ਹੌਲਦਾਰ ਦੀ ਹਾਲਤ ਗੰਭੀਰ :** ਨਾਮ ਨਾ ਛਾਪਣ ਦੀ ਸ਼ਰਤ 'ਤੇ ਕੁੱਝ ਚਸ਼ਮਦੀਦਾਂ ਨੇ ਦਸਿਆ ਕਿ ਕੁੱਟਮਾਰ ਤੋਂ ਬਾਅਦ ਹੌਲਦਾਰ ਮਲਕੀਤ ਸਿੰਘ ਗੰਭੀਰ ਜ਼ਖ਼ਮੀ ਸੀ ਪਰ ਅਕਾਲੀ ਸਰਪੰਚ ਅਤੇ ਉਸ ਦਾ ਬੇਟਾ ਲਗਾਤਾਰ ਉਸ 'ਤੇ ਤਸ਼ੱਦਦ ਕਰਦੇ ਰਹੇ। ਮਲਕੀਤ ਨੂੰ ਛਾਤੀ, ਬਾਂਹ ਅਤੇ ਪੇਟ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਸ ਨੂੰ ਸਿਵਲ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

**ਲੱਖੇ ਦੀ ਭਾਲ ਵਿੱਚ ਹਰਿਆਣਾ ਵਿੱਚ ਛਾਪੇ :** ਬਠਿੰਡਾ ਪੁਲੀਸ ਪਿੰਡ ਵਿਰਕ ਕਲਾਂ ਦੇ ਅਕਾਲੀ ਸਰਪੰਚ ਦੇ ਲੜਕੇ ਲਖਵਿੰਦਰ ਲੱਖਾ ਨੂੰ ਹਾਲੇ ਤਕ ਕਾਬੂ ਨਹੀਂ ਕਰ ਸਕੀ। ਜ਼ਿਲ੍ਹਾ ਪੁਲੀਸ ਨੇ ਹਰਿਆਣਾ ਵਿੱਚ ਟੀਮ ਭੇਜੀ ਹੈ। ਲਖਵਿੰਦਰ ਲੱਖਾ ਅਤੇ ਉਸ ਦਾ ਸੀਰੀ ਬੋਘੜ ਸਿੰਘ ਦੋਵੇਂ ਫਰਾਰ ਹਨ। ਪੁਲੀਸ ਨੇ ਘਟਨਾ ਮੌਕੇ ਵਰਤਿਆ ਟਰੈਕਟਰ-ਟਰਾਲੀ ਬਰਾਮਦ ਕਰ ਲਿਆ ਹੈ। ਪਿੰਡ ਵਿਰਕ ਕਲਾਂ ਨੇੜਲੇ ਪਿੰਡ ਚੋਟੀਆਂ ਦੇ ਨੰਬਰਦਾਰਾਂ ਦੇ ਪਰਿਵਾਰ ਦੇ ਜਸਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਥਾਣਾ ਸਦਰ ਬਠਿੰਡਾ ਦੀ ਪੁਲੀਸ ਨੇ ਸ਼ੱਕ ਦੇ ਆਧਾਰ 'ਤੇ ਉਨ੍ਹਾਂ ਦੀ ਕੁੱਟਮਾਰ ਕੀਤੀ, ਜਦੋਂ ਕਿ ਉਨ੍ਹਾਂ ਦਾ ਕਿਸੇ ਮਾਮਲੇ ਨਾਲ ਲਾਗਾ ਦੇਗਾ ਨਹੀਂ। ਵੇਰਵਿਆਂ ਅਨੁਸਾਰ ਪੁਲੀਸ ਦੇ ਦੋ ਅਫ਼ਸਰਾਂ ਦੀ ਅਗਵਾਈ ਵਿੱਚ ਦੋ ਪੁਲੀਸ ਟੀਮਾਂ ਹਰਿਆਣਾ ਵਿੱਚ ਛਾਪੇ ਮਾਰ ਰਹੀਆਂ ਹਨ। ਪੁਲੀਸ ਨੂੰ ਮੁੱਖ ਮੁਲਜ਼ਮ ਦੇ ਹਰਿਆਣਾ ਤੇ ਰਾਜਸਥਾਨ ਵਿੱਚ ਲੁਕੇ ਹੋਣ ਦੀ ਭਿਣਕ ਪਈ ਹੈ। ਥਾਣਾ ਸਦਰ ਦੀ ਪੁਲੀਸ ਨੇ ਵੱਡੇ ਤੜਕੇ ਪਿੰਡ ਵਿਰਕ ਕਲਾਂ ਵਿੱਚ ਛਾਪਾ ਮਾਰ ਕੇ ਅਕਾਲੀ ਸਰਪੰਚ ਦੇ ਗੁਆਂਢੀ ਜਗਰੂਪ ਸਿੰਘ ਉਰਫ ਰੂਪਾ, ਗੁਰਦਾਸ ਸਿੰਘ ਅਤੇ ਇਕ ਦਲਿਤ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲੀਸ ਦੇ ਡਰੋਂ ਪਿੰਡ ਵਿਰਕ ਕਲਾਂ ਦੇ ਕੁਝ ਲੋਕ ਰੂਪੋਸ਼ ਵੀ ਹੋ ਗਏ ਹਨ।

**ਟਰੈਕਟਰ-ਟਰਾਲੀ ਗਾਇਬ ਕਰਨ ਵਾਲੇ ਹਿਰਾਸਤ 'ਚ :** ਐਸਐਸਪੀ ਸਵਪਨ ਸ਼ਰਮਾ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਫੜਨ ਲਈ ਹਰਿਆਣਾ ਵਿੱਚ ਪੁਲੀਸ ਟੀਮਾਂ ਭੇਜੀਆਂ ਗਈਆਂ ਹਨ ਜਿਨ੍ਹਾਂ ਦੇ ਜਲਦੀ ਫੜੇ ਜਾਣ ਦੀ ਉਮੀਦ ਹੈ। ਉਨ੍ਹਾਂ ਆਖਿਆ ਕਿ ਪਿੰਡ ਦੇ ਦੋ ਤਿੰਨ ਜਣਿਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਜਿਨ੍ਹਾਂ ਘਟਨਾ ਸਮੇਂ ਵਰਤੀ ਟਰੈਕਟਰ-ਟਰਾਲੀ ਨੂੰ ਇੱਧਰ ਉਧਰ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜਲਦੀ ਇਸ ਕੇਸ ਵਿੱਚ ਸਫ਼ਲਤਾ ਮਿਲ ਜਾਵੇਗੀ।

# ਅਕਾਲੀ ਆਗੂ ਦੇ ਭਰਾ ਨੇ ਗੁਰਦੁਆਰੇ ਦੇ ਗ੍ਰੰਥੀ ਦੀ ਕੀਤੀ ਕੁੱਟਮਾਰ

**ਸੰਗਰੂਰ/ਬਿਊਰੋ ਨਿਊਜ਼ :** ਸ਼ਹਿਰ ਦੇ ਇੱਕ ਅਕਾਲੀ ਆਗੂ ਦੇ ਭਰਾ ਨੇ ਗੁਰਦੁਆਰਾ ਨਾਨਕਪੁਰਾ ਸਾਹਿਬ ਦੇ ਬਜ਼ੁਰਗ ਗ੍ਰੰਥੀ ਦੀ ਕਥਿਤ ਤੌਰ 'ਤੇ ਕੁੱਟਮਾਰ ਕਰ ਦਿੱਤੀ। ਕੁੱਟਮਾਰ ਦਾ ਸ਼ਿਕਾਰ ਹੋਏ ਗ੍ਰੰਥੀ ਨੂੰ ਸਥਾਨਕ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਘਟਨਾ ਤੋਂ ਰੋਹ ਵਿੱਚ ਆਏ ਗ੍ਰੰਥੀਆਂ ਅਤੇ ਪਰਿਵਾਰਕ ਸਮਰਥਕਾਂ ਵੱਲੋਂ ਸ਼ਹਿਰ ਵਿੱਚ ਅਕਾਲੀ ਆਗੂ ਦੀ ਦੁਕਾਨ ਅੱਗੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੱਤਾ ਗਿਆ। ਧਰਨੇ ਦੌਰਾਨ ਦੋਵੇਂ ਧਿਰਾਂ ਦੇ ਸਮਰਥਕਾਂ ਵਿਚਾਲੇ ਟਕਰਾਅ ਹੁੰਦਾ ਹੁੰਦਾ ਬਚਿਆ। ਮੌਕੇ 'ਤੇ ਪੁੱਜੀ ਪੁਲੀਸ ਨੇ ਮਾਹੌਲ ਨੂੰ ਹਿੰਸਕ ਹੋਣੋ ਬਚਾਇਆ। ਥਾਣਾ ਸਿਟੀ ਪੁਲੀਸ ਵੱਲੋਂ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਕੁੱਟਮਾਰ ਦਾ ਸ਼ਿਕਾਰ ਹੋਏ ਗ੍ਰੰਥੀ ਦੇ ਪੁੱਤਰ ਹਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਦਰਸ਼ਨ ਸਿੰਘ (63 ਸਾਲ), ਜੋ ਗੁਰਦੁਆਰਾ ਨਾਨਕਪੁਰਾ ਸਾਹਿਬ ਵਿੱਚ ਪਿਛਲੇ ਕਈ ਸਾਲਾਂ ਤੋਂ ਬਤੌਰ ਗ੍ਰੰਥੀ ਸੇਵਾ ਨਿਭਾ ਰਹੇ ਹਨ, ਸਵੇਰੇ ਗੁਰਦੁਆਰੇ ਵਿੱਚ ਪਾਠ ਕਰ ਰਹੇ ਸਨ। ਇਸ ਮੌਕੇ ਪੁੱਜੀ ਇੱਕ ਮਹਿਲਾ ਸ਼ਰਧਾਲੂ ਨੇ ਉਸ ਦੇ ਪਿਤਾ ਨੂੰ ਆਖਿਆ ਕਿ ਉਹ ਪਾਠ ਕਰਨਾ ਚਾਹੁੰਦੀ ਹੈ। ਇਸ 'ਤੇ ਉਸ ਦੇ ਪਿਤਾ ਦੀ ਥਾਂ 'ਤੇ ਮਹਿਲਾ ਸ਼ਰਧਾਲੂ ਪਾਠ ਕਰਨ ਲੱਗ ਪਈ ਅਤੇ ਉਸ ਦੇ ਪਿਤਾ ਆਪਣੇ ਕਮਰੇ ਵਿੱਚ ਚਲੇ ਗਏ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸ਼ਹਿਰੀ) ਦੇ ਜ਼ਿਲ੍ਹਾ ਪ੍ਰਧਾਨ ਦਾ ਭਰਾ ਪ੍ਰੇਮਜੀਤ ਸਿੰਘ ਗੁਰਦੁਆਰੇ ਵਿੱਚ ਪੁੱਜ ਗਿਆ ਅਤੇ ਕਮਰੇ ਵਿੱਚ ਆ ਕੇ ਉਸ ਦੇ ਪਿਤਾ ਨਾਲ ਝਗੜਾ ਕਰਨ ਲੱਗ ਪਿਆ ਕਿ ਉਹ ਖੁਦ ਕਿਉਂ ਨਹੀਂ ਪਾਠ ਕਰ ਰਹੇ। ਉਸ ਦੇ ਪਿਤਾ ਨੇ ਦੱਸਿਆ ਕਿ ਇਹ ਮਹਿਲਾ ਸ਼ਰਧਾਲੂ ਅਕਸਰ ਹੀ ਪਾਠ ਕਰਨ ਲਈ ਗੁਰਦੁਆਰੇ ਆਉਂਦੀ ਹੈ। ਇਸ 'ਤੇ ਰੋਹ ਵਿੱਚ ਆਏ ਪ੍ਰੇਮਜੀਤ ਸਿੰਘ ਨੇ ਉਸ ਦੇ ਪਿਤਾ ਦੀ ਕੁੱਟਮਾਰ ਕੀਤੀ। ਉਨ੍ਹਾਂ ਨੇ ਗ੍ਰੰਥੀ ਰਾਗੀ ਸਭਾ ਦੇ ਆਗੂ ਬਚਿੱਤਰ ਸਿੰਘ ਨੂੰ ਘਟਨਾ ਦੀ ਜਾਣਕਾਰੀ ਦਿੱਤੀ, ਜਿਨ੍ਹਾਂ ਨੇ ਮੌਕੇ 'ਤੇ ਪੁੱਜ ਕੇ ਉਸ ਦੇ ਪਿਤਾ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਦਾਖਲ ਕਰਵਾਇਆ। ਉਨ੍ਹਾਂ ਦੱਸਿਆ ਕਿ ਪੁਲੀਸ ਨੂੰ ਘਟਨਾ ਬਾਰੇ ਜਾਣੂ ਕਰਵਾ ਦਿੱਤਾ ਹੈ ਪ੍ਰੰਤੂ ਡਾਕਟਰਾਂ ਵੱਲੋਂ ਉਸ ਦੇ ਪਿਤਾ ਨੂੰ ਬਿਆਨ ਦੇਣ ਤੋਂ ਅਣਫਿੱਟ ਕਰਾਰ ਦਿੱਤਾ ਗਿਆ ਹੈ। ਇੰਟਰਨੈਸ਼ਨਲ ਗ੍ਰੰਥੀ ਰਾਗੀ ਸਭਾ ਦੇ ਸੂਬਾ ਆਗੂ ਬਚਿੱਤਰ ਸਿੰਘ ਨੇ ਦੱਸਿਆ ਕਿ ਪ੍ਰੇਮਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਸ਼ਹਿਰੀ) ਦੇ ਜ਼ਿਲ੍ਹਾ ਪ੍ਰਧਾਨ ਦਾ ਵੱਡਾ ਭਰਾ ਹੈ। ਇਸੇ ਕਾਰਨ ਸਮਝੌਤੇ ਲਈ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਥੇ ਗ੍ਰੰਥੀ ਦੀ ਕੁੱਟਮਾਰ ਕੀਤੀ ਗਈ ਉਥੇ ਗ੍ਰੰਥੀ ਖ਼ਿਲਾਫ਼ ਹੀ ਪੁਲੀਸ ਥਾਣਾ ਸਿਟੀ ਵਿੱਚ ਸ਼ਿਕਾਇਤ ਕਰ ਦਿੱਤੀ, ਜਿਸ ਕਾਰਨ ਪਰਿਵਾਰ ਅਤੇ ਗ੍ਰੰਥੀਆਂ ਵਿੱਚ ਰੋਹ ਪੈਦਾ ਹੋ ਗਿਆ। ਇਸ 'ਤੇ ਉਨ੍ਹਾਂ ਨੇ ਸ਼ਹਿਰ ਵਿੱਚ ਅਕਾਲੀ ਆਗੂ ਦੀ ਦੁਕਾਨ ਅੱਗੇ ਆਵਾਜਾਈ ਠੱਪ ਕਰਕੇ ਰੋਸ ਧਰਨਾ ਦਿੰਦਿਆਂ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ। ਧਰਨੇ ਦੌਰਾਨ ਸਥਿਤੀ ਉਸ ਸਮੇਂ ਤਣਾਅਪੂਰਨ ਬਣ ਗਈ ਜਦੋਂ ਦੋਵਾਂ ਧਿਰਾਂ ਇੱਕ-ਦੂਜੇ ਦੇ ਸਾਹਮਣੇ ਆ ਗਈਆਂ ਅਤੇ ਬਹਿਸਬਾਜ਼ੀ ਸ਼ੁਰੂ ਹੋ ਗਈ। ਐਨ ਮੌਕੇ 'ਤੇ ਪੁੱਜੀ ਪੁਲੀਸ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਕੀਤਾ। ਥਾਣਾ ਸਿਟੀ ਪੁਲੀਸ ਦੇ ਇੰਚਾਰਜ ਜਸਵਿੰਦਰ ਸਿੰਘ ਟਿਵਾਣਾ ਦਾ ਕਹਿਣਾ ਹੈ ਕਿ ਪੁਲੀਸ ਬਿਨਾਂ ਕਿਸੇ ਪੱਖਪਾਤ ਤੋਂ ਮਾਮਲੇ ਦੀ ਪੜਤਾਲ ਕਰ ਰਹੀ ਹੈ। ਡੀਐਸਪੀ ਸੰਦੀਪ ਵਡੇਰਾ ਦਾ ਕਹਿਣਾ ਹੈ ਕਿ ਪ੍ਰੇਮਜੀਤ ਸਿੰਘ ਵੱਲੋਂ ਗ੍ਰੰਥੀ ਦਰਸ਼ਨ ਸਿੰਘ ਖ਼ਿਲਾਫ਼ ਗੋਲਕ ਚੋਰੀ ਦੇ ਦੋਸ਼ ਹੇਠ ਲਿਖਤੀ ਸ਼ਿਕਾਇਤ ਥਾਣੇ ਦਿੱਤੀ ਗਈ ਹੈ ਅਤੇ ਪੁਲੀਸ ਮਾਮਲੇ ਦੀ ਪੜਤਾਲ ਕਰ ਰਹੀ ਹੈ।



**ਸੰਗਰੂਰ ਵਿਚ ਗ੍ਰੰਥੀ ਦੀ ਕੁੱਟਮਾਰ ਮਗਰੋਂ ਧਰਨਾ ਦੇ ਰਹੇ ਗ੍ਰੰਥੀਆਂ ਅਤੇ ਦੂਜੀ ਧਿਰ ਦੇ ਸਮਰਥਕਾਂ ਨੂੰ ਲੜਨ ਤੋਂ ਰੋਕਦੀ ਹੋਈ ਪੁਲੀਸ।**

# ਆਰਕੈਸਟਰਾ ਗੋਲੀ ਕਾਂਡ ਦੀ ਗਵਾਹ ਲੜਕੀ ਨੂੰ ਧਮਕੀ



**ਬਠਿੰਡਾ/ਬਿਊਰੋ ਨਿਊਜ਼ :** ਪਿਛਲੇ ਦਿਨੀਂ ਮੌੜ ਮੰਡੀ ਵਿੱਚ ਵਿਆਹ ਸਮਾਗਮ ਦੌਰਾਨ ਗੋਲੀ ਨਾਲ ਮਾਰੀ ਆਰਕੈਸਟਰਾ ਗਰੁੱਪ ਨਾਲ ਸਬੰਧਤ ਲੜਕੀ ਕੁਲਵਿੰਦਰ ਕੌਰ ਦੇ ਮਾਮਲੇ ਦੀ ਗਵਾਹ ਲੜਕੀ ਪ੍ਰਿਯਾ ਉਤੇ ਗਵਾਹੀ ਤੋਂ ਮੁੱਕਰਨ ਲਈ ਧਮਕੀ ਦੇ ਕੇ ਦਬਾਅ ਬਣਾਇਆ ਜਾਣ ਲੱਗਿਆ ਹੈ। ਪ੍ਰਿਯਾ ਦੀ ਮਾਤਾ ਲਖਵਿੰਦਰ ਕੌਰ ਪਤਨੀ ਮਿੱਠਾ ਸਿੰਘ ਵਾਸੀ ਸ਼ਹੀਦ ਊਧਮ ਸਿੰਘ ਨਗਰ ਨੇ ਆਰਕੈਸਟਰਾ ਕਲਾਕਾਰ ਮੰਚ ਦੇ ਮੈਂਬਰਾਂ ਦੇ ਨਾਲ ਐਸਐਸਪੀ ਬਠਿੰਡਾ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ 7 ਦਸੰਬਰ ਨੂੰ ਦੋ ਨੌਜਵਾਨ ਉਨ੍ਹਾਂ ਦੇ ਘਰ ਆਏ ਅਤੇ ਕਿਹਾ ਕਿ ਉਹ ਆਪਣੀ ਲੜਕੀ ਨੂੰ ਗਵਾਹੀ ਤੋਂ ਮੁੱਕਰਨ ਲਈ ਕਹਿਣ। ਉਨ੍ਹਾਂ ਨੌਜਵਾਨਾਂ ਨੇ ਗਵਾਹੀ ਤੋਂ ਮੁੱਕਰਨ ਲਈ ਪੈਸਿਆਂ ਦੀ ਪੇਸ਼ਕਸ਼ ਵੀ ਕੀਤੀ। ਲਖਵਿੰਦਰ ਕੌਰ ਨੇ ਕਿਹਾ ਕਿ ਨੌਜਵਾਨਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀ ਲੜਕੀ ਨੇ ਅਜਿਹਾ ਨਾ ਕੀਤਾ ਤਾਂ ਉਹ ਲੜਕੀ ਦਾ ਜਿਉਣਾ ਦੁੱਭਰ ਕਰ ਦੇਣਗੇ। ਲਖਵਿੰਦਰ ਕੌਰ ਨੇ ਦੋਸ਼ ਲਗਾਇਆ ਕਿ ਨੌਜਵਾਨਾਂ ਨੇ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ। ਉਨ੍ਹਾਂ ਐਸਐਸਪੀ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਕੁਲਵਿੰਦਰ ਕੌਰ ਕਤਲ ਕਾਂਡ ਵਿੱਚ ਮੌੜ ਮੰਡੀ ਵਾਸੀ ਲੱਕੀ ਗੋਇਲ ਉਰਫ ਬਿੱਲਾ ਖ਼ਿਲਾਫ਼ ਕੇਸ ਦਰਜ ਹੈ ਅਤੇ ਉਹ ਇਸ ਸਮੇਂ ਨਿਆਂਇਕ ਹਿਰਾਸਤ ਵਿੱਚ ਹੈ। ਐਸਐਸਪੀ ਨੂੰ ਮਿਲਣ ਵਾਲੇ ਵਫ਼ਦ ਵਿੱਚ ਸ਼ਾਮਲ ਜੇ.ਕੇ ਨਾਮੀ ਵਿਅਕਤੀ ਨੇ ਦੱਸਿਆ ਕਿ ਐਸਐਸਪੀ ਨੇ ਡੀਐਸਪੀ ਨੂੰ ਮਾਮਲੇ ਦੀ ਜਾਂਚ ਲਈ ਲਿਖ ਦਿੱਤਾ ਹੈ।

# ਜ਼ਮੀਨ ਘੁਟਾਲਾ : ਕੈਪਟਨ ਨੂੰ ਰਾਹਤ ਦੀ ਆਸ ਬੱਝੀ

**ਐਸ.ਏ.ਐਸ. ਨਗਰ/ਬਿਊਰੋ ਨਿਊਜ਼ :** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ ਜ਼ਮੀਨ ਘੁਟਾਲੇ ਦੇ ਕੇਸ ਵਿੱਚ ਨਾਮਜ਼ਦ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਰਾਹਤ ਮਿਲਣ ਦੀ ਆਸ ਬੱਝ ਗਈ ਹੈ। ਕੈਪਟਨ ਅਤੇ ਹੋਰਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਕੇਸ ਨੂੰ ਖਤਮ ਕਰਨ ਦੇ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਮੁਹਾਲੀ ਅਦਾਲਤ ਵਿੱਚ ਪੇਸ਼ ਹੋ ਕੇ ਆਪਣੇ ਬਿਆਨ ਕਲਮਬੰਦ ਕਰਵਾਏ ਹਨ। ਮਹਿਲਾ ਅਧਿਕਾਰੀ ਨੇ ਅਦਾਲਤ ਵਿੱਚ ਦਰਜ ਕਰਵਾਏ ਬਿਆਨਾਂ ਵਿੱਚ ਕਿਹਾ ਕਿ ਵਿਜੀਲੈਂਸ ਜੇਕਰ ਕੈਪਟਨ ਤੇ ਹੋਰਾਂ ਮੁਲਜ਼ਮਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਖਤਮ ਕਰਨਾ ਚਾਹੁੰਦੀ ਹੈ ਤਾਂ ਵਿਧਾਨ ਸਭਾ ਨੂੰ ਕੋਈ ਇਤਰਾਜ਼ ਨਹੀਂ ਹੈ। ਵਕੀਲਾਂ ਨੇ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਪੰਜਾਬ ਵਿਜੀਲੈਂਸ ਬਿਓਰੋ ਇਸ ਕੇਸ ਦੀ ਨਵੇਂ ਸਿਰਿਓਂ ਕੀਤੀ ਪੜਤਾਲ ਵਿੱਚ ਕੈਪਟਨ ਸਣੇ ਹੋਰ ਮੁਲਜ਼ਮਾਂ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਦੱਸਣਯੋਗ ਹੈ ਕਿ 7 ਅਕਤੂਬਰ ਨੂੰ ਪੰਜਾਬ ਵਿਜੀਲੈਂਸ ਬਿਓਰੋ ਨੇ ਜ਼ਮੀਨ ਘੁਟਾਲੇ ਦੇ ਮਾਮਲੇ ਵਿੱਚ ਨਾਮਜ਼ਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਖ਼ਿਲਾਫ਼ ਦਰਜ ਕੇਸ ਨੂੰ ਖ਼ਤਮ ਕਰਨ ਲਈ ਮੁਹਾਲੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ। ਕੇਸ ਦੀ ਸੁਣਵਾਈ ਮੁਹਾਲੀ ਦੀ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਂਸਲ ਬੇਰੀ ਨੇ ਕੀਤੀ ਤੇ ਕੈਪਟਨ ਸਮੇਤ ਇੱਕ ਹੋਰ ਮੁਲਜ਼ਮ ਮਹੇਸ਼ ਖੰਨਾ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਕੈਪਟਨ ਨੇ ਆਪਣੇ ਵਕੀਲ ਰਾਹੀਂ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਨਿੱਜੀ ਪੇਸ਼ੀ ਤੋਂ ਛੋਟ ਦੇਣ ਦੀ ਮੰਗ ਕੀਤੀ ਹੈ।

# ਯੂ-ਟਿਊਬ ਚੈਨਲ ਬਣਿਆ ਨੌਜਵਾਨਾਂ ਦੀ ਕਮਾਈ ਦਾ ਸਾਧਨ

## ਭਾਰਤੀ ਮੂਲ ਦੀ ਲਿਲੀ ਸਿੰਘ ਸਭ ਤੋਂ ਵੱਧ ਕਮਾਈ ਕਰਨ ਵਾਲੀ ਔਰਤ

### ਟਾਪ-10 ਦੀ ਕੁਲ ਆਮਦਨ 23 ਫ਼ੀਸਦੀ ਵੱਧ ਕੇ ਇਸ ਸਾਲ 475 ਕਰੋੜ ਰੁਪਏ ਹੋਈ




**ਨਵੀਂ ਦਿੱਲੀ/ਬਿਊਰੋ ਨਿਊਜ਼ :**
ਯੂ-ਟਿਊਬ ਚੈਨਲ ਨੌਜਵਾਨਾਂ ਦੀ ਕਮਾਈ ਦਾ ਵੱਡਾ ਸਾਧਨ ਬਣ ਰਿਹਾ ਹੈ। ਫੋਰਬਸ ਨੇ 2016 'ਚ ਸਭ ਤੋਂ ਵੱਧ ਕਮਾਈ ਕਰਨ ਵਾਲੇ ਟਾਪ-10 ਯੂ-ਟਿਊਬਰਸ ਦੀ ਸੂਚੀ ਜਾਰੀ ਕੀਤੀ ਹੈ। ਇਸ ਸਾਲ ਟਾਪ-10 ਦੀ ਇਨਕਮ 'ਚ ਪਿਛਲੇ ਸਾਲ ਤੋਂ 23 ਫ਼ੀਸਦੀ ਦਾ ਵਾਧਾ ਹੋਇਆ ਹੈ। ਇਹ ਲਗਭਗ 475 ਕਰੋੜ ਰੁਪਏ ਹੈ। ਸਵੀਡਨ ਦੇ ਫੇਲਿਕਸ ਕਲੇਜਬਰਗ ਪਹਿਲੇ ਨੰਬਰ 'ਤੇ ਹਨ। ਦੂਜੇ 'ਤੇ ਰੋਮਨ ਅਟਵੁਡ ਅਤੇ ਤੀਜੇ ਨੰਬਰ 'ਤੇ ਭਾਰਤੀ ਮੂਲ ਦੀ ਕੈਨੇਡੀਅਨ ਔਰਤ ਲਿਲੀ ਸਿੰਘ ਹੈ। ਸੂਚੀ 'ਚ ਸ਼ਾਮਲ ਜ਼ਿਆਦਾਤਰ ਦੀ ਉਮਰ 30 ਤੋਂ ਘੱਟ ਹੈ। 26 ਸਾਲਾ ਫੇਲਿਕਸ ਸੋਸ਼ਲ ਸਾਈਟ ਯੂ-ਟਿਊਬ 'ਤੇ ਆਨਲਾਈਨ ਚੈਨਲ ਚਲਾਉਂਦੇ ਹਨ। ਉਨ੍ਹਾਂ ਨੇ ਆਪਣੇ 'ਪੀ.ਯੂ.ਡੀ.ਪਾਈ.' ਚੈਨਲ ਤੋਂ 2016 (ਜੂਨ ਤੱਕ) 'ਚ ਸਭ ਤੋਂ ਵੱਧ ਕਮਾਈ ਕੀਤੀ ਹੈ। ਇਹ ਪਿਛਲੇ ਸਾਲ ਤੋਂ 20 ਫ਼ੀਸਦੀ ਵੱਧ ਹੈ। ਉਨ੍ਹਾਂ ਦੇ ਚੈਨਲ ਨੂੰ 5 ਕਰੋੜ ਤੋਂ ਵੱਧ ਲੋਕ ਵੇਖਦੇ ਹਨ। ਰੋਮਨ ਅਟਵੁਡ ਦੀ ਸਾਲਾਨਾ ਕਮਾਈ ਲਗਭਗ 54 ਕਰੋੜ ਰੁਪਏ ਰਹੀ ਹੈ। ਉਨ੍ਹਾਂ ਦੇ 'ਰੋਮਨ ਅਟਵੁਡ' ਚੈਨਲ ਨੂੰ 1 ਕਰੋੜ ਲੋਕ ਵੇਖਦੇ ਹਨ। ਤੀਜੇ ਨੰਬਰ 'ਤੇ ਮੌਜੂਦ ਲਿਲੀ ਸਿੰਘ ਦੇ ਚੈਨਲ 'ਸੁਪਰ ਵੁਮੈਨ' ਦੇ 90 ਲੱਖ ਦਰਸ਼ਕ ਹਨ।

**ਫੋਰਬਸ ਯੂ-ਟਿਊਬਰਸ ਦੀ ਸੂਚੀ :**
1. ਫੇਲਿਕਸ ਕਲੇਜਬਰਗ : ਗੇਮਰ, ਆਮਦਨ : 1.15 ਅਰਬ ਰੁਪਏ, ਚੈਨਲ : ਪੀ.ਯੂ.ਡੀ.ਪਾਈ
2. ਰੋਮਨ ਅਟਵੁਡ : ਪਰੈਂਕਸਟਰ, ਆਮਦਨ : 54 ਕਰੋੜ ਰੁਪਏ, ਚੈਨਲ : ਰੋਮਨ ਅਟਵੁਡ
3. ਲਿਲੀ ਸਿੰਘ : ਕ੍ਰਿਏਟਰ, ਆਮਦਨ : 50 ਕਰੋੜ ਰੁਪਏ, ਚੈਨਲ : ਸੁਪਰਵੁਮੈਨ, ਡਾਕਿਊਮੈਂਟਰੀ - 'ਏ ਟ੍ਰਿਪ ਟੂ ਯੂਨੀਕੋਰਨ ਆਈਲੈਂਡ'
4. ਐਂਥਨੀ ਅਤੇ ਇਯਾਨ : ਕਾਮੇਡੀਅਨ, ਆਮਦਨ : 47 ਕਰੋੜ ਰੁਪਏ, ਦੋ 'ਸਮੋਸ਼' ਫ਼ਿਲਮਾਂ ਬਣਾ ਚੁੱਕੇ ਹਨ। ਦੂਜੀ ਫ਼ਿਲਮ 'ਘੋਸਟਮੇਟਸ' ਛੇਤੀ ਹੀ ਰਿਲੀਜ਼ ਹੋਵੇਗੀ।
5. ਟੇਲਰ ਓਕਲੀ : ਰੋਸੰਨਾ ਪਨਸਿਨੋ, ਆਮਦਨ : 40 ਕਰੋੜ ਰੁਪਏ, ਓਕਲੀ ਟਾਕ ਸ਼ੋਅ ਅਤੇ ਰੋਸੰਨਾ ਕੁਕਿੰਗ ਸ਼ੋਅ ਨੂੰ ਹੋਸਟ ਕਰਦੇ ਹਨ।

## ਪੁਲੀਸ ਖ਼ੁਦ 'ਤੇ ਮਿਹਰਬਾਨ

# ਆਪਣੇ ਖ਼ਿਲਾਫ਼ ਸਿਰਫ਼ 10 ਫ਼ੀਸਦੀ ਕੇਸ ਦਰਜ ਕੀਤੇ

### ਪੰਜਾਬ 'ਚ 3017 ਅਤੇ ਹਰਿਆਣਾ 'ਚ 1900 ਸ਼ਿਕਾਇਤਾਂ ਪੁਲੀਸ ਵਿਰੁੱਧ ਆਈਆਂ, ਯੂ.ਪੀ. 'ਚ 37 ਫ਼ੀਸਦੀ ਪੁਲੀਸ ਮੁਲਾਜ਼ਮਾਂ ਦੀ ਘਾਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸੰਭਾਲਣ ਵਾਲਾ ਪੁਲੀਸ ਵਿਭਾਗ ਖੁਦ ਲਈ ਕਾਫੀ ਨਰਮ ਹੈ। ਪੁਲੀਸ ਰਿਸਰਚ ਤੇ ਵਿਕਾਸ ਬਿਊਰੋ ਦੀ ਪੁਲੀਸ ਆਰਗੇਨਾਈਜੇਸ਼ਨ-2015 (ਬੀ.ਪੀ.ਆਰ.ਡੀ.) ਦੀ ਰਿਪੋਰਟ 'ਚ ਇਸ ਗੱਲ ਦਾ ਖੁਲਾਸਾ ਹੁੰਦਾ ਹੈ। ਪੂਰੇ ਦੇਸ਼ 'ਚ ਕੁੱਲ ਦਰਜ ਸ਼ਿਕਾਇਤਾਂ 'ਚੋਂ ਸਿਰਫ਼ 10 ਫ਼ੀਸਦੀ ਸ਼ਿਕਾਇਤਾਂ ਹੀ ਪੁਲੀਸ ਵਿਭਾਗ ਨੇ ਆਪਣੇ ਵਿਰੁਧ ਦਰਜ ਕੀਤੀਆਂ ਹਨ। ਸੀ.ਐਚ.ਆਰ ਆਈ ਨੇ ਬੀ.ਪੀ.ਆਰ.ਡੀ ਰਿਪੋਰਟ ਦੀ ਜਾਂਚ 'ਚ ਦੇਖਿਆ ਹੈ ਕਿ ਦੇਸ਼ 'ਚ ਲਗਭਗ ਇੱਕ ਚੌਥਾਈ ਪੁਲੀਸ ਮੁਲਾਜ਼ਮਾਂ ਦੀ ਕਮੀ ਹੈ, ਜਿਸ 'ਚ ਉੱਤਰ ਪ੍ਰਦੇਸ਼ ਦਾ ਨਾਂ ਸਭ ਤੋਂ ਅੱਗੇ ਹੈ। ਪੁਲੀਸ ਸੁਧਾਰ ਅਤੇ ਆਰ.ਟੀ.ਆਈ 'ਤੇ ਕੰਮ ਕਰਨ ਵਾਲੀ ਸੰਸਥਾ ਕਾਮਨਵੈਲਥ ਹਿਊਮਨ ਰਾਈਟਸ ਇਨਿਸ਼ਿਏਟਿਵ (ਸੀ.ਐਚ.ਆਰ.ਆਈ) ਨੇ ਬੀ.ਪੀ.ਆਰ.ਡੀ ਦੀ ਰਿਪੋਰਟ ਦਾ ਅਧਿਐਨ ਕੀਤਾ। ਇਸ ਮੁਤਾਬਕ ਪੁਲੀਸ ਵਿਰੁੱਧ ਸਭ ਤੋਂ ਵੱਧ ਲਗਭਗ 13 ਹਜ਼ਾਰ ਸ਼ਿਕਾਇਤਾਂ ਦਿੱਲੀ 'ਚ ਦਰਜ ਹੋਈਆਂ। ਜਦਕਿ ਉੱਤਰ ਪ੍ਰਦੇਸ਼ 'ਚ 4659, ਪੰਜਾਬ 'ਚ 3107, ਹਰਿਆਣਾ 'ਚ 1900, ਜੰਮੂ ਤੇ ਕਸ਼ਮੀਰ 'ਚ



821, ਹਿਮਾਚਲ 'ਚ 419 ਅਤੇ ਉੱਤਰਾਖੰਡ 'ਚ 29 ਸ਼ਿਕਾਇਤਾਂ ਦਰਜ ਹੋਈਆਂ। ਪੂਰੇ ਦੇਸ਼ 'ਚ 54 ਹਜ਼ਾਰ 916 ਸ਼ਿਕਾਇਤਾਂ ਪੁਲੀਸ ਵਿਰੁਧ ਦਰਜ ਹੋਈਆਂ। ਇਨ੍ਹਾਂ 'ਚੋਂ ਸਿਰਫ਼ 16 ਹਜ਼ਾਰ 721 'ਤੇ ਹੀ ਜਾਂਚ ਹੋਈ। 5526 ਸ਼ਿਕਾਇਤਾਂ 'ਤੇ ਕੇਸ ਹੋਇਆ। 4367 ਸ਼ਿਕਾਇਤਾਂ 'ਤੇ ਚਾਰਜਸ਼ੀਟ ਦਾਖ਼ਲ ਹੋਈ। ਲਗਭਗ ਸਾਢੇ 20 ਹਜ਼ਾਰ ਸ਼ਿਕਾਇਤਾਂ ਗਲਤ ਐਲਾਨ ਦਿੱਤੀਆਂ ਗਈਆਂ।
ਉੱਧਰ ਸੀ.ਐਚ.ਆਰ.ਆਈ ਅਨੁਸਾਰ ਪੂਰੇ ਦੇਸ਼ 'ਚ ਇੱਕ ਤਿਹਾਈ ਤੋਂ ਵੱਧ ਸਬ-ਇੰਸਪੈਕਟਰ ਅਤੇ 30 ਫ਼ੀਸਦੀ ਡੀ.ਐਸ.ਪੀ ਦੀ ਘਾਟ ਹੈ। ਦੂਜੇ ਪਾਸੇ ਪੁਲੀਸ ਵਿਭਾਗ 'ਚ ਸਿਰਫ਼ ਸਾਢੇ 6 ਫ਼ੀਸਦੀ ਮਹਿਲਾ ਪੁਲੀਸ ਮੁਲਾਜ਼ਮਾਂ ਹਨ, ਜਿਸ 'ਚ ਚੰਡੀਗੜ੍ਹ 'ਚ 17 ਫ਼ੀਸਦੀ ਸਭ ਤੋਂ ਵੱਧ ਅਤੇ ਅਸਮ 'ਚ ਸਭ ਤੋਂ ਘੱਟ ਇਕ ਫ਼ੀਸਦੀ ਔਰਤਾਂ ਪੁਲੀਸ ਵਿਭਾਗ 'ਚ ਕੰਮ ਕਰ ਰਹੀਆਂ ਹਨ। ਸਭ ਤੋਂ ਵੱਧ 37 ਫ਼ੀਸਦੀ ਪੁਲੀਸ ਮੁਲਾਜ਼ਮਾਂ ਦੀ ਕਮੀ ਉੱਤਰ ਪ੍ਰਦੇਸ਼ 'ਚ ਹੈ। ਇੱਥੇ ਸਭ ਤੋਂ ਵੱਧ 57 ਫ਼ੀਸਦੀ ਹੈਡ ਕਾਂਸਟੇਬਲਾਂ ਦੀ ਕਮੀ ਹੈ। ਹਰਿਆਣਾ 'ਚ ਇੱਕ ਵੀ ਐਸ.ਪੀ. ਜਾਂ ਡਿਪਟੀ ਕਮਾਂਡੈਂਟ ਦੀ ਨਿਯੁਕਤੀ ਨਹੀਂ ਕੀਤੀ ਗਈ ਸੀ। ਪੰਜਾਬ ਪੁਲੀਸ 66 ਫ਼ੀਸਦੀ ਡੀ.ਜੀ.ਪੀ., ਜੰਮੂ-ਕਸ਼ਮੀਰ ਪੁਲੀਸ 'ਚ ਇੱਕ ਚੌਥਾਈ ਸਬ ਇੰਸਪੈਕਟਰ, ਦਿੱਲੀ ਪੁਲੀਸ 'ਚ 40 ਫ਼ੀਸਦੀ ਤੋਂ ਵੱਧ ਐਸ.ਪੀ., ਹਿਮਾਚਲ ਪੁਲੀਸ ਡੀ.ਆਈ.ਜੀ. ਰੈਂਕ ਦੇ 53 ਫ਼ੀਸਦੀ ਅਧਿਕਾਰੀਆਂ ਦੀ ਕਮੀ ਨਾਲ ਜੂਝ ਰਹੀ ਹੈ। ਉੱਤਰਾਖੰਡ 'ਚ ਸਰਕਾਰੀ ਅੰਕੜਿਆਂ ਅਨੁਸਾਰ ਕੌਮੀ ਪੱਧਰ 'ਤੇ ਡੀ.ਜੀ.ਪੀ. ਰੈਂਕ ਦੇ 10 ਫ਼ੀਸਦੀ, ਡੀ.ਆਈ.ਜੀ. ਦੇ 30 ਫ਼ੀਸਦੀ, ਐਸ.ਪੀ. ਦੇ 30 ਫ਼ੀਸਦੀ, ਇੰਸਪੈਕਟਰ ਦੇ 17 ਫ਼ੀਸਦੀ, ਸਬ-ਇੰਸਪੈਕਟਰ ਦੇ 36 ਫ਼ੀਸਦੀ, ਹੈਡ ਕਾਂਸਟੇਬਲ ਦੇ 22 ਫ਼ੀਸਦੀ ਅਹੁਦੇ ਖਾਲੀ ਹਨ।

# 85 ਫ਼ੀਸਦੀ ਲੋਕਾਂ ਨੂੰ ਸੁਪਨਿਆਂ 'ਚ ਡਰਾਉਂਦੇ ਹਨ ਸਕੂਲ ਅਤੇ ਕਿਤਾਬਾਂ

### ਕੈਲੀਫ਼ੋਰਨੀਆ ਦੇ ਵਿਗਿਆਨੀ ਡਾ. ਕੇਲੀ ਬੁਲਕੇਲੀ ਨੇ ਦੁਨੀਆ ਭਰ 'ਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਸੁਪਨਿਆਂ ਦਾ ਡਾਟਾਬੇਸ ਬਣਾਇਆ

**ਬਰਕਲੇ (ਅਮਰੀਕਾ)/ਬਿਊਰੋ ਨਿਊਜ਼ :** ਕੀ ਤੁਸੀਂ ਕਦੇ ਆਪਣੇ ਸੁਪਨੇ ਵਿਚ ਪ੍ਰੀਖਿਆ ਵਿਚ ਫੇਲ੍ਹ ਹੋਏ, ਜ਼ਖ਼ਮੀ ਹੋਏ, ਵਿਆਹ 'ਚ ਸ਼ਾਮਲ ਹੋਏ ? ਅਜਿਹਾ ਹੋ ਸਕਦਾ ਹੈ। ਹਰ ਕੋਈ ਅਕਸਰ ਨੀਂਦ 'ਚ ਸੁਪਨੇ ਵੇਖਦਾ ਹੈ। ਪਰ ਕਿਹੜੇ ਸੁਪਨੇ ਅਜਿਹੇ ਹਨ, ਜਿਨ੍ਹਾਂ ਨੂੰ ਅਸੀਂ ਨੀਂਦ 'ਚ ਸਭ ਤੋਂ ਵੱਧ ਵੇਖਦੇ ਹਾਂ ? ਅਮਰੀਕਾ ਦੇ ਇਕ ਵਿਗਿਆਨੀ ਨੇ ਇਸ ਦਾ ਡਾਟਾਬੇਸ ਬਣਾਇਆ ਹੈ। ਇਸ ਵਿਚ ਦੁਨੀਆ ਭਰ 'ਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਸੁਪਨਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸਭ ਤੋਂ ਵੱਧ 85 ਫ਼ੀਸਦੀ ਲੋਕ ਅਜਿਹੇ ਹਨ, ਜੋ ਸੁਪਨੇ 'ਚ ਸਕੂਲ, ਅਧਿਆਪਕ ਅਤੇ ਪੜ੍ਹਾਈ ਨਾਲ ਜੁੜੀਆਂ ਚੀਜ਼ਾਂ ਵੇਖਦੇ ਹਨ। ਔਰਤਾਂ ਜ਼ਿਆਦਾਤਰ ਉਹੀ ਸੁਪਨੇ ਵੇਖਦੀਆਂ ਹਨ, ਜਿਨ੍ਹਾਂ ਨੂੰ ਮਰਦ ਵੇਖਦੇ ਹਨ। ਰਿਸਰਚ 'ਚ ਪਾਇਆ ਗਿਆ ਕਿ ਸੁਪਨੇ ਵੇਖਣਾ ਚੰਗਾ ਹੁੰਦਾ ਹੈ। ਇਸ ਡਾਟਾਬੇਸ ਨੂੰ ਕੈਲੀਫ਼ੋਰਨੀਆ ਦੇ ਬਰਕਲੇ 'ਚ ਰਹਿਣ ਵਾਲੇ ਡਾ. ਕੇਲੀ ਬੁਲਕੇਲੀ ਨੇ ਤਿਆਰ ਕੀਤਾ ਹੈ। ਇਸ ਦਾ ਨਾਂ ਸਲੀਪ ਅਤੇ ਡਰੀਮ ਹੈ। ਉਨ੍ਹਾਂ ਨੇ ਔਰਤਾਂ ਅਤੇ ਮਰਦਾਂ ਵੱਲੋਂ ਸਭ ਤੋਂ ਵੱਧ ਵੇਖੇ ਜਾਣ ਵਾਲੇ ਸੁਪਨਿਆਂ ਦੀ ਰਿਪੋਰਟ ਵੀ ਜਾਰੀ ਕੀਤੀ ਹੈ। ਕਿਸੇ ਵੱਲੋਂ ਹਮਲਾ ਕਰਨਾ ਜਾਂ ਭਜਾਉਣਾ : ਔਰਤਾਂ ਅਤੇ ਮਰਦ ਸਭ ਤੋਂ ਵੱਧ ਅਜਿਹੇ ਸੁਪਨੇ ਵੇਖਦੇ ਹਨ। ਬਚਪਨ 'ਚ ਇਹ ਸੁਪਨੇ ਸਭ ਤੋਂ ਵੱਧ ਆਉਂਦੇ ਹਨ।
ਸਕੂਲ, ਟੀਚਰਸ ਅਤੇ ਸਟਡੀ : ਇਸ ਤਰ੍ਹਾਂ ਦੇ ਸੁਪਨੇ ਉਹ ਲੋਕ ਵੱਧ ਵੇਖਦੇ ਹਨ, ਜੋ ਰਸਮੀ ਸਿੱਖਿਆ ਲੈਂਦੇ ਹਨ। ਇਹ ਸੁਪਨੇ ਪੜ੍ਹਾਈ ਛੱਡਣ ਤੋਂ ਕਾਫੀ ਸਮੇਂ ਬਾਅਦ ਆਉਂਦੇ ਹਨ। ਕਿਸਮਤ 'ਚ ਭਰੋਸਾ ਰੱਖਣ ਵਾਲੇ ਵੀ ਅਜਿਹੇ ਸੁਪਨੇ ਵੇਖਦੇ ਹਨ।
**ਸੈਕਸੁਅਲ ਐਕਸਪੀਰੀਐਂਸ :** ਅਜਿਹੇ ਸੁਪਨੇ ਮਰਦ, ਔਰਤਾਂ ਤੋਂ ਵੱਧ ਵੇਖਦੇ ਹਨ। ਅਜਿਹਾ ਬਾਇਓਲੋਜੀਕਲ ਅਤੇ ਸੈਕਸੁਅਲ ਇੱਛਾਵਾਂ ਦੇ ਪੂਰਾ ਨਾ ਹੋਣ ਕਾਰਨ ਹੁੰਦਾ ਹੈ। **ਕਿਸੇ ਥਾਂ ਤੋਂ ਡਿੱਗਣਾ :** ਇਸ ਤਰ੍ਹਾਂ ਦੇ ਸੁਪਨੇ ਆਮ ਤੌਰ 'ਤੇ ਉਦੋਂ ਆਉਂਦੇ ਹਨ, ਜਦੋਂ ਸੌਣ ਸਮੇਂ ਦਿਮਾਗ ਦੇ ਨਿਊਰੋਮੀਟਰਸ ਇੱਕ ਸਟੇਜ ਤੋਂ ਦੂਜੀ ਸਟੇਜ 'ਚ ਸ਼ਿਫਟ ਹੁੰਦੇ ਹਨ। ਖਾਸਕਰ ਉਦੋਂ ਜਦੋਂ ਜੀਵਨ 'ਚ ਕੁੱਝ ਬਦਲਦਾ ਹੈ ਅਤੇ ਪ੍ਰਭਾਵਤ ਹੁੰਦਾ ਹੈ। ਵਾਰ-ਵਾਰ ਕਿਸੇ ਕੰਮ ਨੂੰ ਕਰਨਾ : ਇਹ ਸੁਪਨੇ ਉਦੋਂ ਆਉਂਦੇ ਹਨ, ਜਦੋਂ ਅਸੀਂ ਕੋਈ ਗੱਲ ਨੀਂਦ 'ਚ ਅੱਧਾ-ਅਧੂਰਾ ਸੋਚਣ ਦੀ ਹਾਲਤ 'ਚ ਹੁੰਦੇ ਹਾਂ। ਜਦੋਂ ਜ਼ਿੰਦਗੀ 'ਚ ਕੁੱਝ ਤਣਾਅ ਹੁੰਦਾ ਹੈ।

**ਸਭ ਤੋਂ ਵੱਧ ਵੇਖੇ ਜਾਣ ਵਾਲੇ ਸੁਪਨੇ**

| ਸੁਪਨੇ | ਔਰਤ | ਮਰਦ | ਕੁਲ |
|---|---|---|---|
| ਹਮਲਾ ਅਤੇ ਭੱਜਣਾ | 78 | 77 | 83 |
| ਸਕੂਲ, ਟੀਚਰ ਅਤੇ ਸਟਡੀ | 85 | 71 | 78 |
| ਸੈਕਸੁਅਲ ਐਕਸਪੀਰੀਐਂਸ | 58 | 85 | 72 |
| ਕਿਸੇ ਥਾਂ ਤੋਂ ਡਿੱਗਣਾ | 73 | 69 | 71 |
| ਵਾਰ-ਵਾਰ ਇੱਕ ਕੰਮ ਦੀ ਕੋਸ਼ਿਸ਼ | 60 | 67 | 64 |
| ਡਰ ਕਾਰਨ ਸਹਿਮ ਜਾਣਾ | 63 | 57 | 60 |
| ਦੇਰ ਨਾਲ ਪਹੁੰਚਣਾ | 62 | 57 | 60 |
| ਕਿਸੇ ਜ਼ਿੰਦਾ ਵਿਅਕਤੀ ਦੀ ਮੌਤ | 63 | 45 | 54 |
| ਪਸੰਦ ਦਾ ਭੋਜਨ ਕਰਨਾ | 52 | 48 | 50 |
| ਪ੍ਰੀਖਿਆ 'ਚ ਫੇਲ੍ਹ ਹੋਣਾ | 50 | 39 | 45 |

ਨੋਟ : ਸਾਰੇ ਅੰਕੜੇ ਫ਼ੀਸਦੀ ਵਿਚ ਹਨ।

# ਸੰਗਤ ਇਕੱਤਰ ਹੁੰਦੀ ਰਹੀ ਤੇ ਕਾਲੀ ਬੇਈਂ ਨਿਖਰਦੀ ਗਈ

## ਕਦੇ ਬੇਈਂ ਦੇ ਕੰਢੇ 'ਤੇ ਨੱਕ ਉੱਪਰ ਰੁਮਾਲ ਰੱਖਣਾ ਪੈਂਦਾ ਸੀ, ਹੁਣ ਲੋਕ ਪਿਕਨਿਕ ਮਨਾਉਂਦੇ ਹਨ

**ਸੰਤ ਬਲਬੀਰ ਸਿੰਘ ਸੀਚੇਵਾਲ**

ਕਈ ਸ਼ਹਿਰਾਂ ਅਤੇ ਲਗਭਗ 40 ਪਿੰਡਾਂ ਦੀਆਂ ਨਾਲੀਆਂ ਦਾ ਗੰਦਾ ਪਾਣੀ ਕਾਲੀ ਬੇਈਂ 'ਚ ਛੱਡਿਆ ਜਾਂਦਾ ਸੀ। ਇਸ ਕਾਰਨ ਇਹ ਬੇਈਂ ਗੰਦੇ ਨਾਲੇ 'ਚ ਬਦਲ ਗਈ ਸੀ। ਹਾਲਾਤ ਅਜਿਹੇ ਬਣ ਗਏ ਸਨ ਕਿ ਆਸਪਾਸ ਦੇ ਖੇਤਾਂ ਦੀ ਸਿੰਜਾਈ ਲਈ ਵੀ ਪਾਣੀ ਨਹੀਂ ਮਿਲ ਰਿਹਾ ਸੀ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ 160 ਕਿਲੋਮੀਟਰ ਖੇਤਰ ਵਿਚ ਵਗਣ ਵਾਲੀ ਇਸ ਬੇਈਂ ਦੇ ਕੰਢੇ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਅੰਤਰ ਗਿਆਨ ਪ੍ਰਾਪਤ ਹੋਇਆ ਸੀ। ਜਿਹੜੀ ਬੇਈਂ ਨਾਲ ਲੋਕਾਂ ਦੀ ਆਸਥਾ ਜੁੜੀ ਹੋਵੇ, ਉਸ ਦੇ ਕੰਢੇ ਖੜ੍ਹੇ ਹੋਣ 'ਤੇ ਕਦੇ ਨੱਕ ਉੱਤੇ ਰੁਮਾਲ ਰੱਖਣਾ ਪੈਂਦਾ ਸੀ, ਪਰ ਹੁਣ ਇਸ ਬੇਈਂ ਦੇ ਕੰਢੇ ਲੋਕ ਪਿਕਨਿਕ ਮਨਾਉਂਦੇ ਹਨ। ਸਾਲ 2000 'ਚ ਕਾਲੀ ਬੇਈਂ ਨੂੰ ਸਾਫ਼ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਲੋਕਾਂ ਵਿਚਕਾਰ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ। ਲੋਕਾਂ ਨੂੰ ਆਪਣਾ ਕੂੜਾ-ਕਰਕਟ ਕਿਤੇ ਹੋਰ ਸੁੱਟਣ ਲਈ ਕਿਹਾ ਗਿਆ। ਆਪਣੇ ਸਾਥੀਆਂ ਅਤੇ ਸਹਿਯੋਗੀਆਂ ਨਾਲ ਮਿਲ ਕੇ ਸਭ ਤੋਂ ਪਹਿਲਾਂ ਇਸ ਦੇ ਕਿਨਾਰਿਆਂ ਦੀ ਉਸਾਰੀ ਕੀਤੀ ਗਈ ਅਤੇ ਨਾਲ-ਨਾਲ ਸੜਕਾਂ ਬਣਾਈਆਂ ਗਈਆਂ। ਪਹਿਲਾਂ ਕੁੱਝ ਲੋਕ ਮਜ਼ਾਕ ਉਡਾਉਂਦੇ ਸਨ, ਪਰ ਮੈਂ ਕਿਸੇ ਦੀ ਪਰਵਾਹ ਨਹੀਂ ਕੀਤੀ। ਹੌਲੀ-ਹੌਲੀ ਸੰਗਤ ਵੀ ਜੁਟ ਗਈ। ਕਹੀਆਂ ਤੇ ਤੇਸਿਆਂ ਤੋਂ ਕੰਮ ਸ਼ੁਰੂ ਹੋਇਆ ਅਤੇ ਫਿਰ ਜੇ.ਸੀ.ਬੀ. ਮਸ਼ੀਨਾਂ ਵੀ ਆ ਗਈਆਂ। ਬੇਈਂ ਵਿਚ ਮਿਲਣ ਵਾਲੇ ਗੰਦੇ ਨਾਲਿਆਂ ਦੀ ਦਿਸ਼ਾ ਬਦਲ ਦਿੱਤੀ ਗਈ, ਤਾਂ ਜੋ ਬੇਈਂ ਫਿਰ ਕਦੇ ਗੰਦੀ ਨਾ ਹੋਵੇ। ਕਾਲੀ ਬੇਈਂ ਦੇ ਹਾਲਾਤ ਮੁੜ ਪਹਿਲਾਂ ਵਾਂਗ ਨਾ ਬਣ ਜਾਣ, ਇਸ ਲਈ ਨੇੜੇ ਨੇੜੇ ਵਸੇ ਲੋਕਾਂ ਨੂੰ ਇਸ ਦੀ ਪਵਿੱਤਰਤਾ ਅਤੇ ਸ਼ੁੱਧੀ ਪ੍ਰਤੀ ਜਾਗਰੂਕ ਕੀਤਾ ਗਿਆ। ਬੇਈਂ 'ਚ ਉਦਯੋਗਿਕ ਪਲਾਂਟਾਂ ਵੱਲੋਂ ਪਾਈ ਜਾ ਰਹੀ ਗੰਦਗੀ ਦਾ ਰਸਤਾ ਰੋਕ ਦਿੱਤਾ ਗਿਆ। ਜਦੋਂ ਪ੍ਰਸ਼ਾਸਨ ਨੇ ਦਖ਼ਲ ਦਿੱਤਾ ਤਾਂ ਪੰਜਾਬ ਸਰਕਾਰ ਦੇ 1976 ਦੇ ਉਸ ਕਾਨੂੰਨ ਦਾ ਹਵਾਲਾ ਦਿੱਤਾ ਗਿਆ, ਜਿਸ ਤਹਿਤ ਬੇਈਂ ਨੂੰ ਪ੍ਰਦੂਸ਼ਤ ਕਰਨ ਨੂੰ ਅਪਰਾਧ ਐਲਾਨਿਆ ਹੋਇਆ ਹੈ। ਜਿਹੜੀ ਸੁੱਕੀ ਨਹਿਰ 'ਚ ਬੱਚੇ ਖੌਰੂ ਪਾਉਂਦੇ ਸਨ, ਉਸ ਵਿਚ ਹੁਣ ਸਾਲ ਭਰ ਪਾਣੀ ਵੱਗਦਾ ਹੈ। ਨਹਿਰ ਦੇ ਪਾਣੀ 'ਚ ਤੈਰਾਕ ਵਾਪਸ ਆ ਗਏ ਹਨ ਅਤੇ ਇਸ ਨਹਿਰ ਦਾ ਪਾਣੀ ਇਲਾਕੇ ਦੇ ਹੈਂਡਪੰਪ ਦੇ ਪਾਣੀ ਤੋਂ ਵੱਧ ਸਾਫ਼ ਹੋ ਗਿਆ ਹੈ। ਬਿਨਾਂ ਕਿਸੇ ਸਰਕਾਰੀ ਮਦਦ ਕਾਲੀ ਬੇਈਂ ਨੂੰ ਸਾਫ਼ ਕਰਨ ਦਾ ਅਜਿਹਾ ਅੰਦੋਲਨ ਸ਼ੁਰੂ ਕੀਤਾ ਕਿ ਪ੍ਰਦੂਸ਼ਤ ਅਤੇ ਬਦਬੂ ਮਾਰਨ ਵਾਲੀ ਨਦੀ ਹੁਣ ਸਾਫ਼ ਪਾਣੀ ਦੀਆਂ ਲਹਿਰਾਂ 'ਚ ਵੱਗ ਰਹੀ ਹੈ। ਕਾਲੀ ਬੇਈਂ ਦੇ ਤਟ 'ਤੇ ਇੱਕ ਸਕੂਲ ਬਣਾਇਆ ਗਿਆ ਹੈ, ਜਿਸ 'ਚ ਸਥਾਨਕ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ। ਇਕ ਅਜਿਹਾ ਅਦਾਰਾ ਵੀ ਸ਼ੁਰੂ ਕੀਤਾ ਗਿਆ ਹੈ, ਜਿੱਥੇ ਇਲਾਕੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਤਕਨੀਕੀ ਸਿਖਲਾਈ ਦਿੱਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ। ਸਾਡੀ ਕੋਸ਼ਿਸ਼ ਪੰਜਾਬ ਦੀਆਂ ਦੂਜੀਆਂ ਨਹਿਰਾਂ ਦੀ ਸਫ਼ਾਈ ਕਰਨ ਦੀ ਹੈ। ਰਾਜਨੀਤਕ ਪਾਰਟੀਆਂ ਨੂੰ ਅਸੀਂ ਜਲ ਬਚਾਓ ਨਾਲ ਜੁੜੇ ਮੁੱਦਿਆਂ 'ਤੇ ਅਮਲ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਾਂ। ਰਾਜਨੀਤਕ ਪਾਰਟੀਆਂ ਨੂੰ ਵਿਧਾਨ ਸਭਾ ਚੋਣਾਂ 'ਚ ਪਾਣੀ ਤੇ ਵਾਤਾਵਰਣ ਨੂੰ ਮੁੱਦਾ ਬਣਾ ਕੇ ਚੋਣ ਲੜਨੀ ਚਾਹੀਦੀ ਹੈ ਅਤੇ ਇਸ ਲਈ ਉਨ੍ਹਾਂ ਨੂੰ ਇਨ੍ਹਾਂ ਦੋਵੇਂ ਵਿਸ਼ਿਆਂ ਨੂੰ ਆਪਣੇ ਚੋਣ ਮਨੋਰਥ ਪੱਤਰ 'ਚ ਸ਼ਾਮਲ ਕਰਨਾ ਚਾਹੀਦਾ ਹੈ। ਪਾਣੀ ਬਚਾਉਣ ਦੀ ਮੁਹਿੰਮ ਨੂੰ ਸਕੂਲੀ ਕਿਤਾਬਾਂ 'ਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਪ੍ਰਸਿੱਧ ਟਾਈਮ ਪੱਤ੍ਰਿਕਾ ਨੇ ਜਦੋਂ ਦੁਨੀਆ ਭਰ ਦੇ 30 'ਹੀਰੋਜ਼ ਆਫ਼ ਐਨਵਾਇਰਮੈਂਟ' ਦੀ ਸੂਚੀ 'ਚ ਮੇਰਾ ਨਾਂ ਸ਼ਾਮਲ ਕੀਤਾ ਤਾਂ ਸਭ ਤੋਂ ਵੱਧ ਖੁਸ਼ੀ ਉਨ੍ਹਾਂ ਲੋਕਾਂ ਨੂੰ ਹੋਈ, ਜੋ ਮੇਰੇ ਨਾਲ ਕਾਲੀ ਬੇਈਂ ਨੂੰ ਸਾਫ਼ ਕਰਨ 'ਚ ਜੁਟੇ ਹੋਏ ਸਨ। ਹੁਣ ਕਈ ਦੇਸ਼ਾਂ ਦੇ ਲੋਕ ਧਰਮ ਅਤੇ ਆਸਥਾ ਰਾਹੀਂ ਕੀਤੇ ਗਏ ਇਸ ਕੰਮ ਨੂੰ ਵੇਖਣ ਲਈ ਇੱਥੇ ਆਉਂਦੇ ਹਨ। ਇਸ ਕੰਮ ਦੀ ਕਹਾਣੀ ਦੱਸਣ ਲਈ ਵੀ ਮੈਨੂੰ ਕਈ ਦੇਸ਼ਾਂ 'ਚ ਬੁਲਾਇਆ ਜਾ ਚੁੱਕਾ ਹੈ। ਬਹੁਤ ਸਾਰੇ ਲੋਕ ਤਾਂ 'ਵਾਤਾਵਰਣ ਬਾਬਾ' ਦੇ ਨਾਂ ਨਾਲ ਬੁਲਾਉਣ ਲੱਗੇ ਹਨ।



# ਸਿੱਖਾਂ ਦੀ ਨਿਰੰਤਰ ਕੀਤੀ ਜਾ ਰਹੀ ਨਸਲਕੁਸ਼ੀ ਲਈ ਇਨਸਾਫ ਦਿੱਤਾ ਜਾਵੇ

## ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਸਹਿਯੋਗੀ ਸੰਸਥਾਵਾਂ ਨੇ ਲਿਖਿਆ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਪੱਤਰ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਦੇ ਮੌਕੇ 'ਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਸਾਂਝੇ ਤੌਰ 'ਤੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਇੱਕ ਪੱਤਰ ਲਿਖ ਕੇ ਹਿੰਦੁਸਤਾਨੀ ਹਾਕਮਾਂ ਵਲੋਂ ਸਿੱਖਾਂ ਦੀ ਨਿਰੰਤਰ ਕੀਤੀ ਜਾ ਰਹੀ ਨਸਲਕੁਸ਼ੀ ਲਈ ਇਨਸਾਫ ਦੀ ਮੰਗ ਕੀਤੀ ਹੈ। 10 ਦਸੰਬਰ ਨੂੰ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਜਗਦੀਪ ਸਿੰਘ ਰੰਧਾਵਾ, ਹਰਮਨਦੀਪ ਸਿੰਘ ਸਰਹਾਲੀ, ਸਤਵਿੰਦਰ ਸਿੰਘ ਪਲਾਸੌਰ, ਵਿਰਸਾ ਸਿੰਘ ਬਹਿਲਾ, ਪਰਵੀਨ ਕੁਮਾਰ, ਸਤਵੰਤ ਸਿੰਘ ਮਾਣਕ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਕਿਰਪਾਲ ਸਿੰਘ ਰੰਧਾਵਾ ਅਤੇ ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ ਦੇ ਪ੍ਰਧਾਨ ਬਾਬਾ ਦਰਸ਼ਨ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਸਰਕਾਰਾਂ ਦੇ ਅੱਤਿਆਚਾਰ ਰੋਕਣ ਲਈ ਅਦਾਲਤਾਂ ਦਾ ਦਖਲ ਜ਼ਰੂਰੀ ਹੈ ਲੇਕਿਨ ਜੱਜਾਂ ਦੀ ਨਿਯੁੱਕਤੀ ਬਾਰੇ ਧਾਰੀ ਨੀਤੀ ਨੇ ਇਸ ਮਾਮਲੇ ਵਿੱਚ ਸਰਕਾਰਾਂ ਦੀ ਭੂਮਿਕਾ ਨੂੰ ਬੇਨਕਾਬ ਕੀਤਾ ਹੈ।


ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਸਹਿਯੋਗੀ ਸੰਸਥਾਵਾਂ ਦੇ ਆਗੂ ਮੀਡੀਆ ਨਾਲ ਗੱਲ ਕਰਦੇ ਹੋਏ

ਐਡਵੋਕੇਟ ਜਗਦੀਪ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਮੁੱਖ ਜੱਜ ਜਸਟਿਸ ਪਾਠਕ ਨੇ ਵੀ ਦੇਸ਼ ਵਾਸੀਆਂ ਨੂੰ ਪੂਰਾ ਇਨਸਾਫ ਨਾ ਦਿੱਤੇ ਜਾਣ ਦੀ ਗੱਲ ਕਹੀ ਸੀ ਲੇਕਿਨ ਇਹ ਸਭ ਮਗਰਮੱਛ ਦੇ ਅਥਰੂ ਹੀ ਹਨ। ਜਗਦੀਪ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਅਫਗਾਨਿਸਤਾਨ ਵਿੱਚ ਮਨੁਖੀ ਅਧਿਕਾਰਾਂ ਦੇ ਘਾਣ ਦੀ ਚਿੰਤਾ ਤਾਂ ਹੈ ਪਰ ਪ੍ਰਧਾਨ ਮੰਤਰੀ ਅਤੇ ਅਦਾਲਤਾਂ ਨੇ ਭਾਰਤ ਦੀਆਂ ਘੱਟ ਗਿਣਤੀਆਂ ਖਾਸ ਕਰਕੇ ਸਿੱਖਾਂ ਦੇ ਮਾਮਲੇ ਵਿੱਚ ਅਤੇ ਇਸ ਦੇਸ਼ ਦੇ ਗਰੀਬ ਆਦਿਵਾਸੀਆਂ ਉੱਪਰ ਹੋ ਰਹੇ ਜ਼ੁਲਮਾਂ ਸਮੇਂ ਹਾਕਮਾਂ ਦੇ ਕੁਫਰ ਉੱਪਰ ਹੀ ਮੋਹਰ ਲਾਈ ਹੋਈ ਹੈ।

ਐਡਵੋਕੇਟ ਜਗਦੀਪ ਸਿੰਘ ਅਤੇ ਕਿਰਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਸੂਬਿਆਂ ਨੂੰ ਵੱਧ ਅਧਿਕਾਰਾਂ ਦੀ ਮੰਗ ਨੂੰ ਲੈ ਕੇ 1982 ਵਿੱਚ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਧਰਮ ਯੁੱਧ ਮੋਰਚਾ ਲਾਇਆ ਗਿਆ ਪਰ ਹਿੰਦੋਸਤਾਨੀ ਹਾਕਮਾਂ ਨੇ ਅਨੰਦਪੁਰ ਸਾਹਿਬ ਦਾ ਮਤਾ ਤਾਂ ਕੀ ਦੇਣਾ ਸੀ ਸਭ ਵਿਧਾਨ ਕਾਨੂੰਨ ਛਿੱਕੇ 'ਤੇ ਟੰਗ ਕੇ ਅਕਾਲ ਤਖ਼ਤ ਸਾਹਿਬ 'ਤੇ ਫੌਜੀ ਹਮਲਾ ਬੋਲ ਦਿੱਤਾ। ਕੁਫਰ ਤੋਲਿਆ ਗਿਆ ਕਿ ਅਕਾਲ ਤਖ਼ਤ ਸਾਹਿਬ ਅੰਦਰ ਅਸਲੇ ਦੀਆਂ ਫੈਕਟਰੀਆਂ ਹਨ, ਭਾਰੀ ਹਥਿਆਰ ਹਨ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਵਾਲੇ 'ਅੱਤਵਾਦੀ' ਹਨ। ਸੰਤ ਭਿੰਡਰਾਵਾਲਿਆਂ ਖਿਲਾਫ ਫੌਜੀ ਹਮਲੇ ਸਮੇਂ ਕੋਈ ਕੇਸ ਦਰਜ ਨਹੀਂ ਸੀ ਜਦੋਂ ਉਨ੍ਹਾਂ ਖਿਲਾਫ ਕੇਸ ਦਰਜ ਹੋਇਆ ਉਨ੍ਹਾਂ ਮਹਿਤਾ ਚੌਂਕ ਅੰਦਰ ਗ੍ਰਿਫਤਾਰੀ ਦਿੱਤੀ। 5000 ਤੋਂ ਉੱਪਰ ਨਿਰੋਦਸ਼ ਸਿੱਖਾਂ ਦਾ ਕਤਲੇਆਮ ਹੋਇਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਨਾਲ ਖੇਡਿਆ ਗਿਆ। ਸਿੱਖ ਰੈਫਰੈਂਸ ਲਾਇਬ੍ਰੇਰੀ ਤਬਾਹ ਕਰ ਦਿੱਤੀ ਗਈ ਅਤੇ ਸਿੱਖ ਇਤਿਹਾਸ ਚੋਰੀ ਕਰ ਲਿਆ ਗਿਆ। ਹਿੰਦੋਸਤਾਨ ਦੀ ਕੋਈ ਅਦਾਲਤ ਅੱਜ ਤੱਕ ਹਰਕਤ ਵਿੱਚ ਨਹੀਂ ਆਈ।

ਉਨ੍ਹਾਂ ਕਿਹਾ ਕਿ 1919 ਵਿੱਚ ਜਲ੍ਹਿਆਂਵਾਲਾ ਬਾਗ ਅੰਦਰ 10 ਮਿੰਟ ਚੱਲੀ ਗੋਲੀ ਦੀ ਪੜਤਾਲ ਅੰਗਰੇਜ਼ ਸਰਕਾਰ ਨੇ ਹੰਟਰ ਕਮਿਸ਼ਨ ਕੋਲੋਂ ਕਰਵਾ ਕੇ ਦੋਸ਼ੀਆਂ ਨੂੰ ਕਟਿਹਰੇ ਵਿੱਚ ਖੜ੍ਹਾ ਕਰ ਦਿੱਤਾ ਸੀ। ਪਿਛਲੇ ਦਿਨੀਂ ਬਰਤਾਨੀਆ ਦੀ ਪਾਰਲੀਮੈਂਟਰੀ ਕਮੇਟੀ ਨੇ ਵਿਸ਼ਵ ਦੇ ਸਨਮੁੱਖ ਆਪਣੀ ਰਿਪੋਰਟ ਲੀਬੀਆ ਦੇ ਵਿਨਾਸ਼ ਬਾਰੇ ਪੇਸ਼ ਕੀਤੀ ਹੈ। ਉਸਨੇ ਫਰਾਂਸ, ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਵੱਲੋਂ ਨਾਟੋ ਦੇਸ਼ਾਂ ਨਾਲ ਰੱਲ ਕੇ ਗੱਦਾਫੀ ਦੀ ਹਕੂਮਤ ਵਿਰੁੱਧ ਵਿਨਾਸ਼ਕਾਰੀ ਜੰਗੀ ਕਾਰਵਾਈ ਨੂੰ ਗਲਤ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਜੂਨ 84 ਦੇ ਫੌਜੀ ਹਮਲੇ ਨਵੰਬਰ 84 ਦੇ ਸਿੱਖ ਕਤਲੇਆਮ ਅਤੇ 1995 ਤੀਕ ਪੁਲਿਸ ਤਸ਼ੱਦਦ ਦਾ ਸ਼ਿਕਾਰ ਕਰ ਮਾਰ ਮੁਕਾ ਦਿੱਤੇ ਗਏ 25 ਹਜ਼ਾਰ ਦੇ ਕਰੀਬ ਸਿੱਖਾਂ ਦੇ ਵਾਰਸਾਂ ਨੂੰ ਕਿਸੇ ਹਕੂਤਮ ਜਾਂ ਅਦਾਲਤ ਨੇ ਇਨਸਾਫ ਨਹੀਂ ਦਿੱਤਾ।

ਹਰਮਨਦੀਪ ਸਿੰਘ ਸਰਹਾਲੀ, ਵਿਰਸਾ ਸਿੰਘ ਬਹਿਲਾ ਅਤੇ ਬਾਬਾ ਦਰਸ਼ਨ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਮੁੱਖ ਜੱਜ ਨੂੰ ਲਿਖੀ ਪੱਤਰਕਾ ਵਿੱਚ ਯਾਦ ਕਰਵਾਇਆ ਗਿਆ ਹੈ ਕਿ ਲਾਵਾਰਸ ਲਾਸ਼ਾਂ ਦਾ ਪਰਦਾਫਾਸ਼ ਕਰਨ ਵਾਲੇ ਭਾਈ ਜਸਵੰਤ ਸਿੰਘ ਖਾਲੜਾ ਦਾ ਕੇਸ ਜਦੋਂ ਸੁਪਰੀਮ ਕੋਰਟ ਪਾਸ ਪੁੱਜਾ ਤਾਂ ਉਨ੍ਹਾਂ ਵੱਲੋਂ ਲਾਏ ਦੋਸ਼ਾਂ ਬਾਰੇ ਕਿਹਾ ਕਿ ਜੇ ਸੱਚਾਈ ਇਹ ਹੈ ਤਾਂ ਇਹ ਨਸਲਕੁਸ਼ੀ ਤੋਂ ਵੀ ਭੈੜਾ ਕਾਰਾ ਹੈ। ਸਿਰਫ ਤਿੰਨ ਸ਼ਮਸ਼ਾਨ ਘਾਟਾਂ ਦੀ ਪੜਤਾਲ (ਅੰਮ੍ਰਿਤਸਰ, ਤਰਨਤਾਰਨ, ਪੱਟੀ) ਦੇ ਹੁਕਮ ਹੋਏ। ਸੀ.ਬੀ.ਆਈ., ਐਨ. ਐਚ.ਆਰ.ਸੀ., ਅਤੇ ਰਿਟਾਇਰਡ ਜੱਜਾਂ ਨੇ ਪੜਤਾਲਾਂ ਕੀਤੀਆਂ। 2097 ਲਾਸ਼ਾਂ ਲਵਾਰਿਸ ਕਰਾਰ ਦੇ ਕੇ ਸਾੜੇ ਜਾਣ ਦੀ ਸੀ.ਬੀ.ਆਈ. ਨੇ ਪੁਸ਼ਟੀ ਕੀਤੀ। ਲੇਕਿਨ ਪੜਤਾਲ ਅੱਧ ਵਿਚਾਲੇ ਇਹ ਕਹਿਕੇ ਛੱਡ ਦਿੱਤੀ ਗਈ ਕਿ 532 ਲਾਸ਼ਾ ਦੀ ਪਛਾਣ ਉਨ੍ਹਾਂ ਦੇ ਵੱਸੋਂ ਬਾਹਰ ਹੈ। ਰੰਧਾਵਾ ਨੇ ਕਿਹਾ ਕਿ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਸਿੱਖਾਂ ਦਾ ਕਤਲ ਕਰਾਉਣ ਲਈ ਪੁਲਿਸ ਮੁਖੀ ਗਿੱਲ ਨਾਲ ਰਾਤ ਦੇ ਹਨੇਰੇ ਵਿੱਚ ਮੁਲਾਕਾਤਾਂ ਕਰਦੇ ਰਹੇ ਹਨ। ਆਗੂਆਂ ਨੇ ਦੁਹਰਾਇਆ ਕਿ ਉਹ ਹੁਣ ਤੀਕ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਦੇ ਮਾਮਲੇ 'ਚ ਵੇਰਵਿਆਂ ਸਹਿਤ ਇਕ ਵਾਰ ਫਿਰ ਸੁਪਰੀਮ ਕੋਰਟ ਨੂੰ ਜਨਹਿੱਤ ਅਪੀਲ ਵਜੋਂ ਭੇਜੇ ਜਾ ਰਹੇ ਹਨ, ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਫਿਰ ਕਾਨੂੰਨੀ ਤੌਰ 'ਤੇ ਇਨਸਾਫ ਲਈ ਜੰਗ ਲੜੀ ਜਾਵੇਗੀ

# ਭਾਈ ਜਗਤਾਰ ਸਿੰਘ ਤਾਰਾ ਨੇ ਜੇਲ੍ਹ ਪ੍ਰਸ਼ਾਸਨ 'ਤੇ ਇਲਾਜ ਨਾ ਕਰਾਉਣ ਦਾ ਦੋਸ਼ ਲਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਕਤਲ ਦੇ ਮੁਲਜ਼ਮ ਭਾਈ ਜਗਤਾਰ ਸਿੰਘ ਤਾਰਾ ਨੇ ਮਾਡਲ ਜੇਲ੍ਹ ਬੁੜੈਲ ਪ੍ਰਸ਼ਾਸਨ 'ਤੇ ਉਸ ਦੀ ਪਿੱਠ ਦਰਦ ਦਾ ਇਲਾਜ ਨਾ ਕਰਾਉਣ ਦਾ ਦੋਸ਼ ਲਾਇਆ ਹੈ। ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਕਈ ਵਾਰ ਪਿੱਠ ਦਾ ਇਲਾਜ ਅਤੇ ਟੈਸਟ ਕਰਾਉਣ ਦੀ ਅਰਜ਼ੀ ਦਿੱਤੀ ਹੈ ਪਰ ਕੋਈ ਕਾਰਵਾਈ ਨਹੀਂ ਹੋਈ। ਭਾਈ ਤਾਰਾ ਆਈਪੀਸੀ ਦੀ ਧਾਰਾ 468 ਤਹਿਤ ਜੇਲ੍ਹ ਵਿਚ ਬੰਦ ਹੈ ਜਿਸ ਵਿੱਚ ਮੁਲਜ਼ਮ ਨੂੰ ਅਦਾਲਤੀ ਕੰਪਲੈਕਸ ਤੋਂ ਬਾਹਰ ਲਿਜਾਣ 'ਤੇ ਰੋਕ ਲਾਈ ਗਈ ਹੈ। ਮੁਲਜ਼ਮ ਵਿਰੁੱਧ ਕਤਲ ਕੇਸ ਦੀ ਸੁਣਵਾਈ ਵੀ ਜੇਲ੍ਹ ਵਿੱਚ ਵਿਸ਼ੇਸ਼ ਅਦਾਲਤ ਲਾ ਕੇ ਕੀਤੀ ਜਾ ਰਹੀ ਹੈ।



ਭਾਈ ਤਾਰਾ ਨੇ ਆਪਣੇ ਵਕੀਲ ਸਿਮਰਜੀਤ ਸਿੰਘ ਕੋਲ ਸ਼ਿਕਾਇਤ ਕਰਕੇ ਪਿੱਠ ਦੇ ਦਰਦ ਕਾਰਨ ਤੁਰਨ ਫਿਰਨ ਤੋਂ ਵੀ ਅਸਮਰਥਤਾ ਪ੍ਰਗਟ ਕੀਤੀ ਹੈ। ਉਸ ਨੇ ਵਕੀਲ ਨੂੰ ਇਲਾਜ ਲਈ ਅਰਜ਼ੀ ਅਦਾਲਤ ਵਿੱਚ ਦਾਇਰ ਕਰਨ ਲਈ ਕਿਹਾ ਹੈ। ਉਸ ਦਾ ਕਹਿਣਾ ਹੈ ਕਿ ਪਿਠ ਦੀ ਦਰਦ ਦਾ ਇਲਾਜ ਨਾ ਹੋਣ ਕਰਕੇ ਉਸ ਦੀ ਤਕਲੀਫ਼ ਸਰੀਰ ਦੇ ਦੂਜੇ ਹਿਸੇ ਵਿੱਚ ਵੀ ਜਾਣ ਲੱਗੀ ਹੈ। ਤਾਰਾ ਵੀਹ ਨੰਬਰ ਕਾਲ ਕੋਠੜੀ ਵਿੱਚ ਬੰਦ ਹੈ ਜਿਸ ਵਿੱਚ ਉਹ ਭੁੰਜੇ ਸੌਂ ਰਿਹਾ ਹੈ ਅਤੇ ਇਹ ਵੀ ਬਿਮਾਰੀ ਵਧਣ ਦਾ ਸਬੱਬ ਬਣਦਾ ਹੈ। ਵਕੀਲ ਸਿਮਰਜੀਤ ਸਿੰਘ ਦਾ ਕਹਿਣਾ ਹੈ ਕਿ ਜੇਲ੍ਹ ਪ੍ਰਸ਼ਾਸਨ ਭਾਈ ਤਾਰੇ ਨੂੰ ਦਰਦ ਦੀ ਦਵਾਈ ਦੇ ਕੇ ਡੰਗ ਟਪਾ ਰਿਹਾ ਹੈ ਜਦੋਂ ਕਿ ਬਿਮਾਰੀ ਦੀ ਵਜ੍ਹਾ ਪਤਾ ਲਾਉਣ ਵਾਸਤੇ ਐਮਆਈਆਰ ਟੈਸਟ ਦੀ ਜ਼ਰੂਰਤ ਹੈ। ਇੱਕ ਹੋਰ ਜਾਣਕਾਰੀ ਅਨੁਸਾਰ ਮੁਲਜ਼ਮ ਨੇ ਅਦਾਲਤ ਵਿੱਚ ਇੱਕ ਅਰਜ਼ੀ ਤਹਿਤ ਸੈਂਤੀ ਹਜ਼ਾਰ ਦੀ ਪਾਕਿਸਤਾਨੀ ਕਰੰਸੀ ਬਦਲਣ ਦੀ ਮੰਗ ਕੀਤੀ ਹੈ। ਅਦਾਲਤ ਨੇ ਅਰਜ਼ੀ 'ਤੇ ਸੁਣਵਾਈ ਕਰਨ ਲਈ 23 ਦਸੰਬਰ ਦੀ ਤਰੀਕ ਮੁਕੱਰਰ ਕੀਤੀ ਹੈ। ਮੁਲਜ਼ਮ ਵਿਰੁੱਧ ਚੰਡੀਗੜ੍ਹ ਦੀਆਂ ਜ਼ਿਲ੍ਹਾ ਕਚਿਹਰੀਆਂ ਵਿੱਚ ਦੋ ਵੱਖ ਵੱਖ ਕੇਸਾਂ ਦੀ ਸੁਣਵਾਈ ਚਲ ਰਹੀ ਹੈ। ਬੇਅੰਤ ਸਿੰਘ ਕਤਲ ਕੇਸ ਦੀ ਸੁਣਵਾਈ ਜੇਲ੍ਹ ਦੀ ਵਿਸ਼ੇਸ਼ ਅਦਾਲਤ ਵਿੱਚ ਕੀਤੀ ਜਾ ਰਹੀ ਹੈ ਜਦੋਂ ਕਿ ਜੇਲ੍ਹ ਬਰੇਕ ਕੇਸ ਦੀ ਸੁਣਵਾਈ ਵੀਡੀਓ ਕਾਨਫ੍ਰਸਿੰਗ ਜ਼ਰੀਏ ਹੋ ਰਹੀ ਹੈ। ਭਾਈ ਤਾਰਾ ਦੇ ਵਕੀਲ ਨੇ ਦੱਸਿਆ ਕਿ ਉਸ ਨੇ ਮੁਲਜ਼ਮ ਦਾ ਪੀਜੀਆਈ ਤੋਂ ਇਲਾਜ ਅਤੇ ਐਮਆਈਆਰ ਕਰਾਉਣ ਦੀ ਪਟੀਸ਼ਨ ਤਿਆਰ ਕਰ ਲਈ ਹੈ। ਉਧਰ ਮਾਡਲ ਜੇਲ੍ਹ ਬੁੜੈਲ ਦੇ ਡਿਪਟੀ ਸੁਪਰਡੈਂਟ ਅਮਨਦੀਪ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਭਾਈ ਤਾਰਾ ਦੀ ਪਿੱਠ ਵਿਚ ਦਰਦ ਰਹਿਣ ਬਾਰੇ ਜਾਣਕਾਰੀ ਹੈ ਅਤੇ ਉਸ ਦਾ ਹੱਡੀਆਂ ਦੇ ਮਾਹਰ ਡਾਕਟਰ ਤੋਂ ਇਲਾਜ ਸ਼ੁਰੂ ਕਰਵਾਇਆ ਗਿਆ ਹੈ। ਜੇਲ੍ਹ ਅਧਿਕਾਰੀ ਨੇ ਸਪਸ਼ਟ ਕੀਤਾ ਕਿ ਆਈਪੀਸੀ ਦੀ ਧਾਰਾ 468 ਲੱਗੀ ਹੋਣ ਕਰਕੇ ਹਾਲ ਦੀ ਘੜੀ ਉਸ ਨੂੰ ਜੇਲ੍ਹ ਤੋਂ ਬਾਹਰ ਲਿਜਾਣਾ ਸੰਭਵ ਨਹੀਂ ਹੈ।

## ਸ਼੍ਰੋਮਣੀ ਕਮੇਟੀ ਨੇ ਭਾਈ ਰਾਜੋਆਣਾ ਦੀ ਮੁਆਫ਼ੀ ਸਬੰਧੀ ਰਾਸ਼ਟਰਪਤੀ ਕੋਲੋਂ ਮੁਲਾਕਾਤ ਦਾ ਮੰਗਿਆ ਸਮਾਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਪੱਤਰ ਭੇਜ ਕੇ ਸਮਾਂ ਦੇਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਸੰਸਥਾ ਵੱਲੋਂ ਸਿੱਖ ਬੰਦੀ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫ਼ੀ ਸਬੰਧੀ ਗੱਲ ਕੀਤੀ ਜਾ ਸਕੇ।



ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਰਾਸ਼ਟਰਪਤੀ ਦੇ ਸਕੱਤਰ ਨੂੰ ਪੱਤਰ ਭੇਜਿਆ ਹੈ, ਜਿਸ ਵਿੱਚ ਉਨ੍ਹਾਂ ਰਾਸ਼ਟਰਪਤੀ ਨਾਲ ਮੁਲਾਕਾਤ ਵਾਸਤੇ ਸਮਾਂ ਦੇਣ ਦੀ ਅਪੀਲ ਕੀਤੀ ਹੈ। ਇਸ ਪੱਤਰ ਵਿੱਚ ਉਨ੍ਹਾਂ ਲਿਖਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ 15 ਨਵੰਬਰ ਨੂੰ ਰਾਸ਼ਟਰਪਤੀ ਦੇ ਨਾਂ ਇੱਕ ਪੱਤਰ ਭੇਜਿਆ ਸੀ ਪ੍ਰੰਤੂ ਹੁਣ ਤੱਕ ਇਸ ਪੱਤਰ ਦਾ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਇਸ ਲਈ ਮੁੜ ਯਾਦ ਪੱਤਰ ਭੇਜਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦਾ ਵਫ਼ਦ ਰਾਸ਼ਟਰਪਤੀ ਨਾਲ ਮੁਲਾਕਾਤ ਕਰਨਾ ਚਾਹੁੰਦਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਹੈ ਕਿ ਜਲਦੀ ਹੀ ਰਾਸ਼ਟਰਪਤੀ ਨਾਲ ਮੁਲਾਕਾਤ ਦਾ ਸਮਾਂ ਮਿਲ ਜਾਵੇਗਾ। ਦੱਸਣਯੋਗ ਹੈ ਕਿ ਬੀਤੇ ਦਿਨੀਂ ਭਾਈ ਰਾਜੋਆਣਾ ਵੱਲੋਂ ਆਪਣੀ ਫ਼ਾਂਸੀ ਦੀ ਸਜ਼ਾ ਸਬੰਧੀ ਫ਼ੈਸਲੇ ਵਿੱਚ ਹੋ ਰਹੀ ਦੇਰੀ ਕਾਰਨ ਭੁੱਖ ਹੜਤਾਲ ਰੱਖੀ ਗਈ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਉਸ ਨਾਲ ਗੱਲਬਾਤ ਕਰਕੇ ਖ਼ਤਮ ਕਰਵਾਇਆ ਗਿਆ ਸੀ। ਉਨ੍ਹਾਂ ਨੇ ਉਸ ਨੂੰ ਮਾਮਲੇ ਦੇ ਜਲਦੀ ਹੱਲ ਲਈ ਰਾਸ਼ਟਰਪਤੀ ਨਾਲ ਮਿਲਣ ਦਾ ਭਰੋਸਾ ਦਿੱਤਾ ਸੀ। ਇਸ ਮਗਰੋਂ ਸ਼੍ਰੋਮਣੀ ਕਮੇਟੀ ਨੇ ਰਾਸ਼ਟਰਪਤੀ ਨੂੰ ਪੱਤਰ ਭੇਜ ਕੇ ਮੁਲਾਕਾਤ ਲਈ ਸਮਾਂ ਮੰਗਿਆ ਸੀ ਅਤੇ ਮੁਲਾਕਾਤ ਵਾਸਤੇ ਇੱਕ 7 ਮੈਂਬਰੀ ਵਫ਼ਦ ਦਾ ਗਠਨ ਕੀਤਾ ਸੀ। ਇਸ ਪੱਤਰ ਦਾ ਜਵਾਬ ਨਾ ਮਿਲਣ 'ਤੇ ਮੁੱਖ ਸਕੱਤਰ ਨੇ ਮੁੜ ਯਾਦ ਪੱਤਰ ਭੇਜਿਆ ਹੈ।

# ਪਿਸ਼ਾਵਰ : ਗੁਰਦੁਆਰਾ ਬੀਬਾ ਸਿੰਘ ਦੀ ਇਮਾਰਤ ਦੀ ਹਾਲਤ ਖਸਤਾ

**ਪਿਸ਼ਾਵਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਸ਼ਹਿਰ ਪਿਸ਼ਾਵਰ ਦੇ ਇਲਾਕੇ ਹਸਤਨਗਰੀ ਦੇ ਮੁਹੱਲਾ ਝੁਗੀਵਾੜਾ ਦੀ ਚੱਕਾ ਗਲੀ ਵਿੱਚ ਮੌਜੂਦ ਗੁਰਦੁਆਰਾ ਭਾਈ ਬੀਬਾ ਸਿੰਘ ਦੀ ਪੁਰਾਤਨ ਇਤਿਹਾਸਕ ਇਮਾਰਤ ਖ਼ਸਤਾ ਹਾਲਤ ਵਿੱਚ ਹੈ, ਜੋ ਕਦੇ ਵੀ ਢਹਿ ਸਕਦੀ ਹੈ। ਭਾਈ ਬੀਬਾ ਸਿੰਘ ਨੂੰ ਧਰਮ ਪ੍ਰਚਾਰ ਲਈ ਗੁਰੂ ਗੋਬਿੰਦ ਸਿੰਘ ਨੇ ਪਿਸ਼ਾਵਰ ਭੇਜਿਆ ਸੀ। ਪਿਸ਼ਾਵਰੀ ਸਿੱਖਾਂ ਦੀ ਮੰਗ 'ਤੇ ਇਸੇ ਵਰ੍ਹੇ ਉਪਰੋਕਤ ਗੁਰਦੁਆਰੇ ਦੇ ਲੰਗਰ ਹਾਲ ਅਤੇ ਮੁਸਾਫਰਖ਼ਾਨੇ ਦਾ ਨਵਨਿਰਮਾਣ ਕਰਵਾ ਕੇ ਗੁਰਦੁਆਰਾ ਸਿੱਖ ਸੰਗਤਾਂ ਲਈ ਖੋਲ੍ਹਿਆ ਗਿਆ ਹੈ।

ਜਾਣਕਾਰੀ ਅਨੁਸਾਰ ਗੁਰਦੁਆਰੇ ਦੀ ਨਵੀਂ ਉਸਾਰੀ ਇਮਾਰਤ ਦੇ ਵਿਹੜੇ ਵਿੱਚ ਹੀ ਗੁਰਦੁਆਰੇ ਦੀ ਲੱਕੜੀ ਨਾਲ ਬਣੀ ਪੁਰਾਤਨ ਇਤਿਹਾਸਕ ਇਮਾਰਤ ਦੇ ਖੰਡਰ ਅਤੇ ਭਾਈ ਬੀਬਾ ਸਿੰਘ ਦੀ ਸਮਾਧ ਵੀ ਮੌਜੂਦ ਹੈ, ਜਿਸ ਵੱਲ ਕੋਈ ਧਿਆਨ ਨਾ ਦਿੱਤੇ ਜਾਣ ਕਰਕੇ ਇਸ ਦੀ ਹਾਲਤ ਚਿੰਤਾਜਨਕ ਬਣੀ ਹੋਈ ਹੈ। 2005 ਵਿੱਚ ਆਏ ਭੂਚਾਲ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਿਆ ਸੀ ਅਤੇ ਉਸ ਤੋਂ ਬਾਅਦ ਇਸ ਅਸਥਾਨ ਨੂੰ ਅਸੁਰੱਖਿਅਤ ਇਮਾਰਤ ਐਲਾਨ ਦਿੱਤਾ ਗਿਆ ਸੀ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਲਹਿੰਦੇ ਪੰਜਾਬ ਦੀ ਸਰਕਾਰ ਨੇ ਲਾਹੌਰ ਦੀ ਫਿਰੋਜ਼ਪੁਰ ਰੋਡ ਸਥਿਤ ਗੱਦਾਫ਼ੀ ਸਟੇਡੀਅਮ ਵਿੱਚ 20 ਦਸੰਬਰ ਤੋਂ ਗੁਰਮੁਖੀ ਕੋਰਸ ਦੀਆਂ ਕਲਾਸਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਪੰਜਾਬ ਇੰਸਟੀਚਿਊਟ ਆਫ਼ ਲੈਂਗੁਏਜ ਐਂਡ ਕਲਚਰ ਵੱਲੋਂ ਸ਼ੁਰੂ ਕੀਤੇ ਇਸ ਤਿੰਨ ਮਹੀਨੇ ਦੇ ਕੋਰਸ ਵਿੱਚ ਹਰ ਹਫ਼ਤੇ ਮੰਗਲਵਾਰ ਤੇ ਬੁੱਧਵਾਰ ਨੂੰ ਗੁਰਮੁਖੀ ਲਿਖਣ ਤੇ ਪੜ੍ਹਨ ਦੀ ਸਿਖਲਾਈ ਪ੍ਰੋ. ਕਲਿਆਣ ਸਿੰਘ ਕਲਿਆਣ ਵੱਲੋਂ ਦਿੱਤੀ ਜਾਵੇਗੀ।

# ਹਰਮਿੰਦਰ ਸਿੰਘ ਮਿੰਟੂ ਨੂੰ ਦੋ ਰੋਜ਼ਾ ਨਿਆਂਇਕ ਹਿਰਾਸਤ 'ਤੇ ਤਿਹਾੜ ਜੇਲ੍ਹ ਭੇਜਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇੱਥੋਂ ਦੀ ਇਕ ਅਦਾਲਤ ਨੇ ਖਾਲਿਸਤਾਨੀ ਲਿਬਰੇਸ਼ਨ ਫੋਰਸ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਨੂੰ ਦੋ ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਭੇਜ ਦਿੱਤਾ। ਪੰਜਾਬ ਪੁਲੀਸ ਵੱਲੋਂ ਟਰਾਂਜ਼ਿਟ ਰਿਮਾਂਡ ਲਈ ਦਿੱਤੀ ਅਰਜ਼ੀ ਉਪਰ ਹਰਮਿੰਦਰ ਸਿੰਘ ਮਿੰਟੂ ਦੀ ਹਿਰਾਸਤ ਖ਼ਤਮ ਹੋਣ ਮਗਰੋਂ 14 ਦਸੰਬਰ ਨੂੰ ਸੁਣਵਾਈ ਹੋਵੇਗੀ। ਮੈਟਰੋਪਾਲਿਟਨ ਮੈਜਿਸਟਰੇਟ ਸਤਵੀਰ ਸਿੰਘ ਲਾਂਬਾ ਦੀ ਅਦਾਲਤ ਵਿੱਚ ਪੁਲੀਸ ਨੇ ਦੱਸਿਆ ਕਿ ਉਸ ਨੂੰ ਮਿੰਟੂ ਦੀ ਹੋਰ ਹਿਰਾਸਤ ਦੀ ਲੋੜ ਨਹੀਂ। ਇਸ 'ਤੇ ਅਦਾਲਤ ਨੇ ਮਿੰਟੂ ਦੀ ਹਿਰਾਸਤ ਵਧਾ ਦਿੱਤੀ। ਅਦਾਲਤ ਨੇ ਮਿੰਟੂ ਨੂੰ 28 ਨਵੰਬਰ ਨੂੰ ਸੱਤ ਦਿਨਾਂ ਪੁਲੀਸ ਹਿਰਾਸਤ ਵਿੱਚ ਭੇਜਿਆ ਸੀ। ਫਿਰ ਹਿਰਾਸਤ 12 ਦਸੰਬਰ ਤੱਕ ਲਈ ਵਧਾ ਦਿੱਤੀ ਗਈ। ਦਿੱਲੀ ਪੁਲੀਸ ਦਾਅਵਾ ਕਰ ਰਹੀ ਹੈ ਕਿ ਉਸ ਕੋਲੋਂ ਪਿਸਤੌਲ ਤੇ ਛੇ ਕਾਰਤੂਸ ਬਰਾਮਦ ਕੀਤੇ ਗਏ ਹਨ। ਮਿੰਟੂ ਨੂੰ ਨਾਭਾ ਜੇਲ੍ਹ ਤੋੜ ਕਾਂਡ ਤੋਂ ਇਕ ਦਿਨ ਬਾਅਦ ਦਿੱਲੀ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਨਵੰਬਰ 2014 ਵਿੱਚ ਥਾਈਲੈਂਡ ਤੋਂ ਭਾਰਤ ਹਵਾਲੇ ਕੀਤਾ ਗਿਆ ਗਿਆ ਸੀ।



# 'ਪਾਣੀ ਬਚਾਓ-ਪੰਜਾਬ ਬਚਾਓ' ਰੈਲੀ ਦੇ ਬਹਾਨੇ ਬਾਦਲ ਸਰਕਾਰ ਨੇ ਕੀਤਾ ਸ਼ਕਤੀ ਪ੍ਰਦਰਸ਼ਨ

## *ਪਾਣੀ 'ਤੇ ਸਿਰ.ਫ ਪੰਜ ਮਿੰਟ ਬੋਲੇ, ਬਾਕੀ ਸਮਾਂ ਵਿਰੋਧੀਆਂ 'ਤੇ ਵਰ੍ਹਦੇ ਰਹੇ*

**ਕਿੱਲੀ ਚਾਹਲਾਂ (ਮੋਗਾ)/ਬਿਊਰੋ ਨਿਊਜ਼ :** ਅਕਾਲੀ-ਭਾਜਪਾ ਸਰਕਾਰ ਨੇ 2017 ਦੀਆਂ ਚੋਣਾਂ ਦੀ ਨੀਂਹ ਪਾਣੀ 'ਤੇ ਰੱਖੀ। ਪੰਜਾਬ ਸਰਕਾਰ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਕਿੱਲੀ ਚਾਹਲਾਂ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਮੌਕੇ ਕੀਤੀ 'ਪਾਣੀ ਬਚਾਓ-ਪੰਜਾਬ ਬਚਾਓ' ਰੈਲੀ ਦੌਰਾਨ ਅਕਾਲੀ ਆਗੂਆਂ ਨੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੂੰ ਹਰਾਉਣ ਦਾ ਸੱਦਾ ਦਿੱਤਾ ਹੈ। ਪ੍ਰਕਾਸ਼ ਸਿੰਘ ਬਾਦਲ ਦੇ 89ਵੇਂ ਜਨਮ ਦਿਨ 'ਤੇ ਹੋਈ ਇਸ ਵੱਡੀ ਰੈਲੀ ਦੇ ਬਹਾਨੇ ਸਰਕਾਰ ਨੇ ਸ਼ਕਤੀ ਪ੍ਰਦਰਸ਼ਨ ਤਾਂ ਕੀਤਾ ਹੀ, ਆਪਣੀਆਂ ਪ੍ਰਾਪਤੀਆਂ ਵੀ ਗਿਣਾਈਆਂ। ਬਾਦਲ ਨੇ ਅੱਧੇ ਘੰਟੇ ਦੇ ਭਾਸ਼ਣ ਵਿਚ ਪਾਣੀ 'ਤੇ ਸਿਰਫ਼ ਪੰਜ ਮਿੰਟ ਗੱਲ ਕੀਤੀ, ਬਾਕੀ ਸਮਾਂ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਰੱਖਿਆ। ਜ਼ਿਕਰਯੋਗ ਹੈ ਕਿ ਸਤਲੁਜ-ਯਮੁਨਾ ਲਿੰਕ (ਐਸਵਾਈਐਲ) ਨਹਿਰ ਨੂੰ ਮੁੱਖ ਮੁੱਦਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ-ਭਾਜਪਾ ਦੇ ਚਿਹਰੇ ਵਜੋਂ ਉਭਾਰਦਿਆਂ ਆਗੂਆਂ ਨੇ ਰਵਾਇਤੀ ਕਿਸਾਨੀ ਵੋਟ ਬੈਂਕ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਐਸਵਾਈਐਲ ਵਾਲੀ ਜ਼ਮੀਨ ਸਬੰਧਤ ਕਿਸਾਨਾਂ ਨੂੰ ਸੌਂਪ ਕੇ ਨਹਿਰ ਬਣਾਉਣ ਦਾ ਮੁੱਦਾ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਰੈਲੀ ਵਿੱਚ ਸ਼ਾਮਲ ਲੋਕਾਂ ਤੋਂ ਪਾਣੀ ਦੀ ਇੱਕ ਵੀ ਬੂੰਦ ਸੂਬੇ ਤੋਂ ਬਾਹਰ ਨਾ ਜਾਣ ਦੇਣ ਲਈ ਹਰ ਕੁਰਬਾਨੀ ਕਰਨ ਦਾ ਅਹਿਦ ਵੀ ਲਿਆ। ਉਂਜ, ਬੁਲਾਰਿਆਂ ਨੇ ਪਾਣੀ ਦੇ ਮੁੱਦੇ ਨੂੰ ਤੱਥਾਂ ਅਤੇ ਦਲੀਲਾਂ ਸਹਿਤ ਵਿਸਥਾਰਤ ਜਾਣਕਾਰੀ ਦੇਣ ਤੋਂ ਦੂਰੀ ਹੀ ਬਣਾਈ ਰੱਖੀ। ਗਿਣਤੀ ਪੱਖੋਂ ਪ੍ਰਭਾਵਸ਼ਾਲੀ ਪਰ ਆਗੂਆਂ ਦੇ ਭਾਸ਼ਣਾਂ ਪ੍ਰਤੀ ਮੱਠੇ ਹੁੰਗਾਰੇ ਵਾਲੇ ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਕਿਹਾ, "ਪਾਣੀ ਪੰਜਾਬ ਦੀ ਜਿੰਦ ਜਾਨ ਹੈ ਅਤੇ ਕਿਸੇ ਵੀ ਕੀਮਤ ਉੱਤੇ ਪਾਣੀ ਦੀ ਇੱਕ ਬੂੰਦ ਵੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਕਾਂਗਰਸ ਨੇ ਪੰਜਾਬ ਨਾਲ ਹਮੇਸ਼ਾ ਧੋਖਾ ਕੀਤਾ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਅਸਤੀਫ਼ਾ ਦੇ ਕੇ ਚੀਚੀ ਨੂੰ ਖ਼ੂਨ ਲਾ ਕੇ ਸ਼ਹੀਦ ਬਣਨ ਵਰਗਾ ਕੰਮ ਕਰ ਰਹੇ ਹਨ।" ਉਨ੍ਹਾਂ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਪੰਜਾਬ ਵਿੱਚ ਕਾਂਗਰਸ ਜਾਂ 'ਆਪ' ਦੀ ਸਰਕਾਰ ਬਣੀ ਤਾਂ ਉਨ੍ਹਾਂ ਵੱਲੋਂ ਜਾਰੀ ਕੀਤੀਆਂ ਕਿਸਾਨਾਂ ਨੂੰ ਮੁਫ਼ਤ ਬਿਜਲੀ, ਗਰੀਬਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਸਮੇਤ ਤਮਾਮ ਸਕੀਮਾਂ ਬੰਦ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਅਗਲੇ ਸਾਲਾਂ ਦੌਰਾਨ ਸਕੂਲ ਸਿੱਖਿਆ ਅਤੇ ਸਿਹਤ ਉੱਤੇ ਜ਼ੋਰ ਦਿੱਤਾ ਜਾਵੇਗਾ।ਮੋਗੇ ਦੀ ਰੈਲੀ ਨੂੰ ਅਕਾਲੀ ਦਲ ਲਈ ਸ਼ੁਭ ਕਰਾਰ ਦਿੰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਨੇ ਜਦੋਂ ਵੀ ਮੋਗੇ ਦੀ ਧਰਤੀ ਤੋਂ ਰੈਲੀ ਕਰ ਕੇ ਚੋਣ ਜੰਗ ਦੀ ਸ਼ੁਰੂਆਤ ਕੀਤੀ ਹੈ ਤਾਂ ਉਨ੍ਹਾਂ ਨੂੰ ਸਫ਼ਲਤਾ ਮਿਲੀ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਅਤੇ ਅਕਾਲੀ ਦਲ ਦੇ ਕਾਰਕੁਨ ਪਾਣੀ ਦੇ ਮੁੱਦੇ ਉੱਤੇ ਆਪਣੀ ਜਾਨ ਦੇਣ ਦੀ ਵੀ ਪ੍ਰਵਾਹ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ 20 ਲੱਖ ਦਸਤਖ਼ਤ ਅਤੇ ਇਸ ਇਕੱਠ ਦੀ ਵੀਡੀਓ ਰਾਸ਼ਟਰਪਤੀ ਨੂੰ ਭੇਜੀ ਜਾਵੇਗੀ। ਸ੍ਰੀ ਸੁਖਬੀਰ ਬਾਦਲ ਨੇ ਕਿਹਾ, "ਇਕੱਠ ਦੇਖ ਕੇ ਕਾਂਗਰਸ ਨੇ ਤਾਂ ਉਮੀਦਵਾਰ ਹੀ ਖੜ੍ਹੇ ਨਹੀਂ ਕਰਨੇ।" ਕਾਂਗਰਸ ਅਤੇ ਟੋਪੀ ਵਾਲੇ ਭਜਾਓ, ਪੰਜਾਬ ਬਚਾਓ ਦਾ ਨਾਅਰਾ ਦਿੰਦਿਆਂ ਉਪ ਮੁੱਖ ਮੰਤਰੀ ਨੇ ਜ਼ਿਆਦਾ ਜ਼ੋਰ ਵਿਕਾਸ ਕੰਮਾਂ ਨੂੰ ਦੁਹਰਾਉਣ ਉੱਤੇ ਹੀ ਦਿੱਤਾ। ਪਹਿਲਾ ਚੋਣ ਮਨੋਰਥ ਪੱਤਰ ਮੁਕੰਮਲ ਰੂਪ ਵਿੱਚ ਲਾਗੂ ਕਰਨ ਦਾ ਦਾਅਵਾ ਕਰਦਿਆਂ ਉਨ੍ਹਾਂ ਅਗਲੇ ਪੰਜ ਸਾਲਾਂ ਦੌਰਾਨ ਸਰਕਾਰ ਬਣਨ ਉੱਤੇ ਸਾਰੇ ਪਿੰਡਾਂ ਦੇ ਗੰਦੇ ਪਾਣੀ ਦੀ ਸਮੱਸਿਆ ਹੱਲ ਕਰਨ, ਸੂਰਜੀ ਲਾਈਟਾਂ ਲਗਾਉਣ, ਕਿਸਾਨਾਂ ਦੇ ਖਾਲ ਪੱਕੇ ਕਰਨ, ਗਰੀਬਾਂ ਲਈ ਅਲੱਗ ਕਲੋਨੀਆਂ ਬਣਾ ਕੇ ਬੇਘਰਿਆਂ ਵਾਸਤੇ 5 ਲੱਖ ਘਰ ਬਣਾਉਣ, ਡੇਢ ਲੱਖ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣ ਅਤੇ ਕੁਸ਼ਲਤਾ ਵਿਕਾਸ ਵਾਸਤੇ ਪਿੰਡਾਂ ਵਿੱਚ ਇੱਕ ਹਜ਼ਾਰ ਕਾਲਜ ਖੋਲ੍ਹਣ ਦਾ ਵਾਅਦਾ ਕੀਤਾ। ਵੱਖ ਵੱਖ ਧਰਮਾਂ ਦੀਆਂ ਯਾਦਗਾਰਾਂ ਅਤੇ ਯਾਤਰਾਵਾਂ ਰਾਹੀਂ ਔਰਤ ਵੋਟਰਾਂ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਵਜੋਂ ਉਨ੍ਹਾਂ ਕਿਹਾ ਕਿ ਮਾਈਆਂ ਉਨ੍ਹਾਂ ਦੇ ਸਿਰ ਉੱਤੇ ਹੱਥ ਰੱਖ ਕੇ ਕਹਿੰਦੀਆਂ ਹਨ ਕਿ ਹਜ਼ੂਰ ਸਾਹਿਬ ਜਾਣ ਦਾ ਸੁਪਨਾ ਪੂਰਾ ਹੋਇਆ ਹੈ।

ਇਹ ਅਲੱਗ ਗੱਲ ਹੈ ਕਿ ਪੰਜਾਬ ਦੀਆਂ ਹੋਰਾਂ ਸਾਰੀਆਂ ਰੈਲੀਆਂ ਦੀ ਤਰ੍ਹਾਂ ਅਕਾਲੀ ਦਲ ਦੀ ਰੈਲੀ ਵਿੱਚ ਵੀ ਔਰਤਾਂ ਦੀ ਕੋਈ ਸ਼ਮੂਲੀਅਤ ਨਹੀਂ ਸੀ। ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਬੋਧਨ ਕਰ ਕੇ ਔਰਤਾਂ ਦੀ ਹਾਜ਼ਰੀ ਲਗਵਾਈ।

ਰੈਲੀ ਨੂੰ ਸੰਬੋਧਨ ਕਰਦਿਆਂ ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਵਿਜੈ ਸਾਂਪਲਾ ਨੇ ਕਿਹਾ ਕਿ ਸੂਬਾ ਦੇਸ਼ ਦੇ ਹਿੱਤ ਲਈ ਪਾਣੀ ਮੰਗਦਾ ਹੈ। ਪੰਜਾਬ ਨੇ ਇਨ੍ਹਾਂ ਪਾਣੀਆਂ ਦੀ ਵਰਤੋਂ ਦੇਸ਼ ਦੇ ਅਨਾਜ ਭੰਡਾਰ ਭਰਨ ਲਈ ਕੀਤੀ ਹੈ। ਹੁਣ ਜੇਕਰ ਪੰਜਾਬ ਦਾ ਨੁਕਸਾਨ ਹੁੰਦਾ ਹੈ ਤਾਂ ਦੇਸ਼ ਦਾ ਨੁਕਸਾਨ ਹੋਵੇਗਾ। ਸ੍ਰੀ ਜਿਆਣੀ ਨੇ ਕਿਹਾ ਕਿ ਰਾਜਸਥਾਨ ਵਿੱਚ ਪੰਜਾਬੀਆਂ ਦੇ ਜ਼ਮੀਨ ਖ਼ਰੀਦਣ ਉੱਤੇ ਪਾਬੰਦੀ ਵੱਡਾ ਧੋਖਾ ਹੈ।

ਸਟੇਜ ਸਕੱਤਰ ਦਾ ਫਰਜ਼ ਨਿਭਾਉਂਦਿਆਂ ਡਾ. ਦਲਜੀਤ ਸਿੰਘ ਚੀਮਾ ਨੇ ਮੁੜ ਮੁੜ ਝੰਡੇ ਉਪਰ ਚੁਕਵਾ ਕੇ ਜੈਕਾਰੇ ਲਗਵਾਏ। ਰੈਲੀ ਨੂੰ ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਜਥੇਦਾਰ ਤੋਤਾ ਸਿੰਘ ਨੇ ਵੀ ਸੰਬੋਧਤ ਕੀਤਾ। ਪੰਡਾਲ ਵਿੱਚ ਵੱਡੇ ਵੱਡੇ ਕੇਸਰੀ ਝੰਡਿਆਂ, ਬਾਦਲ ਦੇ ਕੱਟਆਊਟਾਂ ਤੇ ਤਖ਼ਤੀਆਂ ਉੱਤੇ ਐਸਵਾਈਐਲ ਅਤੇ ਮੁੱਖ ਮੰਤਰੀ ਦੀਆਂ ਤਸਵੀਰਾਂ ਰੈਲੀ ਨੂੰ ਅਕਾਲੀ ਰੰਗ ਵਿੱਚ ਰੰਗਣ ਦੀ ਰਣਨੀਤੀ ਦਾ ਹਿੱਸਾ ਸਨ। ਸਟੇਜ ਤੋਂ ਪੰਥਕ ਮੁਹਾਵਰੇ ਵਿੱਚ ਗੱਲ ਕਰਨ ਵਾਲੇ ਢਾਡੀ ਅਤੇ ਕਵੀਸ਼ਰੀਆਂ ਦੀ ਜਗ੍ਹਾ ਕੇ ਐਸ ਮੱਖਣ ਅਤੇ ਲਖਵਿੰਦਰ ਵਡਾਲੀ ਵਰਗੇ ਗਾਇਕਾਂ ਨੇ ਲੋਕਾਂ ਦਾ ਮਨੋਰੰਜਨ ਕਰਨ ਦੀ ਜ਼ਿੰਮੇਵਾਰੀ ਨਿਭਾਈ। ਭਾਜਪਾ ਦਾ ਕੋਈ ਝੰਡਾ ਜਾਂ ਬੈਨਰ ਦੇਖਣ ਨੂੰ ਨਹੀਂ ਮਿਲਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਫੋਟੋ ਲਗਾਉਣ ਤੋਂ ਵੀ ਗੁਰੇਜ਼ ਕੀਤਾ ਗਿਆ। ਪੰਡਾਲ ਦੇ ਨਾਲ ਯੋਜਨਾਬੱਧ ਤਰੀਕੇ ਨਾਲ ਬੱਸਾਂ ਲਗਾ ਕੇ ਉਨ੍ਹਾਂ ਉੱਤੇ ਕਾਰਕੁਨਾਂ ਨੂੰ ਸਮੇਂ ਸਮੇਂ ਨਾਅਰੇਬਾਜ਼ੀ ਕਰ ਕੇ ਮਾਹੌਲ ਗਰਮਾਉਣ ਦੀ ਜ਼ਿੰਮੇਵਾਰੀ ਦਿੱਤੀ ਹੋਈ ਸੀ।



ਮੋਗਾ ਦੇ ਪਿੰਡ ਕਿੱਲੀ ਚਾਹਲਾਂ ਵਿੱਚ ਕੀਤੀ ਰੈਲੀ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਆਪਣੇ ਪਿਤਾ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੈਰੀਂ ਹੱਥ ਲਾਉਂਦੇ ਹੋਏ।

### ਕਰੀਬ ਤਿੰਨ ਕਰੋੜ ਦਾ ਖ਼ਰਚ..

- 50 ਲੱਖ ਰੁਪਏ ਦੋ ਸੌ ਏਕੜ ਜ਼ਮੀਨ ਦੇ ਚੁਕਾਏ ਜਾਣੇ ਹਨ, ਜਿੱਥੇ ਰੈਲੀ ਹੋਈ।
- 50 ਲੱਖ ਰੁਪਏ ਟੈਂਟ ਲਗਾਉਣ ਤੇ ਸਟੇਜ ਬਣਾਉਣ 'ਤੇ, ਘੱਟੋ-ਘੱਟ ਕਿਰਾਇਆ ਲਿਆ ਤਾਂ ਵੀ। 150 ਕਰੋੜ ਰੁਪਏ 5000 ਗੱਡੀਆਂ ਦੇ ਕਿਰਾਏ-ਪੈਟਰੋਲ-ਡੀਜ਼ਲ 'ਤੇ।
- ਇਕ ਲੱਖ ਰੁਪਏ ਤਿੰਨ ਦਿਨ ਤਕ ਪ੍ਰਬੰਧਕਾਂ ਦੇ ਠਹਿਰਣ ਤੇ ਖਾਣ-ਪੀਣ ਦਾ ਖ਼ਰਚ।

*ਇਸ ਵਿਚ ਪ੍ਰਚਾਰ ਤੇ ਇਸ਼ਤਿਹਾਰ ਦਾ ਖ਼ਰਚਾ ਸ਼ਾਮਲ ਨਹੀਂ ਹੈ।*

### ਇਮਤਿਹਾਨਾਂ ਦੇ ਦਿਨ, ਬੱਸਾਂ ਰੈਲੀ 'ਚ-21 ਸਕੂਲਾਂ 'ਚ ਛੁੱਟੀ

**ਬਰਨਾਲਾ/ਲੁਧਿਆਣਾ-** ਰੈਲੀ ਕਾਰਨ 21 ਸਕੂਲਾਂ ਦੇ ਬੱਚੇ ਸਕੂਲ ਨਹੀਂ ਜਾ ਸਕੇ। ਸਕੂਲ ਬੱਸਾਂ ਰੈਲੀ ਲਈ ਲੈ ਗਈਆਂ ਸਨ। ਛੁੱਟੀ ਸਰਕਾਰੀ ਨਹੀਂ ਸੀ, ਪਰ ਹੁਕਮ ਸਰਕਾਰੀ ਸੀ। ਬਰਨਾਲਾ ਦੇ 12 ਅਤੇ ਲੁਧਿਆਣਾ ਦੇ 9 ਸਕੂਲਾਂ ਦੇ ਬੱਚੇ ਘਰ ਰਹੇ। ਡੀ.ਸੀ. ਨਾਲ ਮੀਟਿੰਗ ਦਾ ਹਵਾਲਾ ਦਿੰਦਿਆਂ 9 ਸਕੂਲਾਂ ਨੂੰ ਛੁੱਟੀ ਦਾ ਬਾਕਾਇਦਾ ਹੁਕਮ ਕੀਤਾ ਗਿਆਸੀ। ਬਾਵਜੂਦ ਇਸ ਦੇ ਲੁਧਿਆਣਾ ਤੋਂ ਕਈ ਬੱਸਾਂ ਖਾਲੀ ਹੀ ਗਈਆਂ।

200 ਬੱਸਾਂ ਪੀ.ਆਰ.ਟੀ.ਸੀ. ਤੇ ਰੋਡਵੇਜ਼ ਦੀਆਂ, 1200 ਬੱਸਾਂ ਨਿੱਜੀ ਸਨ। 3600 ਛੋਟੀਆਂ-ਵੱਡੀਆਂ ਸਕੂਲ ਬੱਸਾਂ ਲਈਆਂ ਗਈਆਂ ਸਨ।

### ਕੈਪਟਨ ਅਮਰਿੰਦਰ ਸਿੰਘ ਬੋਲੇ-'ਪਾਣੀ ਬਚਾਓ ਨਹੀਂ, ਬਾਦਲ ਬਚਾਓ' ਰੈਲੀ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੀ ਮੋਗਾ ਰੈਲੀ ਨੂੰ 'ਪਾਣੀ ਬਚਾਓ, ਪੰਜਾਬ ਬਚਾਓ' ਰੈਲੀ ਵਜੋਂ ਖਾਰਜ ਕਰਦਿਆਂ ਇਸ ਨੂੰ ਬਾਦਲ ਬਚਾਓ ਰੈਲੀ ਕਰਾਰ ਦਿੱਤਾ ਹੈ। ਜਿਸ ਰਾਹੀਂ ਪਾਰਟੀ ਬੀਤੇ ਦਸ ਸਾਲ ਦੇ ਕੁਸ਼ਾਸਨ ਕਾਰਨ ਸੂਬੇ ਵਿਚ ਖੋ ਚੁੱਕੀ ਭਰੋਸੇਯੋਗਤਾ ਨੂੰ ਲੈ ਕੇ ਰੋ ਰਹੀ ਸੀ। ਉਨ੍ਹਾਂ ਕਿਹਾ, ਰੈਲੀ ਸਥਾਨ 'ਤੇ ਲਲਚਾ ਦੇ ਕੇ ਤੇ ਧਮਕਾ ਕੇ ਕਿਰਾਏ 'ਤੇ ਵਰਕਰਾਂ ਤੇ ਭੀੜ ਨੂੰ ਲਿਆਉਣਾ ਸਿੱਧ ਕਰਦਾ ਹੈ ਕਿ ਪਾਰਟੀ ਪੂਰੀ ਤਰ੍ਹਾਂ ਮੁੱਦਾ ਤੋਂ ਕੋਰੀ ਹੈ ਤੇ ਸਾਫ਼ ਤੌਰ 'ਤੇ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਭਾਰੀ ਹਾਰ ਸਾਹਮਣੇ ਦੇਖ ਕੇ ਖੁਦ ਨੂੰ ਬਚਾਉਣ ਦੀ ਮੁਦਰਾ ਵਿਚ ਪਹੁੰਚ ਚੁੱਕੀ ਹੈ। ਕੈਪਟਨ ਨੇ ਕਿਹਾ, 'ਬਾਦਲ ਖੁੱਲ੍ਹੇਆਮ ਪ੍ਰਸ਼ਾਸਨਿਕ ਮਸ਼ੀਨਰੀ ਤੇ ਸਰਕਾਰੀ ਫੰਡਾਂ ਦੀ ਵਰਤੋਂ ਕਰਦੇ ਹੋਏ ਇਸਰੈਲੀ ਰਾਹੀਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰਨਾ ਚਾਹੁੰਦੇ ਸਨ।

# ਇੰਡਸਵੈਲੀ ਚੈਂਬਰ ਆਫ਼ ਕਾਮਰਸ ਦੇ 15ਵੇਂ ਸਾਲਾਨਾ ਪ੍ਰੋਗਰਾਮ 'ਚ ਲੱਗੀਆਂ ਰੌਣਕਾਂ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਇੰਡਸਵੈਲੀ ਚੈਂਬਰ ਆਫ਼ ਕਾਮਰਸ ਵੱਲੋਂ ਸਾਲਾਨਾ ਡਿਨਰ ਪਾਰਟੀ ਐਲਕ ਗਰੋਵ ਦੇ ਲਗੂਨਾ ਟਾਊਨ ਹਾਲ ਵਿਚ ਕੀਤੀ ਗਈ, ਜਿਸ ਵਿਚ ਸਾਰੇ ਭਾਈਚਾਰਿਆਂ ਦੇ ਪਰਿਵਾਰਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਸਥਾਨਕ ਆਗੂ ਵੀ ਪਹੁੰਚੇ। ਇਹ ਮੇਲਾ ਐਲਕ ਗਰੋਵ ਦੇ ਨਵੇਂ ਚੁਣੇ ਗਏ ਮੇਅਰ ਸਟੀਵ ਲੀ ਡੌਰਨ ਸੂਇਨ ਕਾਊਂਸਲਰ ਅਤੇ ਤੇਜਮਾਨ ਨੂੰ ਸਮਰਪਿਤ ਸੀ। ਇਸ ਦਾ ਮੁੱਖ ਮਹਿਮਾਨ ਵੀ ਸਟੀਵ ਸੀ। ਚੈਂਬਰ ਦੇ ਜਨਰਲ ਸੈਕਟਰੀ ਸੁਖਚੈਨ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਕਹਿ ਕੇ ਸਟੇਜ ਲਖਵਿੰਦਰ ਕੌਰ ਤੇ ਅਮਨ ਢਿੱਲੋਂ ਨੂੰ ਸੌਂਪੀ। ਪ੍ਰੋਗਰਾਮ ਸ਼ੁਰੂ ਕਰਦਿਆਂ ਪ੍ਰਧਾਨ ਪਵਿੱਤਰ ਨਾਹਲ ਨੇ ਸਾਰੇ ਬੋਰਡ ਮੈਂਬਰਾਂ, ਲਾਈਫ ਟਾਈਮ ਮੈਂਬਰਾਂ ਨੂੰ ਸਟੇਜ 'ਤੇ ਬੁਲਾ ਕੇ ਸਭ ਦੇ ਸਨਮੁੱਖ ਕੀਤਾ। ਫਿਰ ਨਾਲ ਹੀ ਚਾਈਜ਼ ਲੇਡੀਜ਼ ਡਾਂਸ ਦੀ ਆਈਟਮ ਪੇਸ਼ ਕੀਤੀ। ਸਾਰੀ ਟੀਮ ਨੇ ਹੱਥਾਂ ਵਿਚ ਲਾਲ ਛੱਤਰੀਆਂ ਘੁੰਮਾ ਘੁੰਮਾ ਕੇ ਆਪਣੀ ਕਲਾ ਦਾ ਜੌਹਰ ਦਿਖਾਇਆ। ਢੋਲਕ ਮਾਸਟਰ ਨੇ ਵੀ ਢੋਲ 'ਤੇ ਡਗਾ ਖੂਬ ਲਗਾਇਆ। ਸੋਲੋ ਡਾਂਸ ਕਾਜ਼ੋਲ ਜੈਂਗ ਨੇ ਕਰਕੇ ਰੰਗ ਬੰਨ੍ਹਿਆ। ਪੂਨਮ ਨੇ ਮੁੱਖ ਮਹਿਮਾਨ ਸਟੀਵ ਲੀ, ਤੇਜਮਾਨ ਅਤੇ ਡੋਰਨ ਸੂਇਨ ਨੂੰ ਸਟੇਜ 'ਤੇ ਸੱਦਾ ਦਿੱਤਾ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਮੁੱਖ ਸਪਾਂਸਰਾਂ ਮਨਜੀਤ ਤੂਰ, ਪਾਲ ਕਾਜ਼ੋਲ, ਕੇਵਲ ਬੋਲੀਨਾ, ਅਵਤਾਰ ਢਿੱਲੋਂ ਅਤੇ ਗਰੈਗ ਜੁੰਗ ਨੂੰ ਮਾਣ ਚਿੰਨ ਭੇਟ ਕੀਤੇ। ਫਿਰ ਦੇਸੀ ਰਿਦਮ ਟੀਮ ਅਤੇ ਪੂਨਮ ਮਲਹੋਤਰਾ ਦੀ ਟੀਮ ਨੇ ਆਪਣੀ ਆਵਾਜ਼ ਤੇ ਡਾਂਸ ਹੁਨਰ ਪੇਸ਼ ਕਰਕੇ ਵਾਹਵਾਹ ਖੱਟੀ। ਨਾਲ ਨਾਲ ਕਾਕਟੇਲ ਦੀ ਤਾਕੀ 'ਤੇ ਵੀ ਭੀੜ ਲੱਗੀ ਰਹੀ। ਇਸ ਦੇ ਨਾਲ ਹੀ ਰੌਇਲਟੀ ਭੰਗੜਾ ਟੀਮ ਨੇ ਰੰਗ ਬਰੰਗੇ ਪਹਿਰਾਵੇ ਵਿਚ ਰੰਗ ਬੰਨ੍ਹਿਆ। ਇਸ ਉਪਰੰਤ ਦਲਜੀਤ ਸੰਧੂ ਨੇ ਸਾਰਿਆਂ ਬਾਰੇ ਜਾਣਕਾਰੀ ਦਿੱਤੀ। ਮੁਹਿੰਦਰ ਸਿੰਘ ਘੱਗ, ਹਰੀ ਸਿੰਘ ਨਰਵਾਲ, ਸਤਿੰਦਰ ਹੇਅਰ, ਕੇਵਲ ਬੋਲੀਨਾ ਅਤੇ ਅਰਨਿੰਦਰ ਮਾਨ ਨੂੰ ਸਟੇਜ 'ਤੇ ਸੱਦ ਕੇ ਸਾਰਿਆਂ ਦੇ ਰੂਬਰੂ ਕਰਵਾਇਆ ਅਤੇ ਜੇ ਬੀ ਸਿੰਘ, ਅਵਤਾਰ ਨਾਹਲ ਅਤੇ ਅਮਰਜੀਤ ਬੇਦੀ ਨੇ ਸਤਿਕਾਰ ਚਿੰਨ ਪ੍ਰਦਾਨ ਕੀਤੇ। ਰੈਫਲ ਕੱਢਣ ਵਾਲੀ ਟੀਮ ਦੇ ਮੈਂਬਰਾਂ ਪਰਮਿੰਦਰ ਸੁੱਖ, ਮਨਜੀਤ ਸੀਬੀਆ ਅਤੇ ਮੌਨੀਕਾ ਬੇਦੀ ਨੇ ਦਿਲ ਨਿੱਜਰ, ਹਰਬੰਸ ਸਿੰਘ ਜਗਿਆਸੂ, ਇੰਦਰਜੀਤ ਗਰੇਵਾਲ, ਰਾਠੀ ਸੁਰਾਪੁਰੀ, ਮੁਹਿੰਦਰ ਸਿੰਘ ਘੱਗ ਅਤੇ ਕਮਲ ਬੰਗਾ ਨੂੰ ਸਟੇਜ 'ਤੇ ਸੱਦ ਕੇ ਸਭ ਦੇ ਰੂਬਰੂ ਕਰਵਾਇਆ। ਸਾਰਿਆਂ ਨੇ 'ਸਾਂਝੀ ਰਸੋਈ' ਯੂਬਾਸਿਟੀ ਦੇ ਭੋਜਨ ਅਤੇ ਚਾਹ-ਪਾਣੀ ਦਾ ਆਨੰਦ ਮਾਣਿਆ। ਰੈਫਲ ਚੀਨਾ ਜਿਊਲਰ ਵੱਲੋਂ 1500 ਡਾਲਰ ਦੀ ਮੁੰਦਰੀ ਵੀ ਖਿੱਚ ਦਾ ਕੇਂਦਰ ਬਣੀ। ਚੈਂਬਰ ਵੱਲੋਂ ਨਵੇਂ ਬਣੇ ਮੈਂਬਰਾਂ ਰਵਿੰਦਰ ਸਿੰਘ, ਮੇਹਰ ਸਿੰਘ, ਹੰਸ ਰਾਜ ਕਾਂਜਲਾ, ਮਨੀਸ਼ਾ ਸ਼ਰਮਾ, ਦਿਲ ਨਿੱਜਰ ਅਤੇ ਜਸਪਾਲ ਸਿੰਘ ਨੂੰ ਸਭ ਦੇ ਸਨਮੁੱਖ ਕੀਤਾ। ਇਸ ਮੌਕੇ ਨਰਿੰਦਰਪਾਲ ਸਿੰਘ ਹੁੰਦਲ, ਡਾ. ਲਖਵੀਰ ਸਿੰਘ ਰੰਧਾਵਾ, ਡਾ. ਟਾਮ, ਪਾਲ ਬਿੰਦਰਾ ਅਟਾਰਨੀ, ਅਵਤਾਰ ਦੋਸਾਂਝ ਤਰਲੋਚਨ ਸਿੰਘ ਨੇ ਵੀ ਸ਼ਿਰਕਤ ਕੀਤੀ। ਅੰਤ ਵਿਚ ਪ੍ਰਧਾਨ ਪਵਿੱਤਰ ਨਾਹਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

### ਜਗਤਾਰ ਸਿੰਘ ਸੰਘੇੜਾ 'ਆਪ' ਦਾ ਉਪ-ਪ੍ਰਧਾਨ ਤੇ ਬੁਲਾਰਾ ਨਿਯੁਕਤ

**ਚੰਡੀਗੜ੍ਹ/ਬਿਊਰੋ ਨਿਊਜ਼,** ਆਮ ਆਦਮੀ ਪਾਰਟੀ ਨੇ ਅੱਜ ਐਨ.ਆਰ.ਆਈ. ਸੈੱਲ ਦੇ ਕਨਵੀਨਰ ਜਗਤਾਰ ਸਿੰਘ ਸੰਘੇੜਾ ਨੂੰ ਪੰਜਾਬ ਯੂਨਿਟ ਦਾ ਉਪ-ਪ੍ਰਧਾਨ ਤੇ ਬੁਲਾਰਾ ਨਿਯੁਕਤ ਕੀਤਾ ਹੈ। ਇਸ ਸਬੰਧੀ ਸੂਬਾ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਨੇ ਕਿਹਾ ਕਿ ਸੰਘੇੜਾ ਵੱਲੋਂ ਪੰਜਾਬ ਯੂਨਿਟ ਲਈ ਕੰਮ ਕਰਨ ਦੀ ਇੱਛਾ ਜਤਾਈ ਗਈ ਸੀ ਤੇ ਉਹ ਨਕੋਦਰ ਤੋਂ ਅਸੈਂਬਲੀ ਟਿਕਟ ਵਾਪਸ ਕਰਨ ਲਈ ਸਹਿਮਤ ਹੋ ਗਏ ਸਨ। ਵੜੈਚ ਨੇ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਦੀ ਸਿਆਸੀ ਦੂਰ-ਦਰਸ਼ਤਾ ਤੇ ਪੰਜਾਬ ਦੇ ਮੂਲ ਮੁੱਦਿਆਂ ਬਾਰੇ ਜਾਗਰੂਕਤਾ ਦਾ ਭਰਪੂਰ ਫ਼ਾਇਦਾ ਉਠਾਇਆ ਜਾਵੇਗਾ।

### ਸੁਖਬੀਰ ਲਈ ਅਮੀਰ ਖਾਸ ਥਾਣੇ ਦੀ ਡਿਵੀਜ਼ਨ ਹੀ ਬਦਲੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੁਲੀਸ ਸਟੇਸ਼ਨ ਅਮੀਰ ਖਾਸ ਨੂੰ ਸਬ-ਡਿਵੀਜ਼ਨ ਗੁਰੂ ਹਰਸਹਾਏ ਦੇ ਅਧਿਕਾਰ ਖੇਤਰ ਤੋਂ ਕੱਢ ਕੇ ਜਲਾਲਾਬਾਦ ਸਬ-ਡਿਵੀਜ਼ਨ ਵਿਚ ਸ਼ਾਮਲ ਕਰਨ ਦਾ ਵਿਵਾਦਤ ਮਾਮਲਾ ਜਲਦ ਹੀ ਵੱਡਾ ਸਿਆਸੀ ਮਸਲਾ ਬਣ ਸਕਦਾ ਹੈ। ਇੱਥੋਂ ਦੇ ਵਕੀਲਾਂ ਦੀ ਸੰਸਥਾ ਨੇ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਨੂੰ ਦੇ ਨਾਲ ਨਾਲ ਭਾਰਤੀ ਚੋਣ ਕਮਿਸ਼ਨਰ ਨੂੰ ਵੀ ਇਸ ਸਬੰਧੀ ਸ਼ਿਕਾਇਤ ਭੇਜੀ ਹੈ। ਗੁਰੂ ਹਰਸਹਾਏ ਬਾਰ ਐਸੋਸੀਏਸ਼ਨ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਹੈ ਕਿ ਪੰਜਾਬ ਸਰਕਾਰ ਆਪਣੀ ਸ਼ਕਤੀ ਦੀ ਵਰਤੋਂ ਮਨਮਰਜ਼ੀ ਨਾਲ ਜਨਤਕ ਹਿੱਤਾਂ ਵਿਰੁੱਧ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਸੰਭਾਵੀ ਚੋਣ ਹਲਕੇ ਜਲਾਲਾਬਾਦ ਵਿਚ ਵੋਟਰਾਂ ਦੀ ਗਿਣਤੀ ਵਧਾਉਣ ਲਈ ਅਜਿਹਾ ਕਰ ਰਹੇ ਹਨ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਚੈਨ ਸਿੰਘ ਸੋਢੀ ਨੇ ਕਿਹਾ ਕਿ ਫਿਰੋਜ਼ਪੁਰ ਦੀ ਸਬ-ਡਿਵੀਜ਼ਨ ਗੁਰੂ ਹਰਸਹਾਏ ਦੇ ਅਧਿਕਾਰ ਖੇਤਰ ਵਿਚ ਆਉਂਦੇ ਅਮੀਰ ਖ਼ਾਸ ਪੁਲੀਸ ਸਟੇਸ਼ਨ ਅਤੇ ਮਾਲੀਆ ਤੇ ਸਿਵਲ ਅਦਾਲਤਾਂ ਨੂੰ ਫਾਜ਼ਿਲਕਾ ਦੀ ਸਬ-ਡਿਵੀਜ਼ਨ ਜਲਾਲਾਬਾਦ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਕਰਨ ਨਾਲ ਸਾਰਾ ਸਿਆਸੀ ਦ੍ਰਿਸ਼ ਬਦਲ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਜਲਾਲਾਬਾਦ ਬਾਰ ਐਸੋਸੀਏਸ਼ਨ ਦੇ ਸੌ ਤੋਂ ਵਧ ਵਕੀਲਾਂ, ਉਨ੍ਹਾਂ ਦੇ ਪਰਿਵਾਰਾਂ, ਸਬੰਧਤ ਅਮਲੇ ਤੇ ਹੋਰਨਾਂ ਨੂੰ ਸਿੱਧਾ ਫਾਇਦਾ ਹੋਵੇਗਾ। ਦੂਜੇ ਪਾਸੇ ਗੁਰੂ ਹਰਸਹਾਏ ਦੇ ਵਸਨੀਕਾਂ ਨੂੰ ਨੁਕਸਾਨ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ।

# ਫ਼ਾਜ਼ਿਲਕਾ ਨੇੜੇ ਧੁੰਦ ਕਾਰਨ ਵਾਪਰੇ ਹਾਦਸੇ ਨੇ ਲਈ 13 ਅਧਿਆਪਕਾਂ ਦੀ ਜਾਨ

## *ਵੈਨ ਨੇ 90 ਦੀ ਸਪੀਡ ਵਿਚ ਕੀਤਾ ਓਵਰਟੇਕ, ਟਰੱਕ ਨਾਲ ਟੱਕਰ*

**ਫਾਜ਼ਿਲਕਾ/ਬਿਊਰੋ ਨਿਊਜ਼ :**
ਸੰਘਣੀ ਧੁੰਦ ਕਾਰਨ ਵਾਪਰੇ ਸੜਕ ਹਾਦਸੇ ਵਿਚ 13 ਅਧਿਆਪਕਾਂ ਦੀ ਮੌਤ ਹੋ ਗਈ। ਇਕ ਅਧਿਆਪਕ ਗੋਪੀ ਰਾਮ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਫਰੀਦਕੋਟ ਦੇ ਮੈਡੀਕਲ ਕਾਲਜ ਲਈ ਰੈਫ਼ਰ ਕੀਤਾ ਗਿਆ ਹੈ। ਹਾਦਸੇ ਵਿਚ ਟਰੈਕਸ ਕਰੂਜ਼ਰ ਚਾਲਕ ਸੋਨੂੰ ਪੁੱਤਰ ਮੋਹਨ ਲਾਲ ਵਾਸੀ ਪੰਜ ਪੀਰ ਟਿੱਬਾ, ਅਬੋਹਰ ਦੀ ਵੀ ਮੌਤ ਹੋ ਗਈ। ਅਧਿਆਪਕਾਂ ਨੂੰ ਲੈ ਕੇ ਜਾ ਰਹੀ ਟਰੈਕਸ ਕਰੂਜ਼ਰ ਅਤੇ ਬਜਰੀ ਨਾਲ ਭਰੇ ਟਰੱਕ ਦੀ ਆਹਮੋ-ਸਾਹਮਣੇ ਟੱਕਰ ਕਾਰਨ ਇਹ ਭਿਆਨਕ ਭਾਣਾ ਵਰਤਿਆ।

ਜਾਣਕਾਰੀ ਅਨੁਸਾਰ ਫਿਰੋਜ਼ਪੁਰ-ਫਾਜ਼ਿਲਕਾ ਮੁੱਖ ਮਾਰਗ 'ਤੇ ਪੈਂਦੇ ਪਿੰਡ ਚਾਂਦਮਾਰੀ ਦੇ ਬੱਸ ਸਟੈਂਡ ਨੇੜੇ ਵਾਪਰੇ ਹਾਦਸੇ ਸਮੇਂ ਅਬੋਹਰ-ਫਾਜ਼ਿਲਕਾ ਇਲਾਕੇ ਦੇ 14 ਦੇ ਕਰੀਬ ਅਧਿਆਪਕ ਅਤੇ ਅਧਿਆਪਕਾਵਾਂ ਟਰੈਕਸ ਵਿੱਚ ਸਵਾਰ ਹੋ ਕੇ ਜ਼ੀਰਾ ਇਲਾਕੇ ਦੇ ਵੱਖ-ਵੱਖ ਸਕੂਲਾਂ ਵਿੱਚ ਡਿਊਟੀ 'ਤੇ ਜਾ ਰਹੇ ਸਨ। ਚਾਰ ਅਧਿਆਪਕਾਂ ਨੇ ਪਹਿਲੇ ਦਿਨ ਹੀ ਡਿਊਟੀ ਜੁਆਇਨ ਕਰਨੀ ਸੀ। ਮ੍ਰਿਤਕਾਂ ਵਿੱਚ ਤੇਜਿੰਦਰ ਕੌਰ (25) ਪੁੱਤਰੀ ਅਵਤਾਰ ਸਿੰਘ ਵਾਸੀ ਅਬੋਹਰ ਦਾ 27 ਨਵੰਬਰ ਨੂੰ ਵਿਆਹ ਹੋਇਆ ਸੀ ਅਤੇ ਉਸ ਦੇ ਹੱਥਾਂ ਤੋਂ ਅਜੇ ਮਹਿੰਦੀ ਵੀ ਨਹੀਂ ਉਤਰੀ ਸੀ। ਤੇਜਿੰਦਰ ਕੌਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਲਾਲਾਬਾਦ ਦੇ ਭਾਈ ਮਹਾ ਸਿੰਘ ਖ਼ਾਲਸਾ ਪਬਲਿਕ ਸਕੂਲ ਵਿੱਚ ਅਧਿਆਪਕਾ ਸੀ।

ਮ੍ਰਿਤਕਾਂ ਵਿੱਚ ਸੁਖਜੀਤ ਘਈ ਵਾਸੀ ਫਾਜ਼ਿਲਕਾ, ਤੇਜਿੰਦਰ ਕੌਰ ਵਾਸੀ ਰਾਧਾ ਸਵਾਮੀ ਕਾਲੋਨੀ ਫਾਜ਼ਿਲਕਾ, ਸ਼ੰਕਰ ਲਾਲ ਵਾਸੀ ਫਾਜ਼ਿਲਕਾ, ਸੁਖਜੀਤ ਸਿੰਘ ਵਾਸੀ ਮਹਾਵੀਰ ਕਾਲੋਨੀ ਫਾਜ਼ਿਲਕਾ, ਅਸ਼ੀਸ਼ ਕਟਾਰੀਆ ਵਾਸੀ ਕੈਲਾਸ਼ ਨਗਰ ਫਾਜ਼ਿਲਕਾ, ਸੰਦੀਪ ਵਾਸੀ ਸ਼ਤੀਰਵਾਲਾ ਫਾਜ਼ਿਲਕਾ, ਨਤਾਸ਼ਾ ਪਤਨੀ ਜੈ ਚੰਦ ਵਾਸੀ ਬੱਲੂਆਣਾ, ਸ਼ੀਤਲ ਕੈਲਾਸ਼ ਵਾਸੀ ਫਾਜ਼ਿਲਕਾ, ਮਨੋਹਰ ਲਾਲ ਵਾਸੀ ਅਬੋਹਰ, ਬਿੰਦੀਆ ਅਬੋਹਰ, ਰਾਮ ਪਾਲ ਵਾਸੀ ਪਿੰਡ ਕੁਲਾਰ (ਅਬੋਹਰ), ਨਜਮ ਵਾਸੀ ਕਿੱਲਿਆ ਵਾਲੀ ਅਬੋਹਰ, ਸੰਜੀਵ ਕੁਮਾਰ ਵਾਸੀ ਸੰਤ ਨਗਰ ਅਬੋਹਰ ਸ਼ਾਮਲ ਹਨ।

ਇਕ ਅਧਿਆਪਕਾ ਜਯੋਤੀ ਕੁਦਰਤੀ ਬਚ ਗਈ ਕਿਉਂਕਿ ਉਸ ਦਾ ਬੱਚਾ ਢਿੱਲਾ ਹੋਣ ਕਾਰਨ ਉਹ ਉਨਾਂ ਨਾਲ ਨਹੀਂ ਗਈ ਸੀ। ਸੰਜੀਵ ਕੁਮਾਰ ਆਪਣੇ ਅਪੰਗ ਮਾਪਿਆਂ







ਦਾ ਇਕਲੌਤਾ ਪੁੱਤਰ ਸੀ ਅਤੇ ਹੁਣ ਪਰਿਵਾਰ ਵਿਚ ਪਤਨੀ ਤੇ ਦੋ ਬੱਚੇ ਰਹਿ ਗਏ ਹਨ। ਸ਼ੀਤਲ ਦਾ ਦੂਜਾ ਬੱਚਾ ਹੋਣ ਵਾਲਾ ਸੀ। ਰਾਮਪਾਲ ਦਾ ਅਬੋਹਰ ਵਿਚ ਜੁਲਾਈ 'ਚ ਤਬਾਦਲਾ ਹੋਇਆ ਸੀ ਅਤੇ ਉਹ ਗੁਰੂ ਹਰਸਹਾਏ ਦੇ ਪਿੰਡ ਜੋਧਪੁਰਾ ਦੇ ਸਕੂਲ ਵਿਚੋਂ ਪੁਰਾਣਾ ਰਿਕਾਰਡ ਲੈਣ ਜਾ ਰਿਹਾ ਸੀ। ਕਰੀਬ ਅੱਠ ਮਹੀਨੇ ਪਹਿਲਾਂ ਵਿਆਹੇ ਮਿਊਜ਼ਿਕ ਅਧਿਆਪਕ ਸੁਖਜੀਤ ਸਿੰਘ ਨੂੰ ਤਿੰਨ ਮਹੀਨੇ ਪਹਿਲਾਂ ਹੀ ਨੌਕਰੀ ਮਿਲੀ ਸੀ।

ਹਾਦਸੇ ਤੋਂ ਬਾਅਦ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ, ਫਿਰੋਜ਼ਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ, ਪੰਜਾਬ ਕਾਂਗਰਸ ਦੇ ਮੁੱਖ ਤਰਜਮਾਨ ਅਤੇ ਅਬੋਹਰ ਦੇ ਵਿਧਾਇਕ ਸੁਨੀਲ ਕੁਮਾਰ ਜਾਖੜ ਤੁਰੰਤ ਸਿਵਲ ਹਸਪਤਾਲ ਪਹੁੰਚ ਗਏ ਅਤੇ ਉਨਾਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਵੰਡਾਇਆ। ਸ੍ਰੀ ਜਾਖੜ ਨੇ ਮੰਗ ਕੀਤੀ ਕਿ ਸਰਕਾਰ ਨੂੰ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਕਿ ਅਧਿਆਪਕਾਂ ਨੂੰ ਉਨਾਂ ਦੇ ਘਰਾਂ ਨੇੜਲੇ ਸਟੇਸ਼ਨ ਹੀ ਮਿਲਣ। ਉਧਰ ਜਿਵੇਂ ਹੀ ਹਾਦਸੇ ਦੀ ਸੂਚਨਾ ਫੈਲੀ ਤਾਂ ਫਾਜ਼ਿਲਕਾ ਸ਼ਹਿਰ ਨੂੰ ਬੰਦ ਰੱਖਿਆ ਗਿਆ।

## ਮ੍ਰਿਤਕਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਦਾ ਵਾਅਦਾ

ਮ੍ਰਿਤਕ ਅਧਿਆਪਕਾਂ ਦੇ ਵਾਰਸਾਂ ਨੂੰ ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਇਕ ਹਫ਼ਤੇ ਦੇ ਅੰਦਰ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ। ਫਾਜ਼ਿਲਕਾ ਵਿਚ ਮ੍ਰਿਤਕ ਅਧਿਆਪਕਾਂ ਦੇ ਸਸਕਾਰ 'ਤੇ ਪਹੁੰਚੇ ਸਿੱਖਿਆ ਮੰਤਰੀ ਨੇ ਕਿਹਾ ਕਿ ਹੋਰ ਮਦਦ ਦੇਣ ਬਾਰੇ ਕੈਬਨਿਟ ਦੀ ਮੀਟਿੰਗ ਵਿੱਚ ਵਿਚਾਰਾਂ ਕੀਤੀਆਂ ਜਾਣਗੀਆਂ। ਡਾ. ਚੀਮਾ ਨੇ ਡੀਪੀਆਈ (ਸਕੂਲ ਸਿੱਖਿਆ) ਨੂੰ ਹਦਾਇਤ ਕੀਤੀ ਕਿ ਉਹ ਅਗਲੇ 7 ਦਿਨਾਂ ਵਿੱਚ ਅਧਿਆਪਕਾਂ ਦੇ ਵਾਰਸਾਂ ਨੂੰ ਨੌਕਰੀਆਂ ਦੇਣ ਦਾ ਅਮਲ ਮੁਕੰਮਲ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੌਧਰੀ ਸੁਰਜੀਤ ਕੁਮਾਰ ਜਿਆਣੀ, ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਅਤੇ ਡਿਪਟੀ ਕਮਿਸ਼ਨਰ ਈਸ਼ਾ ਕਾਲੀਆ ਨੇ ਵੀ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਮ੍ਰਿਤਕ ਅਧਿਆਪਕਾਂ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕੀਤੀ ਹੈ।

## ਹਾਦਸਿਆਂ ਦੀ ਦਹਿਸ਼ਤ : ਪੰਜਾਬ ਵਿਚ ਨਿੱਤ ਵਾਪਰਦੇ ਹਨ 17 ਹਾਦਸੇ, ਚਲੀਆਂ ਜਾਂਦੀਆਂ ਨੇ ਰੋਜ਼ਾਨਾ 13 ਜਾਨਾਂ

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਦੀਆਂ ਸੜਕਾਂ 'ਤੇ ਆਏ ਦਿਨ ਹਾਦਸੇ ਵਾਪਰਦੇ ਰਹਿੰਦੇ ਤੇ ਧੁੰਦ ਦੀ ਸ਼ੁਰੂਆਤ ਨਾਲ ਹੀ ਸੜਕ ਹਾਦਸਿਆਂ ਵਿੱਚ ਇਕਦਮ ਵਾਧਾ ਹੋ ਜਾਂਦਾ ਹੈ। ਬੀਤੇ ਤਿੰਨ ਵਰਿਆਂ ਦੀ ਔਸਤ ਦੇਖੀਏ ਤਾਂ ਪੰਜਾਬ ਦੀਆਂ ਸੜਕਾਂ 'ਤੇ ਰੋਜ਼ਾਨਾ 13 ਮਨੁੱਖੀ ਜਾਨਾਂ ਜਾਂਦੀਆਂ ਹਨ ਤੇ ਰੋਜ਼ਾਨਾ 17 ਸੜਕ ਹਾਦਸੇ ਵਾਪਰਦੇ ਹਨ। ਇਨਾਂ ਵਿਚੋਂ ਕੌਮੀ ਮਾਰਗਾਂ 'ਤੇ ਰੋਜ਼ਾਨਾ ਚਾਰ ਜਣੇ ਹਾਦਸਿਆਂ ਵਿੱਚ ਜਾਨ ਗੁਆ ਬੈਠਦੇ ਹਨ।

ਜ਼ਿਲਾ ਫ਼ਾਜ਼ਿਲਕਾ ਵਿੱਚ ਵਾਪਰੇ ਸੜਕ ਹਾਦਸੇ ਵਿੱਚ ਕਈ ਅਧਿਆਪਕਾਂ ਦੀ ਮੌਤ ਹੋ ਗਈ, ਜਿਸ ਤੋਂ ਸਰਕਾਰ ਨੂੰ ਸਬਕ ਲੈਣਾ ਚਾਹੀਦਾ ਹੈ। ਪੰਜਾਬ ਸਰਕਾਰ ਸੜਕ ਸੁਰੱਖਿਆ ਨੂੰ ਸੰਜੀਦਗੀ ਨਾਲ ਨਹੀਂ ਲੈ ਰਹੀ। ਕੇਂਦਰੀ ਸੜਕ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਪੰਜਾਬ ਵਿੱਚ ਬੀਤੇ ਤਿੰਨ ਵਰਿਆਂ ਵਿੱਚ 14,102 ਵਿਅਕਤੀ ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗੁਆ ਬੈਠੇ। ਸਾਲ 2015 ਵਿੱਚ ਪੰਜਾਬ ਵਿਚ 6702 ਸੜਕ ਹਾਦਸੇ ਵਾਪਰੇ, ਜਿਨਾਂ ਵਿੱਚ 4893 ਜਾਨਾਂ ਗਈਆਂ। ਸਾਲ 2014 ਵਿੱਚ 6391 ਸੜਕ ਹਾਦਸੇ ਵਾਪਰੇ, ਜਿਨਾਂ ਵਿੱਚ 4621 ਲੋਕਾਂ ਦੀ ਮੌਤ ਹੋਈ। ਸਾਲ 2013 ਵਿੱਚ 6323 ਸੜਕ ਹਾਦਸੇ ਵਾਪਰੇ ਤੇ 4588 ਮੌਤਾਂ ਹੋਈਆਂ। 2016 ਦੌਰਾਨ ਵੀ ਸੜਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਚਾਰ ਹਜ਼ਾਰ ਦਾ ਅੰਕੜਾ ਪਾਰ ਕਰ ਗਈ ਹੈ।

ਸੂਤਰ ਆਖਦੇ ਹਨ ਕਿ ਜਿਹੜੇ ਛੋਟੇ ਹਾਦਸੇ ਹੁੰਦੇ ਹਨ, ਉਹ ਤਾਂ ਸਰਕਾਰੀ ਰਿਕਾਰਡ ਤੋਂ ਵੀ ਬਾਹਰ ਰਹਿ ਜਾਂਦੇ ਹਨ। ਕੌਮੀ ਮਾਰਗਾਂ 'ਤੇ ਹੁੰਦੇ ਸੜਕ ਹਾਦਸਿਆਂ 'ਤੇ ਨਜ਼ਰ ਮਾਰੀਏ ਤਾਂ ਸਾਲ 2015 ਵਿੱਚ 2092 ਹਾਦਸੇ ਵਾਪਰੇ ਜਿਨਾਂ ਨੇ 1538 ਮਨੁੱਖੀ ਜਾਨਾਂ ਲਈਆਂ ਅਤੇ 1339 ਜਣੇ ਜ਼ਖ਼ਮੀ ਹੋਏ। ਸਾਲ 2014 ਵਿੱਚ ਕੌਮੀ ਮਾਰਗਾਂ 'ਤੇ 1791 ਸੜਕ ਹਾਦਸੇ ਵਾਪਰੇ ਜਿਨ੍ਹਾਂ ਵਿੱਚ 1482 ਲੋਕਾਂ ਦੀਆਂ ਜਾਨਾਂ ਗਈਆਂ।

## ਐਂਬੂਲਸ ਦੇ ਇਨਕਾਰ ਮਗਰੋਂ ਟਰਾਲੀਆਂ ਵਿਚ ਢੋਹੀਆਂ ਲਾਸ਼ਾਂ

ਲੋਕਾਂ ਨੇ ਦੱਸਿਆ ਕਿ ਮੌਕੇ 'ਤੇ ਪਹੁੰਚੀ 108 ਐਂਬੂਲਸ ਦੇ ਕਰਮਚਾਰੀਆਂ ਨੇ ਲਾਸ਼ਾਂ ਲੈ ਜਾਣ ਤੋਂ ਇਨਕਾਰ ਕਰ ਦਿੱਤਾ। ਕਿਹਾ ਕਿ ਉਹ ਸਿਰਫ਼ ਜ਼ਖ਼ਮੀਆਂ ਨੂੰ ਹੀ ਐਂਬੂਲਸ ਵਿਚ ਲੈ ਕੇ ਜਾਂਦੇ ਹਨ। ਇਸ ਤੋਂ ਬਾਅਦ ਲੋਕਾਂ ਨੇ ਟਰੈਕਟਰ-ਟਰਾਲੀਆਂ ਵਿਚ ਰੱਖ ਕੇ ਲਾਸ਼ਾਂ ਹਸਪਤਾਲਾਂ ਵਿਚ ਪਹੁੰਚਾਈਆਂ।

## ਹਾਦਸੇ ਮੌਕੇ ਬਦਲੀਆਂ ਮੰਗਣ ਵਾਲੇ 11 ਅਧਿਆਪਕਾਂ ਨੂੰ ਨੋਟਿਸ

ਚੰਡੀਗੜ੍ਹ : ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ 11 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਫਾਜ਼ਿਲਕਾ ਜ਼ਿਲੇ ਦੇ ਪਿੰਡ ਚਾਂਦਮਾਰੀ ਨੇੜੇ ਸੜਕ ਹਾਦਸੇ ਵਿੱਚ ਹਲਾਕ ਹੋਏ ਅਧਿਆਪਕਾਂ ਦੇ ਪਰਿਵਾਰਾਂ ਨਾਲ ਜਦੋਂ ਉਹ ਦੁੱਖ ਵੰਡਾਉਣ ਗਏ ਤਾਂ 11 ਅਧਿਆਪਕ ਆਪਣੀਆਂ ਬਦਲੀਆਂ ਕਰਾਉਣ ਦੀਆਂ ਅਰਜ਼ੀਆਂ ਲੈ ਕੇ ਉਥੇ ਪਹੁੰਚ ਗਏ। ਸਿੱਖਿਆ ਮੰਤਰੀ ਨੇ ਇਨਾਂ ਨੂੰ ਮੌਕੇ 'ਤੇ ਹੀ ਇਸ ਵਿਹਾਰ ਲਈ ਤਾੜਨਾ ਕੀਤੀ ਅਤੇ ਨਾਲ ਹੀ ਡੀਪੀਆਈ ਨੂੰ ਹਦਾਇਤ ਕੀਤੀ ਕਿ ਉਨਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਕੇ ਵਿਭਾਗੀ ਕਾਰਵਾਈ ਕੀਤੀ ਜਾਵੇ।



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਮੋਦੀ ਸਰਕਾਰ ਦੀ ਸਦਨ ਚਲਾਉਣ 'ਚ ਕੋਈ ਰੁਚੀ ਨਹੀਂ : ਅਡਵਾਨੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਜਪਾ ਦੀ ਅਗਵਾਈ ਹੇਠਲੀ ਐਨਡੀਏ ਸਰਕਾਰ ਨੂੰ ਉਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ (89) ਨੇ ਲੋਕ ਸਭਾ ਦੀ ਕਾਰਵਾਈ ਚਲਾਉਣ ਦੇ ਤਰੀਕੇ 'ਤੇ ਨਾਰਾਜ਼ਗੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਨਾ ਤਾਂ ਸਪੀਕਰ ਅਤੇ ਨਾ ਹੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਸਦਨ ਨੂੰ ਚਲਾਉਣ ਵਿਚ ਦਿਲਚਸਪੀ ਦਿਖਾ ਰਹੇ ਹਨ। ਉਨ੍ਹਾਂ ਇਹ ਜਾਣਨਾ ਚਾਹਿਆ ਕਿ ਸਦਨ ਨੂੰ ਚਲਾ ਕੌਣ ਰਿਹਾ ਹੈ? ਸਦਨ ਵਿਚ ਹੰਗਾਮੇ ਦੌਰਾਨ ਸ੍ਰੀ ਅਡਵਾਨੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਅਨੰਤ ਕੁਮਾਰ ਨੂੰ ਆਪਣੀ ਨਰਾਜ਼ਗੀ ਜ਼ਾਹਰ ਕਰਦੇ ਸੁਣੇ ਗਏ। ਉਨ੍ਹਾਂ ਕਿਹਾ, "ਮੈਂ ਸਪੀਕਰ ਨੂੰ ਦੱਸਣ ਜਾ ਰਿਹਾ ਹਾਂ ਕਿ ਉਹ ਸਦਨ ਨਹੀਂ ਚਲਾ ਰਹੇ ਅਤੇ ਜਨਤਕ ਤੌਰ 'ਤੇ ਵੀ ਬਿਆਨ ਦੇਵਾਂਗਾ। ਤੁਸੀਂ ਦੋਵੇਂ ਜਣੇ ਇਸ ਲਈ ਜ਼ਿੰਮੇਵਾਰ ਹੋ।" ਵਿਰੋਧੀ ਧਿਰ ਨੂੰ ਵੀ ਹੰਗਾਮੇ ਅਤੇ ਸਦਨ ਨੂੰ ਠੱਪ ਕਰਨ ਲਈ ਉਨ੍ਹਾਂ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਇਕ ਮੈਂਬਰ ਤੋਂ ਪੁੱਛਿਆ ਕਿ ਸਦਨ ਨੂੰ ਕਦੋਂ ਤਕ ਲਈ ਮੁਲਤਵੀ ਕੀਤਾ ਗਿਆ ਹੈ ਤਾਂ ਉਸ ਨੇ ਦੱਸਿਆ ਕਿ ਇਹ ਦੁਪਹਿਰ ਦੇ ਭੋਜਨ ਲਈ ਮੁਲਤਵੀ ਹੋਇਆ ਹੈ। ਇਸ 'ਤੇ ਸ੍ਰੀ ਅਡਵਾਨੀ ਨੇ ਸਵਾਲ ਕੀਤਾ ਕਿ ਪੂਰੇ ਦਿਨ ਲਈ ਸਦਨ ਕਿਉਂ ਨਹੀਂ ਉਠਾਇਆ ਗਿਆ?



ਸ੍ਰੀ ਅਨੰਤ ਕੁਮਾਰ ਉਨ੍ਹਾਂ ਨੂੰ ਸ਼ਾਂਤ ਕਰਨ ਦੇ ਯਤਨ ਕਰਦੇ ਨਜ਼ਰ ਆਏ। ਬਾਅਦ ਵਿਚ ਮੰਤਰੀ ਨੇ ਦਾਅਵਾ ਕੀਤਾ ਕਿ ਸ੍ਰੀ ਅਡਵਾਨੀ ਵਿਰੋਧੀ ਧਿਰ ਦੇ ਰਵਈਏ ਤੋਂ ਖ਼ਫ਼ਾ ਸਨ। ਸ੍ਰੀ ਅਨੰਤ ਕੁਮਾਰ ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਐਸ ਐਸ ਆਹਲੂਵਾਲੀਆ ਭਾਜਪਾ ਦੇ 'ਮਾਰਗ ਦਰਸ਼ਕ' ਵਜੋਂ ਜਾਣੇ ਜਾਂਦੇ ਸ੍ਰੀ ਅਡਵਾਨੀ ਨੂੰ ਉਨ੍ਹਾਂ ਦੀ ਕਾਰ ਤਕ ਛੱਡਣ ਲਈ ਵੀ ਆਏ

## ਨੋਟਬੰਦੀ ਨੇ 'ਜਨਸ਼ਕਤੀ' ਨੂੰ ਉਭਾਰਿਆ : ਨਰਿੰਦਰ ਮੋਦੀ

ਨਵੀਂ ਦਿੱਲੀ : ਨੋਟਬੰਦੀ ਨੂੰ ਲੋਕਾਂ ਦੀ ਹਮਾਇਤ ਦਾ ਦਾਅਵਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸਰਕਾਰ ਦੇ ਇਸ ਫ਼ੈਸਲੇ ਨੇ 'ਜਨਸ਼ਕਤੀ' ਨੂੰ ਉਭਾਰਿਆ ਹੈ। ਕਾਂਗਰਸ ਦੀ ਨੁਕਤਾਚੀਨੀ ਕਰਦਿਆਂ ਮੋਦੀ ਨੇ ਕਿਹਾ ਕਿ ਰਾਜ ਸਭਾ ਵਿੱਚ ਦੋ ਵਾਰ ਉਨ੍ਹਾਂ ਦੀ ਮੌਜੂਦਗੀ ਦੇ ਬਾਵਜੂਦ ਵਿਰੋਧੀ ਖੇਮੇ ਵੱਲੋਂ ਬਹਿਸ ਲਈ ਤਿਆਰ ਨਾ ਹੋਣ ਨੇ ਇਨ੍ਹਾਂ ਪਾਰਟੀਆਂ ਦੀ 'ਪੋਲ ਖੋਲ੍ਹ' ਕੇ ਰੱਖ ਦਿੱਤੀ ਹੈ। ਇਥੇ ਭਾਜਪਾ ਸੰਸਦੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਸੰਸਦ ਵਿੱਚ ਪਹਿਲਾਂ ਵੀ ਪਿਛਲੀਆਂ ਸਰਕਾਰਾਂ ਦੇ ਕਈ ਫ਼ੈਸਲਿਆਂ, ਜਿਨ੍ਹਾਂ ਕਾਰਨ ਸਮਾਜਿਕ ਤਣਾਅ ਤੇ ਟਕਰਾਅ ਵਾਲੇ ਹਾਲਾਤ ਬਣੇ ਹਨ, 'ਤੇ ਬਹਿਸ ਹੁੰਦੀ ਰਹੀ ਹੈ, ਪਰ ਵਿਰੋਧੀ ਪਾਰਟੀਆਂ ਨੋਟਬੰਦੀ ਵਰਗੇ ਵੱਡੇ ਸੁਧਾਰ 'ਤੇ ਬਹਿਸ ਲਈ ਤਿਆਰ ਨਹੀਂ। ਮੀਟਿੰਗ ਨੂੰ ਰੱਖਿਆ ਮੰਤਰੀ ਮਨੋਹਰ ਪਰੀਕਰ ਨੇ ਵੀ ਸੰਬੋਧਨ ਕੀਤਾ। ਨੋਟਬੰਦੀ ਦੇ ਮੁੱਦੇ 'ਤੇ ਹਾਲੇ ਤਕ ਸੰਸਦ ਦੀ ਕਾਰਵਾਈ ਠੱਪ ਹੈ। ਲੋਕ ਸਭਾ ਅਤੇ ਰਾਜ ਸਭਾ ਵਿਚ ਹੁਕਮਰਾਨ ਧਿਰ ਵੱਲੋਂ ਬਹਿਸ ਸ਼ੁਰੂ ਕਰਾਉਣ ਦੀਆਂ ਕੋਸ਼ਿਸ਼ਾਂ ਵਿਰੋਧੀ ਧਿਰ ਨੇ ਨਾਕਾਮ ਕਰ ਦਿੱਤੀਆਂ। ਲੋਕ ਸਭਾ ਵਿਚ ਸ਼ੋਰ ਸ਼ਰਾਬਾ ਹੋਣ ਕਰ ਕੇ ਸਦਨ ਦੀ ਕਾਰਵਾਈ ਨੂੰ ਦੋ ਵਾਰ ਮੁਲਤਵੀ ਕਰਨਾ ਪਿਆ ਅਤੇ ਫਿਰ ਦਿਨ ਭਰ ਲਈ ਉਠਾ ਦਿੱਤਾ ਗਿਆ। ਇਸ ਕਾਰਨ ਲੋਕ ਸਭਾ ਵਿਚ ਸੂਚੀਬੱਧ ਕਈ ਬਿਲ ਪਾਸ ਨਹੀਂ ਹੋ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਦਨ ਵਿਚ ਹਾਜ਼ਰ ਸਨ, ਪਰ ਹੰਗਾਮੇ ਕਾਰਨ ਉਹ ਸਦਨ ਤੋਂ ਉੱਠ ਕੇ ਚਲੇ ਗਏ।

# ਨੋਟਬੰਦੀ ਤੇ ਸਰਹੱਦੀ ਤਣਾਅ ਦਾ ਕੌਮਾਂਤਰੀ ਵਪਾਰ ਮੇਲੇ 'ਤੇ ਪਿਆ ਅਸਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਪਾਇਟੈਕਸ ਕੌਮਾਂਤਰੀ ਵਪਾਰ ਮੇਲੇ 'ਤੇ ਇਸ ਵਾਰ ਨੋਟਬੰਦੀ ਤੇ ਸਰਹੱਦੀ ਤਣਾਅ ਦਾ ਅਸਰ ਪੈ ਸਕਦਾ ਹੈ। ਨੋਟਬੰਦੀ ਕਾਰਨ ਲੋਕਾਂ ਦੀ ਖਰੀਦਦਾਰੀ ਦੀ ਸਮਰੱਥਾ ਪ੍ਰਭਾਵਤ ਹੋਈ ਹੈ ਅਤੇ ਸਰਹੱਦੀ ਤਣਾਅ ਕਾਰਨ ਵਪਾਰ ਮੇਲੇ ਵਿੱਚ ਸ਼ਾਮਲ ਹੋਣ ਵਾਲੇ ਪਾਕਿਸਤਾਨੀ ਵਪਾਰੀਆਂ ਦੀ ਗਿਣਤੀ ਘੱਟ ਗਈ ਹੈ।

11ਵਾਂ ਪਾਈਟੈਕਸ ਵਪਾਰ ਮੇਲਾ 8 ਤੋਂ 12 ਦਸੰਬਰ ਤਕ ਲੱਗੇਗਾ। ਇਹ ਮੇਲਾ ਪੰਜਾਬ ਸਰਕਾਰ ਅਤੇ ਪੰਜਾਬ ਇੰਟਰਨੈਸ਼ਨਲ ਟਰੇਡ ਐਕਸਪੋ (ਪਾਇਟੈਕਸ) ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ, ਜਿਸ ਵਿਚ ਸਾਰਕ ਮੁਲਕਾਂ ਦੇ ਵਪਾਰੀ ਤੇ ਕਾਰੋਬਾਰੀ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਭਾਰਤ ਦੇ ਵੱਖ ਵੱਖ ਸੂਬਿਆਂ ਤੋਂ ਵੀ ਵਪਾਰੀ ਆਪਣੇ ਸਟਾਲ ਲਾਉਣਗੇ। ਰਣਜੀਤ ਐਵੇਨਿਊ ਇਲਾਕੇ ਵਿੱਚ ਲਗਭਗ 10 ਹਜ਼ਾਰ ਵਰਗ ਮੀਟਰ ਖੇਤਰ ਵਿੱਚ ਵਪਾਰ ਮੇਲੇ ਲਈ ਪੰਡਾਲ ਲਾਇਆ ਗਿਆ ਹੈ, ਜਿਸ ਵਿਚ ਲਗਭਗ 400 ਸਟਾਲ ਹੋਣਗੇ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਬਸੰਤ ਗਰਗ ਨੇ ਵਪਾਰ ਮੇਲੇ ਨਾਲ ਸਬੰਧਤ ਪੀਐਚਡੀ ਚੈਂਬਰ ਆਫ ਕਾਮਰਸ ਦੇ ਖੇਤਰੀ ਦਫਤਰ ਦਾ ਵੀ ਉਦਘਾਟਨ ਕੀਤਾ ਹੈ। ਉਨ੍ਹਾਂ ਆਖਿਆ ਕਿ ਇਹ ਮੇਲਾ ਵਪਾਰ ਵਧਾਉਣ ਵਿੱਚ ਸਹਾਈ ਸਾਬਤ ਹੋਵੇਗਾ। ਇਸ ਮੇਲੇ ਲਈ ਪੀਆਈਡੀਬੀ, ਮਾਰਕਫੈੱਡ, ਮਿਲਕਫੈੱਡ, ਪੰਜਾਬ ਖਾਦੀ ਅਤੇ ਪੇਂਡੂ ਸਨਅਤ ਬੋਰਡ, ਗਮਾਡਾ, ਪੇਡਾ, ਕੱਪੜਾ ਮੰਤਰਾਲਾ, ਨਬਾਰਡ ਤੇ ਹੋਰ ਅਦਾਰੇ ਸਹਿਯੋਗ ਦੇਣਗੇ।

ਸਰਹੱਦੀ ਤਣਾਅ ਕਾਰਨ ਇਸ ਵਾਰ ਵਪਾਰ ਮੇਲੇ ਵਿਚ ਪਾਕਿਸਤਾਨੀ ਵਪਾਰੀਆਂ ਦੀ ਗਿਣਤੀ ਘੱਟ ਗਈ ਹੈ। ਪੀਐਚਡੀ ਚੈਂਬਰ ਦੀ ਪੰਜਾਬ ਇਕਾਈ ਦੇ ਕੋ-ਚੇਅਰਮੈਨ ਆਰਐਸ ਸਚਦੇਵਾ ਨੇ ਦੱਸਿਆ ਕਿ ਇਸ ਵਾਰ ਸਿਰਫ 48 ਪਾਕਿਸਤਾਨੀ ਵਪਾਰੀਆਂ ਨੂੰ ਹੀ ਵੀਜ਼ਾ ਮਿਲਿਆ ਹੈ। ਸਰਹੱਦੀ ਤਣਾਅ ਕਾਰਨ ਪਾਕਿਸਤਾਨੀ ਵਪਾਰੀਆਂ ਵੱਲੋਂ ਇਸ ਵਾਰ ਵੀਜ਼ੇ ਵਾਸਤੇ ਬਿਨੈ ਪੱਤਰ ਹੀ ਨਹੀਂ ਦਿੱਤੇ ਗਏ। ਸਿਰਫ ਉਹੀ ਵਪਾਰੀ ਆ ਰਹੇ ਹਨ, ਜਿਨ੍ਹਾਂ ਕੋਲ ਸਾਰਕ ਵੀਜ਼ਾ ਸੀ। ਇਸ ਵਾਰ ਵਪਾਰ ਮੇਲੇ 'ਤੇ ਨੋਟਬੰਦੀ ਦਾ ਵੀ ਪ੍ਰਭਾਵ ਰਹਿਣ ਦੀ ਉਮੀਦ ਹੈ, ਕਿਉਂਕਿ ਨੋਟਬੰਦੀ ਕਾਰਨ ਲੋਕਾਂ ਦੀ ਖਰੀਦ ਸਮਰੱਥਾ ਪ੍ਰਭਾਵਤ ਹੋਈ ਹੈ। ਨੋਟਬੰਦੀ ਦੇ ਹੱਲ ਲਈ ਪ੍ਰਬੰਧਕਾਂ ਵੱਲੋਂ ਵਪਾਰ ਮੇਲੇ ਵਿਚ ਤਿੰਨ ਏਟੀਐਮ ਸਥਾਪਤ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਹਰ ਸਟਾਲ 'ਤੇ ਸਵਾਈਪ ਮਸ਼ੀਨ ਦਾ ਵੀ ਪ੍ਰਬੰਧ ਹੋਵੇਗਾ। ਚੈਂਬਰ ਦੇ ਖੇਤਰੀ ਡਾਇਰੈਕਟਰ ਡਾ. ਪ੍ਰਵੀਨ ਰਾਠੀ ਨੇ ਦੱਸਿਆ ਕਿ ਸਾਲ 2005 ਦੌਰਾਨ ਜਦੋਂ ਪਹਿਲੀ ਵਾਰ ਅੰਮ੍ਰਿਤਸਰ ਵਿੱਚ ਪਾਇਟੈਕਸ ਮੇਲਾ ਲੱਗਾ ਸੀ ਤਾਂ ਉਸ ਵੇਲੇ ਕਰੀਬ 150 ਕਾਰੋਬਾਰੀਆਂ ਨੇ ਹਿੱਸਾ ਲਿਆ ਸੀ ਤੇ ਕਰੀਬ 50 ਹਜ਼ਾਰ ਲੋਕ ਇੱਥੇ ਆਏ ਸਨ। ਇਸ ਸਾਲ ਇਹ ਅੰਕੜਾ ਵਧਣ ਦੀ ਆਸ ਹੈ।

# ਮਨਰੇਗਾ ਵਰਕਰਾਂ ਦੇ ਖਾਤਿਆਂ ਵਿਚੋਂ ਕਰੋੜਾਂ ਦਾ ਕਾਲਾ ਧਨ ਚਿੱਟਾ ਹੋ ਹੋ ਨਿਕਲਿਆ

**ਧੂਰੀ/ਬਿਊਰੋ ਨਿਊਜ਼ :** ਨੋਟਬੰਦੀ ਦੇ ਫ਼ੈਸਲੇ ਨਾਲ ਧੂਰੀ ਦੇ ਲੋਕਾਂ ਵਿਚ ਉਸ ਸਮੇਂ ਹਾਹਾਕਾਰ ਮੱਚ ਗਈ ਜਦੋਂ ਧੂਰੀ ਹਲਕੇ ਦੇ ਪਿੰਡ ਰਾਜੋਮਾਜਰਾ ਦੀਆਂ ਵੱਡੀ ਗਿਣਤੀ ਵਿਚ ਇਕੱਠੀਆਂ ਹੋਈਆਂ ਮਨਰੇਗਾ ਵਰਕਰਾਂ ਵੱਲੋਂ ਸਥਾਨਕ ਸਟੇਟ ਬੈਂਕ ਆਫ਼ ਇੰਡੀਆ ਦੀ ਮੁੱਖ ਬਰਾਂਚ ਅੱਗੇ ਧਰਨਾ ਲਗਾ ਕੇ ਬੈਂਕ ਅਧਿਕਾਰੀਆਂ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਬੈਂਕ ਅਧਿਕਾਰੀਆਂ 'ਤੇ ਕਾਲੇ ਧਨ ਨੂੰ ਚਿੱਟਾ ਕਰਨ ਦੇ ਦੋਸ਼ ਲਗਾਏ। ਇਸ ਸਬੰਧੀ ਮਨਰੇਗਾ ਵਰਕਰਾਂ ਨੇ ਕਿਹਾ ਕਿ ਉਨ੍ਹਾਂ ਦੀਆਂ ਮਨਰੇਗਾ ਕਾਪੀਆਂ ਦਾ ਖਾਤਾ ਸਟੇਟ ਬੈਂਕ ਆਫ਼ ਇੰਡੀਆ ਵਿਖੇ ਹੈ ਤੇ ਪਿੰਡ ਰਾਜੋਮਾਜਰਾ ਦੀ ਇਕ ਔਰਤ ਵੱਲੋਂ ਇਹ ਆਖ ਕੇ ਕਿ ਪ੍ਰਧਾਨ ਮੰਤਰੀ ਵੱਲੋਂ ਤੁਹਾਡੇ ਖਾਤਿਆਂ ਵਿਚ ਰੁਪਏ ਜਮ੍ਹਾ ਕਰਵਾਏ ਜਾਣਗੇ ਤੇ ਨਾਲ ਹੀ ਔਰਤ ਨੇ ਬੈਂਕ ਦੇ ਦੋ ਦੋ ਵਾਊਚਰਾਂ 'ਤੇ ਹਰੇਕ ਵਰਕਰ ਤੋਂ ਦਸਤਖ਼ਤ ਕਰਵਾ ਲਏ ਤੇ ਇਸ ਸਾਰੇ ਮਾਮਲੇ ਦਾ ਖ਼ੁਲਾਸਾ ਉਸ ਸਮੇਂ ਹੋਇਆ ਜਦੋਂ ਬੈਂਕ ਦੀ ਸ਼ਾਖਾ ਦੇ ਏ.ਟੀ.ਐਮ. ਵਿਚ ਡਿਊਟੀ ਕਰਦੇ ਮਨਜੀਤ ਸਿੰਘ ਵਾਸੀ ਰਾਜੋਮਾਜਰਾ ਨੇ ਆਪਣੀ ਮਾਤਾ ਦੀ ਮਨਰੇਗਾ ਖਾਤੇ ਵਾਲੀ ਕਾਪੀ ਦੀ ਐਂਟਰੀ ਕਰਵਾਈ ਤਾਂ ਉਸ 'ਤੇ 28 ਨਵੰਬਰ ਨੂੰ 10 ਹਜ਼ਾਰ ਰੁਪਏ ਜਮ੍ਹਾ ਹੋਇਆ ਤੇ ਉਸੇ ਦਿਨ 28 ਨਵੰਬਰ ਨੂੰ ਹੀ 10 ਹਜ਼ਾਰ ਰੁਪਏ ਕਢਵਾਉਣ ਦੀ ਐਂਟਰੀ ਪਾਈ ਗਈ। ਉਸ ਨੇ ਦੱਸਿਆ, "ਜਦੋਂ ਮੈਂ ਖ਼ੁਦ ਹੈਰਾਨ ਹੋ ਕੇ ਇਸ ਸਬੰਧੀ ਘਰ ਜਾ ਕੇ ਗੱਲਬਾਤ ਕੀਤੀ ਤਾਂ ਮੇਰੀ ਮਾਤਾ ਨੇ ਦੱਸਿਆ ਕਿ ਪਿੰਡ ਦੀ ਔਰਤ ਉਨ੍ਹਾਂ ਦੀ ਮਨਰੇਗਾ ਖਾਤੇ ਵਾਲੀ ਕਾਪੀ ਤੇ ਹੋਰ ਪਿੰਡ



ਬੈਂਕ ਮੁਲਾਜ਼ਮਾਂ ਦੀ ਮਿਲੀਭੁਗਤ ਵਿਰੁੱਧ ਮਨਰੇਗਾ ਵਰਕਰਾਂ ਵਲੋਂ ਰੋਸ ਵਿਖਾਵਾ

ਦੀਆਂ ਸੈਂਕੜੇ ਕਾਪੀਆਂ ਇਕੱਠੀਆਂ ਕਰਕੇ ਫਾਰਮਾਂ 'ਤੇ ਦਸਤਖ਼ਤ ਕਰਵਾ ਕੇ ਲੈ ਗਈ ਹੈ। ਇਸ ਸਬੰਧੀ ਹੋਰਨਾਂ ਮਨਰੇਗਾ ਵਰਕਰਾਂ ਨੇ ਵੀ ਆਪੋ ਆਪਣੇ ਮਨਰੇਗਾ ਖਾਤਿਆਂ ਦੀ ਪੜਤਾਲ ਕੀਤੀ ਤਾਂ ਉਨ੍ਹਾਂ ਦੇ ਖਾਤਿਆਂ ਵਿਚ ਵੀ ਇਕੋ ਦਿਨ ਹੀ ਰੁਪਏ ਜਮ੍ਹਾ ਕਰਵਾਉਣ ਤੇ ਕਢਵਾਉਣ ਦੀਆਂ ਐਂਟਰੀਆਂ ਸਾਹਮਣੇ ਆਈਆਂ।"

ਮਨਰੇਗਾ ਵਰਕਰ ਪਿਆਰਾ ਸਿੰਘ ਵਾਸੀ ਰਾਜੋਮਾਜਰਾ ਨੇ ਦੱਸਿਆ, "ਮੇਰੇ ਖਾਤੇ ਵਿਚੋਂ 1 ਦਸੰਬਰ ਨੂੰ 24 ਹਜ਼ਾਰ ਰੁਪਏ ਜਮ੍ਹਾ ਕਰਵਾ ਕੇ 1 ਦਸੰਬਰ ਨੂੰ ਹੀ 24 ਹਜ਼ਾਰ ਰੁਪਏ ਕਢਵਾਏ ਹੋਏ ਹਨ।" ਇਸੇ ਤਰ੍ਹਾਂ ਗੁਰਦਿਆਲ ਸਿੰਘ ਪਿੰਡ ਰਾਜੋਮਾਜਰਾ ਨੇ ਵੀ ਦੱਸਿਆ, "ਮੇਰੇ ਖਾਤੇ ਵਿਚ ਵੀ 25 ਨਵੰਬਰ ਨੂੰ 10 ਹਜ਼ਾਰ ਰੁਪਏ ਜਮਾਂ ਹੋਏ ਤੇ ਉਸੇ ਦਿਨ ਹੀ 10 ਹਜ਼ਾਰ ਰੁਪਏ ਕਢਵਾ ਲਏ ਗਏ।" ਇਸੇ ਤਰ੍ਹਾਂ ਭਜਨ ਕੌਰ ਰਾਜੋਮਾਜਰਾ ਨੇ ਦੱਸਿਆ ਕਿ ਉਸ ਦੇ ਖਾਤੇ ਵਿਚ 1 ਦਸੰਬਰ ਨੂੰ 24 ਹਜ਼ਾਰ ਜਮ੍ਹਾ ਹੋਇਆ ਤੇ 1 ਦਸੰਬਰ ਨੂੰ ਹੀ 24 ਹਜ਼ਾਰ ਰੁਪਏ ਕਢਵਾ ਲਏ ਗਏ ਤੇ ਇਸੇ ਤਰ੍ਹਾਂ ਇਕੱਠੀਆਂ ਹੋਈਆਂ ਸੈਂਕੜੇ ਮਨਰੇਗਾ ਵਰਕਰਾਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਨੋਟਬੰਦੀ ਤੋਂ ਬਾਅਦ ਬੈਂਕ ਵਿਚ ਨਾ ਤਾਂ ਰੁਪਏ ਜਮ੍ਹਾ ਕਰਵਾਏ ਗਏ ਹਨ ਤੇ ਨਾ ਹੀ ਕਢਵਾਏ ਗਏ ਹਨ, ਉਨ੍ਹਾਂ ਨੂੰ ਤਾਂ ਬੈਂਕ ਖਾਤੇ ਦੀਆਂ ਐਂਟਰੀਆਂ ਕਰਵਾਉਣ ਤੋਂ ਬਾਅਦ ਇਸ ਬਾਰੇ ਪਤਾ ਲੱਗਾ ਤੇ ਇਸ ਸਾਰੇ ਮਾਮਲੇ ਦੀ ਜਾਂਚ ਪੜਤਾਲ ਸਬੰਧੀ ਅਸੀਂ ਇਕ ਅਰਜ਼ੀ ਸਦਰ ਥਾਣਾ ਧੂਰੀ ਵਿਖੇ ਵੀ ਦਿੱਤੀ ਹੈ।

ਇਸ ਸਬੰਧੀ ਬੈਂਕ ਦੇ ਮੈਨੇਜਰ ਨਾਲ ਸੰਪਰਕ ਕਰਨਾ ਚਾਹਿਆ ਤਾਂ ਫ਼ੀਲਡ ਅਫ਼ਸਰ ਜਰਨੈਲ ਸਿੰਘ ਨੇ ਦੱਸਿਆ ਕਿ ਮੈਨੇਜਰ ਸਾਹਿਬ ਛੁੱਟੀ 'ਤੇ ਹਨ, ਪ੍ਰੰਤੂ ਉਨ੍ਹਾਂ ਇਸ ਘਟਨਾ ਸਬੰਧੀ ਪੱਤਰਕਾਰਾਂ ਵੱਲੋਂ ਵਿਖਾ ਕੇ ਮਨਰੇਗਾ ਵਰਕਰਾਂ ਦੇ ਅਕਾਊਂਟਾਂ ਦੀ ਡਿਟੇਲ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਪੱਤਰਕਾਰਾਂ ਵੱਲੋਂ ਦਿੱਤੇ ਗਏ ਮਨਰੇਗਾ ਅਕਾਊਂਟਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਾਸ ਬੁੱਕਾਂ ਦੀਆਂ ਐਂਟਰੀਆਂ ਸਹੀ ਹਨ ਤੇ ਇਸ ਮਾਮਲੇ ਸਬੰਧੀ ਪੂਰੀ ਤਰ੍ਹਾਂ ਬਰਾਂਚ ਮੈਨੇਜਰ ਹੀ ਦੱਸ ਸਕਦੇ ਹਨ।

ਇਸ ਸਬੰਧੀ ਧੂਰੀ ਸਦਰ ਥਾਣਾ ਦੇ ਐਸ.ਐਚ.ਓ. ਪਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਸਬੰਧੀ ਇਕ ਦਰਖਾਸਤ ਪਿੰਡ ਰਾਜੋਮਾਜਰਾ ਦੀ ਵਸਨੀਕ ਹਰਬੰਸ ਕੌਰ ਪਤਨੀ ਲਛਮਣ ਸਿੰਘ ਤੇ ਹੋਰ ਮਨਰੇਗਾ ਵਰਕਰਾਂ ਵੱਲੋਂ ਦਿੱਤੀ ਗਈ ਹੈ ਜਿਸ ਦੀ ਜਾਂਚ ਚੱਲ ਰਹੀ ਹੈ ਤੇ ਇਸ ਸਬੰਧੀ ਬੈਂਕ ਪਾਸੋਂ ਇਨ੍ਹਾਂ ਖਾਤਿਆਂ ਦੀ ਅਕਾਊਂਟ ਸਟੇਟਮੈਂਟ ਤੇ ਬੈਂਕ ਦੀਆਂ ਸੀ.ਸੀ.ਟੀ.ਵੀ ਫੋਟੋਜ਼ ਮੰਗਵਾਈਆਂ ਜਾ ਰਹੀਆਂ ਹਨ ਤੇ ਇਸ ਮਾਮਲੇ ਦੀ ਪੂਰੀ ਤਰ੍ਹਾਂ ਜਾਂਚ ਪੜਤਾਲ ਕਰਕੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

## ਨੋਟਬੰਦੀ ਨਾਲ ਹੋਈ ਆਰਥਿਕ ਵਿਕਾਸ ਦਰ ਬੰਦੀ

### *ਵਿਕਾਸ ਦਰ ਤੇ ਆਰਥਿਕ ਸਰਗਰਮੀਆਂ 'ਤੇ ਪਿਆ ਅਸਰ*

**ਮੁੰਬਈ/ਬਿਊਰੋ ਨਿਊਜ਼ :** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਵਿਆਜ ਦਰਾਂ ਵਿਚ ਕੋਈ ਬਦਲਾਅ ਨਾ ਕਰਦਿਆਂ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਜਦਕਿ ਆਰਥਿਕ ਵਿਕਾਸ ਦਰ ਦਾ ਅਨੁਮਾਨ 7.6 ਫ਼ੀਸਦੀ ਤੋਂ ਘਟਾ ਕੇ 7.1 ਫ਼ੀਸਦੀ ਕਰ ਦਿੱਤਾ ਹੈ। ਮੌਜੂਦਾ ਵਿੱਤੀ ਵਰ੍ਹੇ ਦੀ ਪੰਜਵੀਂ ਮੁਦਰਾ ਨੀਤੀ ਦੀ ਸਮੀਖਿਆ ਦੌਰਾਨ ਆਰਬੀਆਈ ਦੇ ਗਵਰਨਰ ਉਰਜਿਤ ਪਟੇਲ ਨੇ ਕਿਹਾ ਕਿ ਨੋਟਬੰਦੀ ਕਾਰਨ ਵਿਕਾਸ ਦਰ ਹੇਠਾਂ ਜਾਣ ਦਾ ਅੰਦੇਸ਼ਾ ਹੈ ਅਤੇ ਇਸ ਨਾਲ ਥੋੜ੍ਹੇ ਸਮੇਂ ਲਈ ਆਰਥਿਕ ਸਰਗਰਮੀਆਂ ਪ੍ਰਭਾਵਤ ਹੋਣਗੀਆਂ ਤੇ ਮੰਗ ਘਟੇਗੀ। ਰਿਜ਼ਰਵ ਬੈਂਕ ਨੇ ਕਿਹਾ ਕਿ ਨੇੜ ਭਵਿੱਖ ਵਿਚ ਇਨ੍ਹਾਂ ਜੋਖ਼ਮਾਂ ਕਰ ਕੇ ਨਕਦੀ ਆਧਾਰਤ ਖੇਤਰਾਂ ਜਿਨ੍ਹਾਂ 'ਚ ਪਰਚੂਨ ਵਪਾਰ, ਹੋਟਲ, ਰੈਸਤਰਾਂ ਅਤੇ ਟਰਾਂਸਪੋਰਟ ਸ਼ਾਮਲ ਹਨ, 'ਤੇ ਵੀ ਅਸਰ ਪਵੇਗਾ। ਨੋਟਬੰਦੀ ਨਾਲ ਅਸੰਗਠਿਤ ਖੇਤਰ 'ਤੇ ਵੀ ਅਸਰ ਪਏਗਾ। ਮੌਜੂਦਾ ਮਾਲੀ ਵਰ੍ਹੇ ਦੀ ਪਹਿਲੀ ਅਤੇ ਦੂਜੀ ਤਿਮਾਹੀ ਵਿਚ ਭਾਰਤੀ ਅਰਥਚਾਰੇ ਦੀ ਵਿਕਾਸ ਦਰ 7.1 ਫ਼ੀਸਦੀ ਤੇ 7.3 ਫ਼ੀਸਦੀ ਦਰਜ ਕੀਤੀ ਗਈ ਸੀ।

ਭਾਰਤੀ ਰਿਜ਼ਰਵ ਬੈਂਕ ਨੇ ਮੁਦਰਾ ਨੀਤੀ ਸਮੀਖਿਆ ਦੌਰਾਨ ਰੈਪੋ ਦਰਾਂ ਵਿਚ ਕੋਈ ਬਦਲਾਅ ਨਹੀਂ ਕੀਤਾ ਅਤੇ ਇਹ 6.25 ਫ਼ੀਸਦੀ ਹੀ ਰੱਖੀਆਂ ਗਈਆਂ ਹਨ। ਆਰਬੀਆਈ ਦੇ ਫ਼ੈਸਲੇ ਤੋਂ ਸੰਤੁਸ਼ਟ ਵਿੱਤ ਮੰਤਰਾਲੇ ਨੇ ਇਸ ਨੂੰ 'ਸਖ਼ਤ ਅਤੇ ਧੜੱਲੇਦਾਰ' ਫ਼ੈਸਲਾ ਕਰਾਰ ਦਿੰਦਿਆਂ ਕਿਹਾ ਹੈ ਕਿ ਅਸਥਿਰ ਆਲਮੀ ਮਾਹੌਲ ਵਿਚ ਵਿਦੇਸ਼ੀ ਨਿਵੇਸ਼ਕਾਰ ਭਾਵੇਂ ਆਪਣਾ ਪੈਸਾ ਕਢਵਾਉਣ 'ਤੇ ਜ਼ੋਰ ਦੇਣਗੇ ਪਰ ਇਹ ਲੋਕਾਂ ਦੀ ਆਸ ਉਮੀਦ ਮੁਤਾਬਕ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਪਟੇਲ ਦੀ ਪਹਿਲੀ ਅਤੇ ਪਿਛਲੀ ਮੁਦਰਾ ਨੀਤੀ ਸਮੀਖਿਆ ਸਮੇਂ ਮੁਦਰਾ ਨੀਤੀ ਕਮੇਟੀ ਨੇ ਵਿਆਜ ਦਰਾਂ ਵਿਚ 0.25 ਫ਼ੀਸਦੀ ਦੀ ਕਟੌਤੀ ਕੀਤੀ ਸੀ।

ਰਿਜ਼ਰਵ ਬੈਂਕ ਨੇ ਚੌਥੀ ਤਿਮਾਹੀ ਵਿਚ ਮਹਿੰਗਾਈ ਦਰ 5 ਫ਼ੀਸਦੀ ਰਹਿਣ ਦਾ ਅਨੁਮਾਨ ਜਤਾਇਆ ਹੈ। ਉਂਜ ਇਸ ਵਿਚ ਵਾਧੇ ਦਾ ਜੋਖ਼ਮ ਵੀ ਦੱਸਿਆ ਗਿਆ ਹੈ ਪਰ ਇਹ ਅਕਤੂਬਰ ਦੀ ਮੁਦਰਾ ਨੀਤੀ ਸਮੀਖਿਆ ਤੋਂ ਘੱਟ ਰਹੇਗੀ। ਉਨ੍ਹਾਂ ਕਿਹਾ ਹੈ ਕਿ ਸੱਤਵੇਂ ਤਨਖ਼ਾਹ ਕਮਿਸ਼ਨ ਅਤੇ ਇਕ ਰੈਂਕ ਇਕ ਪੈਨਸ਼ਨ ਲਾਗੂ ਹੋਣ ਨਾਲ ਲੋਕ ਪ੍ਰਸ਼ਾਸਨ, ਰੱਖਿਆ ਤੇ ਹੋਰ ਸੇਵਾਵਾਂ ਵਿਚ ਸਰਗਰਮੀਆਂ ਵਧੀਆਂ ਬਣੀਆਂ ਰਹਿਣਗੀਆਂ। ਰਿਜ਼ਰਵ ਬੈਂਕ ਨੇ 10 ਦਸੰਬਰ ਤੋਂ ਸੀਆਰਆਰ (ਕੈਸ਼ ਰਿਜ਼ਰਵ ਰੇਸ਼ੋ) ਦੀ 100 ਫ਼ੀਸਦੀ ਦਰ ਨੂੰ ਵੀ ਹਟਾ ਲਿਆ ਹੈ। ਇਸ ਕਦਮ ਨਾਲ ਬੈਂਕ ਹੁਣ ਆਪਣੇ ਕੋਲ ਵੱਧ ਤੋਂ ਵੱਧ ਰਕਮ ਰੱਖ ਸਕਣਗੇ। ਜਦੋਂ ਸ੍ਰੀ ਪਟੇਲ ਤੋਂ ਪੁੱਛਿਆ ਗਿਆ ਕਿ ਦਰਾਂ ਵਿਚ ਬਦਲਾਅ ਦਾ ਫ਼ੈਸਲਾ ਅਮਰੀਕੀ ਫੈਡਰਲ ਦਰਾਂ ਵਿਚ ਵਾਧੇ ਦੀ ਸੰਭਾਵਨਾ ਤੋਂ ਪ੍ਰਭਾਵਤ ਹੈ ਤਾਂ ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨਾਲ ਉਨ੍ਹਾਂ ਦੀਆਂ ਦਰਾਂ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਹੋਰ ਅੰਕੜਿਆਂ ਦੀ ਉਡੀਕ ਕਰ ਰਹੇ ਹਨ ਅਤੇ ਫਿਰ ਕੋਈ ਫ਼ੈਸਲਾ ਲੈਣਗੇ। 'ਜੇਕਰ ਕੋਈ ਗੁੰਜਾਇਸ਼ ਹੋਈ ਤਾਂ ਮੁਦਰਾ ਨੀਤੀ ਦੀ ਮੁੜ ਸਮੀਖਿਆ ਕੀਤੀ ਜਾਏਗੀ।'

ਉਧਰ ਸਨਅਤਕਾਰ ਆਰਬੀਆਈ ਦੇ ਫ਼ੈਸਲੇ ਤੋਂ ਨਿਰਾਸ਼ ਹਨ। ਫਿੱਕੀ ਦੇ ਪ੍ਰਧਾਨ ਹਰਸ਼ਵਰਧਨ ਨਿਓਤੀਆ ਨੇ ਕਿਹਾ ਕਿ ਰੈਪੋ ਦਰ ਵਿਚ 50 ਆਧਾਰ ਅੰਕਾਂ ਦੀ ਕਟੌਤੀ ਨਾਲ ਸਨਅਤੀ ਅਰਥਚਾਰੇ ਨੂੰ ਹੁਲਾਰਾ ਮਿਲਣਾ ਸੀ। ਐਸੋਚੈਮ ਦੇ ਪ੍ਰਧਾਨ ਸੁਨੀਲ ਕਨੋਰੀਆ ਨੇ ਕਿਹਾ ਕਿ ਬਦਲਾਅ ਦਾ ਦੌਰ ਹੋਣ ਕਰ ਕੇ ਆਰਬੀਆਈ ਨੇ ਵੀ ਵਿਕਾਸ ਦਰ ਵਿਚ ਗਿਰਾਵਟ ਦਾ ਖ਼ਦਸ਼ਾ ਜ਼ਾਹਰ ਕੀਤਾ ਹੈ। ਨੋਟਬੰਦੀ ਕਾਰਨ ਵਿਕਾਸ, ਕਰਜ਼ੇ ਦੀਆਂ ਦਰਾਂ ਜਾਂ ਮਹਿੰਗਾਈ ਦਰ ਬਾਰੇ ਕੁਝ ਵੀ ਸਪਸ਼ਟ ਨਹੀਂ ਹੈ। ਈਈਪੀਸੀ ਇੰਡੀਆ ਦੇ ਚੇਅਰਮੈਨ ਟੀ ਐਸ ਭਸੀਨ ਨੇ ਕਿਹਾ ਕਿ ਇੰਜਨੀਅਰਿੰਗ ਬਰਾਮਦਕਾਰ ਘਰੇਲੂ ਬਾਜ਼ਾਰ ਵਿਚ ਨਕਦੀ ਦੇ ਪ੍ਰਵਾਹ 'ਤੇ ਨਜ਼ਰ ਰੱਖ ਰਹੇ ਹਨ। ਭਾਰਤੀ ਸਟੇਟ ਬੈਂਕ ਦੀ ਚੇਅਰਪਰਸਨ ਅਰੁੰਧਤੀ ਭੱਟਾਚਾਰੀਆ ਨੇ ਕਿਹਾ ਕਿ ਬਾਜ਼ਾਰ ਨੇ ਭਾਵੇਂ ਫ਼ੈਸਲੇ ਦਾ ਸਵਾਗਤ ਨਹੀਂ ਕੀਤਾ ਪਰ ਕੁਲ ਮਿਲਾ ਕੇ ਇਸ ਦਾ ਫਾਇਦਾ ਹੋਵੇਗਾ।

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਪੰਜਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਪੰਜਾਬ ਵੱਲ ਕੂਚ

ਜਦੋਂ ਖ਼ੌਫ਼ਨਾਕ ਹਤਿਆਵਾਂ, ਲੁੱਟ ਤੇ ਮਨੁੱਖਤਾ ਦੇ ਵਿਰੁੱਧ ਅਪਰਾਧ ਕਰਨ ਵਾਲਿਆਂ ਲਈ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਸਿੱਖਾਂ 'ਤੇ ਬਹੁਤ ਦਹਿਸ਼ਤ ਪਸਰ ਗਈ... ਸਭ ਨੇ ਆਪਣਾ ਰਹਿੰਦ ਖੂੰਧ ਸਮੇਟਣਾ ਸ਼ੁਰੂ ਕਰ ਦਿੱਤਾ ਤੇ ਪੰਜਾਬ ਵੱਲ ਮੂੰਹ ਕਰ ਲਿਆ।

ਜਿਸ ਆਜ਼ਾਦੀ ਲਈ ਆਪਣੇ ਟੱਬਰਾਂ ਦੇ ਟੱਬਰ ਕੁਹਾ ਕੇ ਤੇ ਘਰ ਬਾਰ ਜ਼ਮੀਨਾਂ-ਜਾਇਦਾਦਾਂ ਛੱਡ ਕੇ ਬਹੁਤ ਪੰਜਾਬੀ ਸਿੱਖ ਰੋਂਦੇ-ਧੋਂਦੇ ਹਿੰਦੁਸਤਾਨ ਆਏ ਸਨ, ਇਹ ਸੋਚ ਕੇ ਕਿ ਐਨੀ ਕੁਰਬਾਨੀ ਦੇ ਕੇ ਅਸੀਂ ਦੋਵੇਂ ਭਰਾ (ਹਿੰਦੂ ਤੇ ਸਿੱਖ) ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਸੁਖਚੈਨ ਨਾਲ ਜੀਵਾਂਗੇ... ਜਿਨ੍ਹਾਂ ਦੇ ਪੱਲੇ ਇਕ ਦਮੜੀ ਵੀ ਨਹੀਂ ਸੀ ਉਨ੍ਹਾਂ ਦਿਨ-ਰਾਤ ਲਹੂ ਪਸੀਨਾ ਇਕ ਕਰਕੇ ਆਪ ਹੀ ਆਪਣੇ ਆਪ ਨੂੰ ਖੜ੍ਹਾ ਕੀਤਾ। ਆਪਣੇ ਬਲਬੂਤੇ ਤੇ ਸ਼ਰਨਾਰਥੀ ਤੋਂ ਸ਼ਹਿਰਦਾਰ ਬਣੇ। ਘਰ-ਬਾਰ ਤੇ ਕਾਰੋਬਾਰ ਕੀਤੇ...ਸ਼ਾਨਦਾਰ ਕੀਤੇ... ਆਪਣੀ ਮਿਹਨਤ ਸਦਕਾ ਹੀ ਹਰ ਖੇਤਰ ਵਿਚ ਮੱਲ੍ਹਾਂ ਮਾਰੀਆਂ। ਜ਼ਰਾ ਕੁ ਸਾਹ ਵੀ ਹਾਲੀ ਨਹੀਂ ਸੀ ਆਇਆ ਕਿ ਅੰਦਰੇ ਅੰਦਰ ਕਿਸ ਨੇ ਜ਼ਹਿਰ ਘੋਲਿਆ ਕਿ ਸਾਰੀ ਫ਼ਿਜ਼ਾ ਧੁਆਂਖੀ ਗਈ...ਅੱਖਾਂ ਬਦਲ ਗਈਆਂ... ਪਲ ਵਿਚ ਦੋਸਤ ਦੁਸ਼ਮਣ ਬਣ ਗਏ... ਧਰਤੀ ਪੈਰਾਂ ਹੇਠੋਂ ਹਿੱਲਣ ਲਗੀ...ਜਾਉ... ਇੱਥੋਂ ਚਲੇ ਜਾਉ... ਤੁਸੀ ਗ਼ਦਾਰ ਹੋ... ਸਰਦਾਰ ਨਾਲ ਗ਼ਦਾਰ ਦਾ ਵਿਸ਼ੇਸ਼ਣ ਜੁੜ ਗਿਆ... ਉਹ ਸਰਦਾਰ ਜਿਨ੍ਹਾਂ ਸਰਬੰਸ ਵਾਰੇ... ਆਜ਼ਾਦੀ ਲਈ ਸਭ ਤੋਂ ਵੱਧ ਸ਼ਹੀਦੀਆਂ ਦਿੱਤੀਆਂ ਉਨ੍ਹਾਂ ਨਾਲ ਅਜਿਹਾ ਵਤੀਰਾ?

ਕਿੰਨੇ ਹੀ ਚਿਰ ਤਕ ਮੈਂ ਤਿਰੰਗੇ ਨੂੰ ਸਲਾਮ ਨਹੀਂ ਕਰ ਸਕੀ। ਇਹ ਮੈਨੂੰ ਕਿਸੇ ਹੋਰ ਹੀ ਮੁਲਕ ਦਾ ਲਗਦਾ ਰਿਹਾ।

## 'ਰਤਨ ਲਾਲ ਨਗਰ' ਨਗੀਨਾ ਸਿੰਘ ਐਚ ਆਈ ਜੀ 345

ਗੁਰਮਿੰਦਰ ਸਿੰਘ ਉਮਰ 33 ਸਾਲ ਦੀ ਵਿਧਵਾ ਵਜਿੰਦਰ ਕੌਰ ਉਮਰ 26 ਸਾਲ ਨੇ ਦੱਸਿਆ ਕਿ ਏਥੇ ਸ਼ਾਮੀ ਕੁਝ ਲੋਕਾਂ ਨੇ ਜਲੂਸ ਕੱਢਿਆ ਅਤੇ ਸਿੱਖਾਂ ਦੇ ਘਰਾਂ ਤੇ ਦੁਕਾਨਾਂ 'ਤੇ ਪਥਰਾਅ ਕੀਤਾ।

ਨਗੀਨਾ ਸਿੰਘ ਦਾ ਇਕ ਦੋਸਤ ਸ਼ਰਮਾ ਰਤਨ ਲਾਲ ਨਗਰ ਬੇਸਿਕ ਸਕੂਲ ਵਿਚ ਅੰਗਰੇਜ਼ੀ ਦਾ ਮਾਸਟਰ ਸੀ ਤੇ ਉਨ੍ਹਾਂ ਦੇ ਘਰ ਅਕਸਰ ਆਉਂਦਾ ਜਾਂਦਾ ਸੀ। ਸਾਰਾ ਟੱਬਰ ਉਸ ਦਾ ਬੇਹੱਦ ਸਤਿਕਾਰ ਕਰਦਾ।

ਨਗੀਨਾ ਸਿੰਘ ਦੀ ਬੇਟੀ ਦਾ ਵਿਆਹ ਧਰਿਆ ਹੋਇਆ ਸੀ ਤੇ 15 ਨਵੰਬਰ ਦੀ ਤਾਰੀਖ਼ ਤੈਅ ਹੋਈ ਸੀ। ਵਿਆਹ ਦਾ ਸਾਮਾਨ ਕੱਪੜੇ ਤੇ ਤੀਹ ਤੋਲੇ ਸੋਨਾ ਵੀ ਖ਼ਰੀਦ ਲਿਆ ਗਿਆ ਸੀ। ਸੋਮਵਾਰ ਨਗੀਨਾ ਸਿੰਘ ਮਾਸਟਰ ਸ਼ਰਮੇ ਨੂੰ ਨਾਲ ਲੈ ਕੇ ਬੈਂਕ ਗਿਆ। ਉਥੋਂ ਸੋਨਾ ਤੇ 60000/- ਰੁਪਏ ਦਾ ਡਰਾਫਟ ਬਣਵਾਇਆ ਕਿਉਂਕਿ ਵਿਆਹ ਬਾਹਰ ਕਰਨ ਜਾਣਾ ਸੀ।

ਪਹਿਲੀ ਤਾਰੀਖ਼ ਸਵੇਰੇ ਸ਼ਰਮਾ ਹਜੂਮ ਲੈ ਕੇ ਆਇਆ। ਉਹ ਪਹਿਲਾਂ ਆਪ ਅੰਦਰ ਆਇਆ ਤੇ ਕਹਿਣ ਲੱਗਾ ਕਿ ਨਗਦੀ, ਸੋਨਾ ਤੇ ਔਰਤਾਂ ਮੇਰੇ ਘਰ ਭੇਜ ਦਿਉ...ਪਰ ਜਦ ਸਾਡੇ ਵਿਚੋਂ ਕੋਈ ਨਹੀਂ ਮੰਨਿਆ ਤਾਂ ਕਹਿਣ ਲਗਾ ਕਿ ਤੁਸੀਂ ਪਿਛਲੇ ਕਮਰੇ ਵਿਚ ਬੰਦ ਹੋ ਜਾਉ। ਅਸਾਂ ਤਿੰਨਾਂ ਪਿਉ ਪੁੱਤਰਾਂ ਨੂੰ ਮਿਆਨੀ 'ਤੇ ਪਏ ਟਰੰਕਾਂ ਪਿਛੇ ਛੁਪਾ ਕੇ ਅੱਗੇ ਚਾਦਰ ਤਾਣ ਦਿੱਤੀ ਤੇ ਸ਼ਰਮੇ ਨੇ ਬਾਹਰੋਂ ਦਰਵਾਜ਼ੇ ਦੀ ਕੁੰਡੀ ਬੰਦ ਕਰ ਦਿੱਤੀ।

ਹਜੂਮ ਨੇ ਆ ਕੇ ਪਹਿਲਾਂ ਬਾਹਰਲੇ ਤਿੰਨ ਕਮਰੇ ਲੁੱਟੇ ਤੇ ਅੱਗ ਲਾ ਦਿੱਤੀ। ਫਿਰ ਸਾਡੇ ਕਮਰੇ ਦੇ ਦਰਵਾਜ਼ੇ ਤੋੜਨੇ ਸ਼ੁਰੂ ਕਰ ਦਿੱਤੇ। ਅਸੀਂ ਕਿਹਾ ਕਿ ਅਸੀਂ ਅੰਦਰ ਸਿਰਫ਼ ਔਰਤਾਂ ਹਾਂ ਸਾਨੂੰ ਛੱਡ ਦਿਉ... ਉਹ ਵਾਪਸ ਚਲੇ ਵੀ ਗਏ, ਪਰ ਫਿਰ ਸ਼ਰਮੇ ਦੀ ਆਵਾਜ਼ ਆਈ... ਉਹ ਕਹਿ ਰਿਹਾ ਸੀ ਕਿ ਸਭ ਅੰਦਰ ਹੀ ਨੇ।

ਫਿਰ ਉਨ੍ਹਾਂ ਦਰਵਾਜ਼ਾ ਤੋੜਿਆ ਤੇ ਮੈਨੂੰ ਬਾਹੋਂ ਫੜ ਕੇ ਬਾਹਰ ਘਸੀਟ ਲਿਆ। ਮੇਰੀ ਗੋਦ ਵਿਚ ਮੇਰੀ ਬੱਚੀ ਪੱਲਵੀ ਸੀ, ਉਨ੍ਹਾਂ ਉਸ ਨੂੰ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਉਸ ਨੂੰ ਸੀਨੇ ਨਾਲ ਘੁੱਟੀ ਰਖਿਆ। ਉਹ ਮੈਨੂੰ ਧਰੀਕ ਕੇ ਗੇਟ ਤੋਂ ਬਾਹਰ ਲੈ ਗਏ। ਕੋਈ ਮੇਰੀਆਂ ਬਾਹਵਾਂ ਨੋਚੇ, ਕੋਈ ਵਾਲ ਪੁੱਟੇ ਤੇ ਕੋਈ ਸੋਟੀਆਂ ਨਾਲ ਮਾਰੇ। ਮੈਂ ਪੱਲਵੀ ਨੂੰ ਸੀਨੇ ਨਾਲ ਘੁੱਟ ਕੇ ਜ਼ਮੀਨ 'ਤੇ ਬਹਿ ਗਈ, ਕਿ ਬੇਸ਼ੱਕ ਦੋਹਾਂ ਨੂੰ ਮਾਰ ਦਿਉ, ਪਰ ਬੱਚੀ ਨਹੀਂ ਦੇਵਾਂਗੀ। ਉਹ ਲਗਾਤਾਰ ਮੇਰਾ ਹੱਥ ਫੜ ਕੇ ਖਿੱਚ ਰਹੇ ਸਨ। ਮੈਂ ਅੰਗੂਠੀ ਉਤਾਰ ਕੇ ਸੁੱਟੀ ਤਾਂ ਉਹ ਸਾਰੇ ਉਸ 'ਤੇ ਝਪਟ ਪਏ।




ਸਾਡੇ ਗਵਾਂਢੀ ਦੋ ਬੰਦੇ ਮੇਰੇ ਕੋਲ ਆਏ, ਉਨ੍ਹਾਂ ਨੂੰ ਉਂਜ ਮੈਂ ਨਹੀਂ ਸਾਂ ਜਾਣਦੀ। ਬਾਅਦ ਵਿਚ ਉਨ੍ਹਾਂ ਦਸਿਆ ਕਿ ਉਹ ਮੈਨੂੰ ਬਚਾਉਣ ਵਾਲੇ ਸਨ। ਉਨ੍ਹਾਂ ਵਿਚੋਂ ਇਕ ਮੁੰਡੇ ਨੇ ਕਿਹਾ ਕਿ ਸਾਡੇ ਘਰ ਚਲੋ, ਪਰ ਮੈਂ ਡਰ ਕੇ ਦੌੜੀ ਤੇ ਨਾਲ ਵਾਲੇ ਸਿੰਧੀਆਂ ਦੇ ਘਰ ਗਈ। ਉਨ੍ਹਾਂ ਦੇ ਤਰਲੇ ਕੀਤੇ ਕਿ ਮੈਨੂੰ ਬਚਾਅ ਲਵੋ, ਪਰ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਨਾਲ ਵਾਲਾ ਘਰ ਵੀ ਸਿੰਧੀਆਂ ਦਾ ਹੀ ਸੀ, ਉਨ੍ਹਾਂ ਦਾ ਇਕ ਬਜ਼ੁਰਗ ਬਾਹਰ ਹੀ ਖਲ੍ਹੋਤਾ ਤਮਾਸ਼ਾ ਵੇਖ ਰਿਹਾ ਸੀ... ਮੈਂ ਉਸ ਦੀ ਮਿੰਨਤ ਕੀਤੀ ਕਿ ਆਪਣੇ ਘਰ ਅੰਦਰ ਜਾਣ ਦੇਵੇ ਤਾਂ ਉਸ ਗੇਟ ਖੋਲ੍ਹ ਦਿੱਤਾ। ਉਸ ਦੀ ਵਹੁਟੀ ਨੇ ਬਹੁਤ ਗੁੱਸੇ ਵਿਚ ਡਾਂਟ ਕੇ ਮੈਨੂੰ ਕਿਹਾ ਕਿ ਖ਼ਬਰਦਾਰ ਜੇ ਮੂੰਹੋ ਆਵਾਜ਼ ਕੱਢੀ। ਚੁੱਪ ਕਰਕੇ ਬਹਿ ਜਾ।



ਤਾਰਨ ਗੁਜਰਾਲ
ਫ਼ੋਨ 98557-19660

ਏਨੇ ਨੂੰ ਮੇਰੀ ਸੱਸ ਨੂੰ ਕਿਸੇ ਨੇ ਦਸਿਆ ਕਿ ਮੈਂ ਕਿੱਥੇ ਲੁਕੀ ਹੋਈ ਸਾਂ, ਤਾਂ ਉਹ ਮੇਰੀ ਨਨਾਣ ਨੂੰ ਵੀ ਨਾਲ ਲੈ ਕੇ ਉਨ੍ਹਾਂ ਦੇ ਘਰ ਆ ਗਈ। ਸਿੰਧੀਆਂ ਨੇ ਉਨ੍ਹਾਂ ਨੂੰ ਫਟਕਾਰ ਕੇ ਬਾਹਰ ਕੱਢ ਦਿੱਤਾ ਤਾਂ ਮੈਂ ਵੀ ਉਨ੍ਹਾਂ ਦੇ ਘਰੋਂ ਬਾਹਰ ਆ ਗਈ। ਸਾਹਮਣੇ ਇਕ ਮਕਾਨ ਬਣ ਰਿਹਾ ਸੀ। ਉਥੇ ਕੁਝ ਮਜ਼ਦੂਰ ਸਨ, ਜਿਨ੍ਹਾਂ ਸਾਨੂੰ ਵੇਖ ਕੇ ਉਸ ਉਸਰ ਰਹੇ ਮਕਾਨ ਵਿਚ ਬੁਲਾ ਲਿਆ ਤੇ ਅਸਾਂ ਉਥੇ ਹੀ ਪਨਾਹ ਲੈ ਲਈ।

ਮਾਤਾ ਜੀ ਦਾ ਸਿਰ ਪਾਟਾ ਹੋਇਆ ਸੀ ਤੇ ਲਹੂ ਵਗ ਰਿਹਾ ਸੀ। ਲੜਕੀ ਦੀ ਬਾਂਹ ਟੁੱਟੀ ਹੋਈ ਸੀ ਤੇ ਗਲ੍ਹ ਦਾ ਮਾਸ ਖਾਧਾ ਹੋਇਆ ਸੀ। ਇਕ ਗਲ੍ਹ ਦੀ ਹੱਡੀ ਵੀ ਟੁੱਟੀ ਹੋਈ ਸੀ। ਮਾਤਾ ਜੀ ਨੂੰ ਖ਼ੂਨ ਦੀਆਂ ਉਲਟੀਆਂ ਆ ਰਹੀਆਂ ਸਨ। ਮਜ਼ਦੂਰਾਂ ਕੋਲ ਹੋਰ ਤਾਂ ਉਸ ਵੇਲੇ ਨਾ ਕੋਈ ਦਵਾਈ ਸੀ ਤੇ ਨਾ ਹੀ ਚਾਰਾ। ਉਨ੍ਹਾਂ ਹਲਦੀ ਦੀ ਚਾਹ ਬਣਾ ਕੇ ਪਿਆਈ ਤਾਂ ਉਲਟੀਆਂ ਰੁਕ ਗਈਆਂ।

ਸਾਨੂੰ ਕੁਝ ਖ਼ਬਰ ਨਹੀਂ ਸੀ ਕਿ ਸਾਡੇ ਪਿੱਛੋਂ ਘਰ ਕੀ ਵਾਪਰਿਆ। ਅਸੀਂ ਲੰਘਣ ਵਾਲਿਆਂ ਦੇ ਤਰਲੇ ਲੈਂਦੀਆਂ ਰਹੀਆਂ ਕਿ ਸਾਡੇ ਘਰ ਦਾ ਹਾਲ ਵੇਖ ਕੇ ਦਸ ਜਾਣ। ਉਨ੍ਹਾਂ ਵਿਚੋਂ ਹੀ ਕਿਸੇ ਦਸਿਆ ਕਿ ਮੇਰਾ ਜੇਠ ਜੁਗਿੰਦਰ ਸਿੰਘ ਵਲਗਣ ਟੱਪ ਕੇ ਜਾਨ ਬਚਾਉਂਦਾ ਬਾਹਰ ਵਲ ਭੱਜਿਆ ਤਾਂ ਭੀੜ ਵੀ ਮਗਰੇ ਭੱਜੀ। ਉਨ੍ਹਾਂ ਪੱਥਰ ਮਾਰ ਮਾਰ ਉਸ ਨੂੰ ਡੇਗ ਦਿੱਤਾ ਤੇ ਉਤੋਂ ਭਾਲੇ ਤੇ ਲਾਠੀਆਂ ਨਾਲ ਲਹੂ ਲੁਹਾਨ ਕਰ ਦਿੱਤਾ।

ਕੋਲ ਹੀ ਸਾਡਾ ਮੋਟਰਸਾਈਕਲ ਤੇ ਵਿੱਕੀ ਸੜ ਰਹੇ ਸਨ, ਉਨ੍ਹਾਂ ਜੁਗਿੰਦਰ ਸਿੰਘ ਨੂੰ ਵਿੱਚੇ ਸੁੱਟ ਦਿੱਤਾ। ਅੱਗ ਦੇ ਸੇਕ ਨਾਲ ਉਸ ਨੂੰ ਹੋਸ਼ ਆ ਗਈ ਤੇ ਉਹ ਅੱਗ ਵਿਚੋਂ ਬਾਹਰ ਵੱਲ ਭੱਜਿਆ, ਪਰ ਲੋਕੀਂ ਉਸ ਨੂੰ ਫਿਰ ਅੱਗ ਵਿਚ ਸੁਟਦੇ ਰਹੇ ਤੇ ਤੜਫ਼ਾ ਤੜਫ਼ਾ ਕੇ ਮਾਰ ਦਿੱਤਾ।

ਸਹੁਰਾ ਨਗੀਨਾ ਸਿੰਘ ਵੀ ਘਰੋਂ ਨਸਿਆ, ਪਰ ਪਿਛੇ ਹੀ ਭੀੜ ਦੌੜੀ ਤੇ ਉਸ ਨੂੰ ਮੇਨ ਰੋਡ 'ਤੇ ਰੇਤ ਦੇ ਢੇਰ ਉੱਤੇ ਸੁੱਟ ਕੇ ਬੁਰੀ ਤਰ੍ਹਾਂ ਮਾਰਿਆ। ਡਾ. ਪਰਵੀਨ ਚੰਦਰ ਤੇ ਖੰਨਾ ਜੀ ਨੇ ਚੁੱਕ ਕੇ ਐਲ ਕੇ ਮੈਮੋਰੀਅਲ ਹਸਪਤਾਲ ਪਹੁੰਚਾਇਆ, ਪਰ ਗੁਲੂਕੋਜ਼ ਦੀ ਅੱਧੀ ਬੋਤਲ ਖ਼ਤਮ ਹੋਣ ਤਕ ਉਨ੍ਹਾਂ ਦੇ ਪ੍ਰਾਣ ਨਿਕਲ ਗਏ।

ਮੇਰੇ ਪਤੀ ਗੁਰਮਿੰਦਰ ਬਾਰੇ ਵੀ ਵੇਖਣ ਵਾਲਿਆਂ ਪਿੱਛੋਂ ਦਸਿਆ ਕਿ ਪਹਿਲਾਂ ਭੀੜ ਨੇ ਉਸ ਨੂੰ ਘਰ ਅੰਦਰ ਹੀ ਵਿੰਨ੍ਹ ਦਿੱਤਾ, ਫਿਰ ਦੋ ਜਣਿਆਂ ਨੇ ਮੂੰਹ ਪਰਨੇ ਕਰਕੇ ਲੱਤਾਂ ਤੋਂ ਘਸੀਟ ਕੇ ਅੱਗ ਵਿਚ ਸੁੱਟਿਆ। ਲਾਸ਼ਾਂ ਪੂਰੀ ਤਰ੍ਹਾਂ ਸੜੀਆਂ ਨਹੀਂ ਸਨ। ਗੁਆਂਢੀਆਂ ਨੇ ਦਸਿਆ ਕਿ ਘਰ ਦਾ ਪਾਲਤੂ ਕੁੱਤਾ ਕੋਲ ਬਹਿ ਕੇ ਰੋਂਦਾ ਰਿਹਾ ਤੇ ਕਿਸੇ ਕਾਂ, ਗਿੱਧ ਨੂੰ ਕੋਲ ਨਹੀਂ ਆਉਣ ਦਿੱਤਾ। ਦੂਜੇ ਕੁੱਤੇ ਲਾਸ਼ਾਂ ਘਸੀਟਦੇ ਰਹੇ। ਦੋ ਦਿਨ ਬਾਅਦ ਕੋਈ ਸਰਕਾਰੀ ਬੰਦਾ ਆਇਆ ਜਿਸ ਬਚੀਆਂ ਖੁਚੀਆਂ ਲਾਸ਼ਾਂ ਨੂੰ ਕੱਪੜੇ ਵਿਚ ਵਲ੍ਹੇਟ ਕੇ ਮੋਟਰ ਵਿਚ ਸੁੱਟਿਆ। ਸਾਨੂੰ ਲਾਸ਼ਾਂ ਵੀ ਨਹੀਂ ਮਿਲੀਆਂ।

ਸਾਨੂੰ ਤਿੰਨਾਂ ਔਰਤਾਂ ਨੂੰ ਸ਼ਾਮੀ ਪੰਜ ਵਜੇ ਆਰਮੀ ਉਸ ਅਧ ਉਸਰੇ ਮਕਾਨ ਵਿਚੋਂ ਕੱਢ ਕੇ ਲੈ ਗਈ। ਉਹ ਮਜ਼ਦੂਰ ਸਨ ਕਿ ਗ਼ਰੀਬ ਫ਼ਰਿਸ਼ਤੇ ਜਿਨ੍ਹਾਂ ਮੇਰੀ ਸੱਸ ਤੋਂ ਨਨਾਣ ਜੋ ਕਰੀਬ ਕਰੀਬ ਬੇਹੋਸ਼ ਹੀ ਸਨ ਤੇ ਸਾਰੇ ਕੱਪੜੇ ਲਹੂ ਨਾਲ ਨੁੱਚੜ ਰਹੇ ਸਨ, ਨੂੰ ਹਲਦੀ ਤੇਲ ਲਾਇਆ। ਆਪਣੇ ਇਕੋ ਇਕ ਕਟੋਰੇ ਨਾਲ ਮੂੰਹ ਵਿਚ ਪਾਣੀ ਪਾਇਆ।

ਆਰਮੀ ਪਹਿਲਾਂ ਸਾਨੂੰ ਨੌਬਸਤਾ ਥਾਣੇ ਲੈ ਗਈ। ਮਾਤਾ ਜੀ ਤੇ ਮੇਰੀ ਨਨਾਣ ਦੀ ਗੰਭੀਰ ਹਾਲਤ ਨੂੰ ਵੇਖ ਕੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਉਣ ਲਈ ਪੁਲੀਸ ਜੀਪ ਵਿਚ ਪਾਇਆ ਗਿਆ। ਮੇਰੇ ਕੋਲ ਇਕ ਪੈਸਾ ਵੀ ਨਹੀਂ ਸੀ ਕਿ ਮੈਂ ਆਪਣੇ ਪੇਕਿਆਂ ਨੂੰ ਫ਼ੋਨ ਹੀ ਕਰ ਸਕਦੀ। ਪੁਲੀਸ ਸਟੇਸ਼ਨ 'ਤੇ ਹੋਰ ਕਈ ਸਿੱਖ ਸਨ, ਜਿਨ੍ਹਾਂ ਦੇ ਮੈਂ ਤਰਲੇ ਕੀਤੇ, ਕਿ ਕੁਝ ਪੈਸੇ ਫ਼ੋਨ ਲਈ ਦੇਣ...ਮੈਂ ਕੋਈ ਐਸੇ ਵੈਸੇ ਘਰ ਦੀ ਨਹੀਂ। ਸਾਰੇ ਰਿਸ਼ਤੇਦਾਰ ਫ਼ੋਨ ਸੁਣਦਿਆਂ ਹੀ ਆ ਜਾਣਗੇ ਤੇ ਮੈਂ ਤੁਹਾਡੇ ਸਾਰੇ ਪੈਸੇ ਮੋੜ ਦਿਆਂਗੀ...ਪਰ ਕਿਸੇ ਨੇ ਇਕ ਨਾ ਸੁਣੀ।

ਪੁਲੀਸ ਵਾਲਿਆਂ ਨੂੰ ਬਹੁਤ ਕਹਿਣ ਤੇ ਕਿ ਮੈਨੂੰ ਅੰਦਰੂਨੀ ਚੋਟਾਂ ਆਈਆਂ ਨੇ ਤੇ ਮੇਰਾ ਡਾਕਟਰ ਨੂੰ ਵਿਖਾਉਣਾ ਲਾਜ਼ਮੀ ਹੈ, ਉਨ੍ਹਾਂ ਜੀਪ ਵਿਚ ਬਹਿਣ ਦੀ ਇਜਾਜ਼ਤ ਦੇ ਦਿੱਤੀ। ਸਾਨੂੰ ਤੇ ਹੋਰ ਕਈ ਜ਼ਖ਼ਮੀਆਂ ਨੂੰ ਪੁਲੀਸ ਨੇ ਉਰਸਿਲਾ ਹਸਪਤਾਲ ਪਹੁੰਚਾ ਦਿੱਤਾ।

ਬੱਚੀ ਰੋ ਰੋ ਬੇਹਾਲ ਮੇਰੇ ਮੋਢੇ ਨਾਲ ਚੰਬੜੀ ਹੋਈ ਸੀ। ਦੋਹਾਂ ਬਾਹਵਾਂ ਵਿਚ ਸੱਸ ਤੇ ਨਨਾਣ ਨੂੰ ਵਲਾਅ ਕੇ ਮੈਂ ਮਸਾਂ ਡਾਕਟਰ ਤੱਕ ਪਹੁੰਚੀ।

ਘਰ ਦੇ ਤਿੰਨ ਜਣਿਆਂ ਦੀ ਮੌਤ ਦੀ ਖ਼ਬਰ ਮੈਂ ਇਕੱਲੀ ਨੇ ਜ਼ਹਿਰ ਦੇ ਘੁੱਟ ਵਾਂਗ ਅੰਦਰ ਹੀ ਨਿਗਲ ਲਈ। ਸੱਸ ਤੇ ਨਨਾਣ ਇਸ ਹਾਲਤ ਵਿਚ ਹੀ ਨਹੀਂ ਸਨ ਕਿ ਉਨ੍ਹਾਂ ਨੂੰ ਕੁਝ ਦਸਿਆ ਜਾ ਸਕਦਾ।

ਉਨ੍ਹਾਂ ਦੀ ਡ੍ਰੈਸਿੰਗ ਕਰਵਾ ਕੇ ਬਿਸਤਰੇ 'ਤੇ ਲਿਟਾਉਣ ਪਿੱਛੋਂ ਮੈਂ ਫੇਰ ਬਾਹਰ ਆਈ। ਘਸੀਟਣ ਤੇ ਮਾਰਨ ਨੋਚਣ ਨਾਲ ਮੇਰੇ ਕੱਪੜੇ ਰੁਲੇ ਹੋਏ ਤੇ ਵਾਲ ਖਿਲਰੇ ਹੋਏ ਸਨ। ਵਾਰਡ ਵਿਚੋਂ ਬਾਹਰ ਨਿਕਲਦਿਆਂ ਹੀ ਮੇਰੀਆਂ ਭੁੱਬਾਂ ਨਿਕਲ ਗਈਆਂ। ਇਕ ਆਦਮੀ ਅੱਗੇ ਮੈਂ ਮੰਗਤੀਆਂ ਵਾਂਗ ਹੱਥ ਅੱਡਿਆ, ਤਾਂ ਉਹਨੇ ਇਕ ਰੁਪਿਆ ਤਲੀ 'ਤੇ ਧਰ ਦਿੱਤਾ... ਮੈਂ, ਜਿਸ ਨੂੰ ਮਾਂ ਪਿਉ ਨੇ ਫੁੱਲਾਂ ਵਾਂਗ ਪਾਲਿਆ ਸੀ, ਚਾਚਾ ਮੋਢਿਆਂ ਤੋਂ ਨਹੀਂ ਸੀ ਲਾਹੁੰਦਾ ਅੱਜ ਆਪਣੇ ਘਰ, ਆਪਣੇ ਸ਼ਹਿਰ ਤੇ ਆਪਣੇ ਦੇਸ਼ ਦੇ ਲੋਕਾਂ ਹੱਥੋਂ ਇਸ ਤਰ੍ਹਾਂ ਲੁੱਟੀ ਪੁੱਟੀ ਤੇ ਬੇਇੱਜ਼ਤ ਹੋ ਰਹੀ ਸਾਂ।

ਸ਼ੁਕਰ ਹੋਇਆ ਕਿ ਪਹਿਲੀ ਵਾਰ ਹੀ ਟੈਲੀਫ਼ੋਨ ਲਗ ਗਿਆ ਤੇ ਮੇਰੇ ਘਰ ਖ਼ਬਰ ਪਹੁੰਚ ਗਈ, ਪਰ ਉਸੇ ਵੇਲੇ ਇਕਦਮ ਬਿਨਾਂ ਪਰਮਿਟ ਤੋਂ ਘਰ ਵਾਲੇ ਮੇਰੇ ਤੱਕ ਪਹੁੰਚ ਨਹੀਂ ਸਨ ਸਕਦੇ।

ਪੱਲਵੀ ਵੀ ਬੁਖ਼ਾਰ ਨਾਲ ਤੱਪ ਰਹੀ ਸੀ ਤੇ ਉਹ ਭੁੱਖੀ ਵੀ ਸੀ। ਸਵੇਰ ਦਾ ਮੂੰਹ ਵਿਚ ਅੰਨ ਦਾ ਦਾਣਾ ਵੀ ਨਹੀਂ ਸੀ ਗਿਆ। ਹਸਪਤਾਲ ਦੇ ਕਰਮਚਾਰੀ ਤੇ ਨਰਸਾਂ ਇੰਜ ਝਈਆਂ ਲੈ ਕੇ ਪੈ ਰਹੇ ਸਨ ਜਿਵੇਂ ਅਸੀਂ ਹੀ ਇੰਦਰਾ ਗਾਂਧੀ ਦਾ ਕਤਲ ਕੀਤਾ ਹੈ। ਸਗੋਂ ਮਰੀਜ਼ ਵੀ ਗਾਲ੍ਹਾਂ ਕੱਢ ਰਹੇ ਸਨ। ਐਸਾ ਅਣਮਨੁੱਖੀ ਸਲੂਕ ਜਿਹੜਾ ਕਿਆਸਿਆ ਵੀ ਨਹੀਂ ਜਾ ਸਕਦਾ, ਉਹ ਪੂਰੀ ਤਰ੍ਹਾਂ ਹਵਾ ਵਿਚ ਜ਼ਹਿਰ ਬਣ ਕੇ ਫੈਲਿਆ ਹੋਇਆ ਸੀ।

ਰਾਤੀਂ ਆਪਣੀ ਸੱਸ ਤੇ ਨਨਾਣ ਦੇ ਪਲੰਘ ਨਾਲ ਫ਼ਰਸ਼ 'ਤੇ ਲੇਟੀ ਪੱਲਵੀ ਨੂੰ ਛਾਤੀ ਨਾਲ ਲਾਈ ਮੈਂ ਡੁਸਕ ਰਹੀ ਸਾਂ ਕਿ ਇਕ ਮੋਟੀ ਜਿਹੀ ਨਰਸ ਨੇ ਮੈਨੂੰ ਮੋਢੇ ਤੋਂ ਹਿਲਾ ਕੇ ਉਠਣ ਲਈ ਕਿਹਾ।

ਉਸ ਨੇ ਰੁਮਾਲ ਵਿਚ ਇਕ ਰੋਟੀ ਵਲ੍ਹੇਟ ਕੇ ਆਪਣੇ ਬਲਾਊਜ਼ ਵਿਚ ਲੁਕਾਈ ਹੋਈ ਸੀ, ਜੋ ਮੇਰੇ ਹੱਥ ਵਿਚ ਦੇ ਕੇ ਕਹਿਣ ਲਗੀ ਕਿ ਚੁੱਪਚਾਪ ਖਾ ਲੈ, ਕਿਸੇ ਨੇ ਵੇਖ ਲਿਆ ਤਾਂ ਮੇਰੀ ਸ਼ਾਮਤ ਆ ਜਾਵੇਗੀ।

ਨਨਾਣ ਤਾਂ ਬੇਸੁੱਧ ਪਈ ਸੀ ਤੇ ਨਾ ਹੀ ਉਹ ਖਾ ਸਕਣ ਦੇ ਕਾਬਲ ਸੀ। ਸੋ ਅੱਧੀ ਰੋਟੀ ਮੈਂ ਮਾਤਾ ਜੀ ਨੂੰ ਖੁਆਈ ਤੇ ਅੱਧੀ ਭੋਰ ਭੋਰ ਪਾਣੀ ਵਿਚ ਭਿਉਂ ਕੇ ਪੱਲਵੀ ਨੂੰ ਖੁਆਈ, ਤਾਂ ਉਹ ਕੁਝ ਚੈਨ ਵਿਚ ਹੋ ਕੇ ਸੌਂ ਗਈਆਂ।

ਦੂਸਰੇ ਦਿਨ ਇਕ ਕਾਊਂਸਲਰ ਦੇ ਨਾਲ ਮੇਰਾ ਭਰਾ ਆਇਆ ਤੇ ਸਾਨੂੰ ਪੈਸੇ ਤੇ ਜ਼ਰੂਰੀ ਸਾਮਾਨ ਪਹੁੰਚਾ ਕੇ ਗਿਆ। ਉਹ ਦੋਵੇਂ ਹਾਲੀ ਘਰ ਜਾਣ ਦੀ ਹਾਲਤ ਵਿਚ ਵੀ ਨਹੀਂ ਸਨ ਤੇ ਮੈਂ ਉਨ੍ਹਾਂ ਦੀ ਦੇਖਭਾਲ ਕਰਨੀ ਸੀ। ਨਰਸਾਂ ਤੇ ਡਾਕਟਰ ਵੀ ਉਸ ਵੇਲੇ ਮਰੀਜ਼ਾਂ ਨਾਲ ਅਣਮਨੁੱਖੀ ਵਿਹਾਰ ਕਰ ਰਹੇ ਸਨ।

ਪਿਛੋਂ ਪਤਾ ਲਗਾ ਕਿ ਸਾਡਾ ਘਰ ਤਬਾਹ ਕਰਕੇ ਉਨ੍ਹਾਂ ਗੁਰਦੁਆਰਾ ਲੁੱਟਿਆ ਤੇ ਅੱਗ ਲਾ ਦਿੱਤੀ। ਉਸ ਤੋਂ ਬਾਅਦ ਉਹ ਹਰਬੰਸ ਸਿੰਘ ਭਾਟੀਏ ਦੇ ਮਕਾਨ 'ਤੇ ਜਾ ਪਏ। ਉਥੋਂ ਵੀ ਲੁੱਟ ਕੇ ਹਰਬੰਸ ਸਿੰਘ ਤੇ ਉਨ੍ਹਾਂ ਦੇ 27 ਸਾਲ ਦੇ ਬੇਟੇ ਮਹਿੰਦਰ ਸਿੰਘ ਨੂੰ ਲੋਹੇ ਦੇ ਡੰਡਿਆਂ ਨਾਲ ਮਾਰ ਕੇ ਜ਼ਿੰਦਾ ਅੱਗ ਵਿਚ ਸਾੜ ਦਿੱਤਾ... ਉਨ੍ਹਾਂ ਦੀ ਕਾਰ ਸਕੂਟਰ ਸਭ ਅਗਨੀ ਭੇਟ ਕਰ ਦਿੱਤੇ ਤੇ ਘਰ ਨੂੰ ਵੀ ਅੱਗ ਲਾ ਦਿੱਤੀ। ਕੁਝ ਹੋਰ ਘਰਾਂ ਵਿਚ ਵੀ ਲੁੱਟ ਹੋਈ ਤੇ ਪੰਜ ਮੌਤਾਂ ਹੋਈਆਂ। ਐਚ ਆਈ ਜੀ ਰਤਨ ਲਾਲ ਨਗਰ ਵਿਚ ਕੁਲ 100 ਮਕਾਨ ਹਨ, ਜਿਨ੍ਹਾਂ ਵਿਚੋਂ 39 ਸਰਦਾਰਾਂ ਦੇ ਹਨ। ਇਸ ਤੋਂ ਇਲਾਵਾ 70 ਦੇ ਕਰੀਬ ਪ੍ਰਾਈਵੇਟ ਕੋਠੀਆਂ ਹਨ, ਜਿਨ੍ਹਾਂ ਵਿਚੋਂ 22 ਕੋਠੀਆਂ ਸਰਦਾਰਾਂ ਦੀਆਂ ਹਨ।

ਇਸ ਦੇ ਨਾਲ ਹੀ ਛੋਟੀਆਂ ਵੱਡੀਆਂ ਨਵੀਆਂ ਕਾਲੋਨੀਆਂ ਬੱਰ੍ਹਾ, ਦਬੌਲੀ ਤੇ ਪਿੰਡ ਘਾਟਮਪੁਰ ਲਗਦਾ ਹੈ ਜਿਹੜੇ ਖੂੰਖਾਰ ਡਾਕੂਆਂ ਤੇ ਕਾਤਲਾਂ ਲਈ ਬਦਨਾਮ ਹੈ। ਇਸ ਦੇ ਨਾਲ ਹੀ ਗੁਜੈਨੀ ਪਿੰਡ ਤੋਂ ਹਿੰਸਕਾਂ ਦੀ ਭੀੜ ਆਈ ਜਿਨ੍ਹਾਂ ਕੋਲ ਲਾਠੀਆਂ, ਲੋਹੇ ਦੀਆਂ ਰਾਡਾਂ, ਦੇਸੀ ਕੱਟੇ ਤੇ ਰਾਈਫ਼ਲਾਂ ਸਨ। ਇਹ ਲੋਕ ਟਰੱਕਾਂ ਵਿਚ ਭਰ ਕੇ ਆਏ। ਲੋਕਲ ਨੇਤਾ ਇਨ੍ਹਾਂ ਨੂੰ ਲੀਡ ਕਰ ਰਹੇ ਸਨ। ਗਹਿਣੇ, ਨਕਦ ਤੇ ਕੀਮਤੀ ਚੀਜ਼ਾਂ ਨੇਤਾ ਆਪ ਰੱਖ ਲੈਂਦੇ ਤੇ ਬਾਕੀ ਭੀੜ ਵਿਚ ਲੁਟਾ ਦਿੱਤੇ ਜਾਂਦੇ ਤੇ ਅੱਗਾਂ ਲਾ ਦਿੱਤੀਆਂ ਜਾਂਦੀਆਂ ਕਿ ਨਾਮੋ ਨਿਸ਼ਾਨ ਹੀ ਮਿਟ ਜਾਵੇ।

(ਬਾਕੀ ਅਗਲੇ ਹਫ਼ਤੇ)

# ਸੁਖਬੀਰ ਬਾਦਲ ਦੀ ਪਾਣੀ ਵਾਲੀ ਬੱਸ ਨੇ ਲਾਈ ਹਰੀਕੇ ਪੱਤਣ ਵਿਚ ਤਾਰੀ

**ਹਰੀਕੇ/ਬਿਊਰੋ ਨਿਊਜ਼ :**
ਸਤਲੁਜ-ਬਿਆਸ ਦਰਿਆ ਦੇ ਸੰਗਮ 'ਤੇ ਬਣੀ ਹਰੀਕੇ ਝੀਲ ਵਿੱਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਲ ਬੱਸ ਦੀ ਸ਼ੁਰੂਆਤ ਕੀਤੀ। ਲਗਪਗ 10 ਕਰੋੜ ਰੁਪਏ ਦੀ ਲਾਗਤ ਵਾਲੀ ਇਸ ਯੋਜਨਾ ਤਹਿਤ ਜਲ ਬੱਸ ਨੂੰ ਝੀਲ ਵਿੱਚ ਉਤਾਰਿਆ ਗਿਆ, ਜਿਸ ਵਿੱਚ ਖ਼ੁਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਵਾਰ ਸਨ। ਇਸ ਦੌਰਾਨ ਉਪ ਮੁੱਖ ਮੰਤਰੀ ਨੇ ਆਖਿਆ ਕਿ ਉਨ੍ਹਾਂ ਦਾ ਇਕ ਹੋਰ ਸੁਫ਼ਨਮਈ ਪ੍ਰਾਜੈਕਟ ਪੂਰਾ ਹੋਇਆ ਹੈ, ਜਿਸ ਬਾਰੇ ਵਿਰੋਧੀਆਂ ਤੇ ਹੋਰਾਂ ਨੇ ਵੱਡੀ ਆਲੋਚਨਾ ਕੀਤੀ ਸੀ। ਆਲੋਚਨਾ ਕਰਨ ਵਾਲਿਆਂ ਬਾਰੇ ਉਨ੍ਹਾਂ ਆਖਿਆ ਕਿ ਕਾਂਗਰਸੀ ਅਤੇ 'ਆਪ' ਵਾਲੇ ਹੁਣ ਇਸ ਜਲ ਬੱਸ ਵਿੱਚ ਸਵਾਰ ਹੋ ਕੇ ਕੁਦਰਤ ਦੇ ਨਜ਼ਾਰੇ ਦਾ ਆਨੰਦ ਲੈ ਸਕਦੇ ਹਨ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਉਹ ਇਸ ਯੋਜਨਾ ਦੇ ਅਗਲੇ ਪੜਾਅ ਵਿਚ ਪੰਜਾਬ ਵਿਚਲੀਆਂ ਹੋਰ ਜਲਗਾਹਾਂ 'ਤੇ ਵੀ ਸੈਰ-ਸਪਾਟੇ ਨੂੰ ਉਭਾਰਨ ਲਈ ਜਲ ਬੱਸ ਸੇਵਾ ਸ਼ੁਰੂ ਕਰਨਗੇ, ਜਿਨ੍ਹਾਂ ਵਿੱਚ ਬਠਿੰਡਾ ਤੇ ਰੋਪੜ ਸ਼ਾਮਲ ਹਨ।



ਜਲ ਬੱਸ ਯੋਜਨਾ ਤਹਿਤ ਹਰੀਕੇ ਪੁਲ ਨੇੜੇ ਇਸ ਬੱਸ ਦੇ ਠਹਿਰਾਅ ਵਾਸਤੇ ਵਿਸ਼ੇਸ਼ ਥਾਂ ਤਿਆਰ ਕੀਤੀ ਗਈ ਹੈ, ਜਿੱਥੇ ਖਾਣ-ਪੀਣ ਤੇ ਹੋਰ ਸਹੂਲਤਾਂ ਦਾ ਵੀ ਪ੍ਰਬੰਧ ਹੈ। ਇਹ ਬੱਸ ਇੱਥੋਂ ਯਾਤਰੀਆਂ ਨੂੰ ਲੈ ਕੇ ਝੀਲ ਲਈ ਰਵਾਨਾ ਹੋਵੇਗੀ। ਲਗਭਗ ਤਿੰਨ ਕਿਲੋਮੀਟਰ ਕੱਚੇ-ਪੱਕੇ ਰਸਤੇ 'ਤੇ ਚੱਲਣ ਮਗਰੋਂ ਬੱਸ ਝੀਲ ਵਿੱਚ ਉਤਰੇਗੀ ਅਤੇ 45 ਮਿੰਟ ਝੀਲ ਵਿੱਚ ਚੱਕਰ ਲਾਏਗੀ। ਇਨ੍ਹਾਂ ਦਿਨਾਂ ਵਿੱਚ ਜਦੋਂ ਇੱਥੇ ਪਰਵਾਸੀ ਪੰਛੀ ਆਏ ਹੋਏ ਹਨ ਤਾਂ ਇਹ ਯਾਤਰਾ ਹੋਰ ਵੀ ਮਨਮੋਹਕ ਬਣ ਸਕਦੀ ਹੈ। ਸੈਰ ਸਪਾਟਾ ਵਿਭਾਗ ਦੇ ਪ੍ਰਮੁੱਖ ਸਕੱਤਰ ਹੁਸਨ ਲਾਲ ਨੇ ਦੱਸਿਆ ਕਿ ਹਰੀਕੇ ਤੋਂ ਇਸ ਬੱਸ ਵਿੱਚ ਸਵਾਰ ਹੋ ਕੇ ਝੀਲ ਦਾ ਆਨੰਦ ਮਾਣਨ ਦੀ ਫੀਸ 800 ਰੁਪਏ ਪ੍ਰਤੀ ਸਵਾਰੀ ਰੱਖੀ ਗਈ ਹੈ, ਜਦੋਂ ਕਿ ਅੰਮ੍ਰਿਤਸਰ ਤੋਂ ਆਉਣ ਵਾਲੇ ਯਾਤਰੀਆਂ ਵਾਸਤੇ ਆਉਣ-ਜਾਣ ਸਮੇਤ 2000 ਰੁਪਏ ਪ੍ਰਤੀ ਸਵਾਰੀ ਫੀਸ ਰੱਖੀ ਗਈ ਹੈ। ਇਸ ਫੀਸ ਵਿੱਚ ਯਾਤਰੂਆਂ ਨੂੰ ਹਲਕਾ ਨਾਸ਼ਤਾ ਵੀ ਮੁਹੱਈਆ ਹੋਵੇਗਾ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਵਿੱਚ ਸ਼ੁਰੂ ਕੀਤੀਆਂ ਡਬਲ ਡੈਕਰ ਬੱਸਾਂ ਨੂੰ ਵੀ ਇਸ ਯੋਜਨਾ ਨਾਲ ਜੋੜਿਆ ਗਿਆ ਹੈ।ਇਸ ਬੱਸ ਵਿੱਚ 28 ਸੀਟਾਂ ਹਨ ਅਤੇ ਹਰੇਕ ਸੀਟ ਨਾਲ ਸੁਰੱਖਿਆ ਜੈਕਟ ਲੱਗੀ ਹੋਈ ਹੈ। ਇਸ ਯੋਜਨਾ ਨੂੰ ਸਰਕਾਰ ਵੱਲੋਂ ਪੀਪੀਪੀ ਆਧਾਰ 'ਤੇ ਸ਼ੁਰੂ ਕੀਤਾ ਗਿਆ ਹੈ। ਇਸ ਮੌਕੇ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ, ਹਰੀ ਸਿੰਘ ਜ਼ੀਰਾ, ਬੀਬੀ ਪ੍ਰਨੀਤ ਕੌਰ ਵੀ ਹਾਜ਼ਰ ਸਨ।

### ਰਜਿਸਟਰਡ ਨਹੀਂ ਜਲ ਬੱਸ

ਇਹ ਜਲ ਬੱਸ ਸੜਕ 'ਤੇ ਵੀ ਚੱਲਣ ਦੇ ਸਮਰੱਥ ਹੈ। ਇਸ ਲਈ ਟਰਾਂਸਪੋਰਟ ਵਿਭਾਗ ਵਿੱਚ ਇਸ ਦੀ ਰਜਿਸਟਰੇਸ਼ਨ ਹੋਣੀ ਜ਼ਰੂਰੀ ਹੈ ਅਤੇ ਆਮ ਬੱਸਾਂ ਵਾਂਗ ਨੰਬਰ ਵੀ ਜ਼ਰੂਰੀ ਹੈ ਪਰ ਫਿਲਹਾਲ ਜਲ ਬੱਸ ਦੀ ਰਜਿਸਟਰੇਸ਼ਨ ਤੇ ਨੰਬਰ ਦਾ ਕੰਮ ਬਾਕੀ ਹੈ। ਅਧਿਕਾਰੀਆਂ ਨੇ ਆਖਿਆ ਕਿ ਇਸ ਸਬੰਧੀ ਪ੍ਰਕਿਰਿਆ ਜਾਰੀ ਹੈ।

## ਸੁਖਬੀਰ ਬਾਦਲ ਦੀ ਜਲ ਬੱਸ ਨੇ ਡੋਬ ਦਿੱਤੀਆਂ ਸਰਹੱਦੀ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ

**ਫ਼ਿਰੋਜ਼ਪੁਰ/ਬਿਊਰੋ ਨਿਊਜ:**ਪੰਜਾਬ ਦੇ ਪਾਣੀਆਂ ਵਿੱਚ ਜਲ-ਬੱਸਾਂ ਚਲਾਉਣ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਸੁਪਨਮਈ ਪ੍ਰੋਜੈਕਟ ਨੂੰ ਪੂਰਾ ਕਰਨ ਤੇ ਮਹਿਜ ਪਾਣੀ ਵਾਲੀ ਬੱਸ ਨੂੰ ਚਲਾਉਣ ਖ਼ਾਤਰ ਹਰੀਕੇ ਪੱਤਣ 'ਚ ਪਾਣੀ ਦਾ ਪੱਧਰ ਉੱਚਾ ਕਰਨ ਲਈ ਭਾਖੜਾ ਡੈਮ ਤੋਂ ਛੁਡਵਾਇਆ ਪਾਣੀ ਕਿਸਾਨਾਂ ਲਈ ਤਬਾਹੀ ਦਾ ਕਾਰਨ ਬਣ ਚੁੱਕਾ ਹੈ . ਹਾਲ ਇਹ ਹੈ ਕਿ ਉਕਤ ਵਾਧੂ ਪਾਣੀ ਨਾਲ ਕੌਮਾਂਤਰੀ ਸਰਹੱਦ ਹੁਸੈਨੀਵਾਲਾ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਫਸਲ ਤਬਾਹ ਹੋ ਚੁੱਕੀ ਹੈ . ਸਿੰਚਾਈ ਵਿਭਾਗ ਹਰੀਕੇ ਡਵੀਜ਼ਨ ਦੇ ਜਿਹੜੇ ਅਧਿਕਾਰੀ ਬੀਤੇ ਦਿਨ ਪਾਣੀ ਦੀ ਬੱਸ ਚੱਲਣ ਵੇਲੇ ਆਪਣੇ-ਆਪ ਨੂੰ ਆਪ ਮੁਹਾਰੇ ਪੇਸ਼ ਕਰ ਰਹੇ ਸਨ, ਹੁਣ ਫ਼ਸਲਾਂ ਦੀ ਹੋਈ ਤਬਾਹੀ ਸਬੰਧੀ ਪੱਲਾ ਝਾੜ ਰਹੇ ਹਨ .

ਦੱਸਣਯੋਗ ਹੈ ਕਿ ਬੀਤੀ 9 ਦਸੰਬਰ ਨੂੰ ਹਰੀਕੇ ਪੱਤਣ ਵਿਖੇ ਡ੍ਰੀਮ ਪ੍ਰੋਜੈਕਟ ਅਧੀਨ ਪਾਣੀ ਵਾਲੀ ਬੱਸ ਨੂੰ ਦਰਿਆ 'ਚ ਉਤਾਰ ਕੇ ਚਲਾਉਣ ਦਾ ਯਤਨ ਕੀਤਾ ਗਿਆ ਸੀ ।ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਉਕਤ ਪਾਣੀ ਵਾਲੀ ਬੱਸ ਦਰਿਆ 'ਚ ਨਹੀਂ ਉਤਰੀ, ਜਿਸ ਨੂੰ ਦੇਖਦਿਆਂ ਅਧਿਕਾਰੀਆਂ ਵੱਲੋਂ ਪਾਣੀ ਦਾ ਪੱਧਰ ਉਚਾ ਚੁੱਕਣ ਲਈ ਮਨਸੂਬੇ ਘੜੇ ਗਏ । ਸੂਤਰਾਂ ਮੁਤਾਬਿਕ ਭਾਖੜਾ ਡੈਮ ਤੋਂ ਪਾਣੀ ਛੁਡਵਾਇਆ ਗਿਆ ਤੇ ਮੁੜ 10 ਦਸੰਬਰ ਨੂੰ ਟਰਾਇਲ ਅਧੀਨ ਬੱਸ ਨੂੰ ਪਾਣੀ 'ਚ ਉਤਾਰਿਆ ਗਿਆ, ਪਰ ਫ਼ਿਰ ਉਕਤ ਜਲ ਬੱਸ ਦੀ ਪਾਣੀ 'ਚ ਚੱਲਣ ਵਾਲੀ ਸਥਿਤੀ ਜਿਉਂ ਦੀ ਤਿਉਂ ਰਹੀ । ਹੌਲੀ-ਹੌਲੀ ਹਰੀਕੇ ਪੱਤਣ 'ਤੇ ਪਾਣੀ ਇਕੱਤਰ ਹੁੰਦਾ ਗਿਆ ਤੇ ਜਿਵੇਂ ਹੀ ਪਾਣੀ ਦਾ ਪੱਧਰ ਉਚਾ ਹੋਇਆ ਤਾਂ 11 ਦਸੰਬਰ ਨੂੰ ਲਏ ਟਰਾਇਲ 'ਚ ਡ੍ਰੀਮ ਪ੍ਰੋਜੈਕਟ ਨੂੰ ਸਫ਼ਲਤਾ ਮਿਲੀ . 12 ਦਸੰਬਰ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਡ੍ਰੀਮ ਪ੍ਰੋਜੈਕਟ ਨੂੰ ਬੂਰ ਪਿਆ ਤੇ ਪਾਣੀ ਵਾਲੀ ਬੱਸ ਨੂੰ ਕਾਮਯਾਬੀ ਮਿਲੀ, ਓਧਰ ਹਰੀਕੇ ਪੱਤਣ ਵਿਖੇ ਪਾਣੀ ਦਾ ਪੱਧਰ ਉਚਾ ਹੋ ਚੁੱਕਾ ਸੀ, ਪਰ ਪਾਣੀ ਸਟੋਰ ਕਰਨ ਵਾਲੇ ਗੇਟ 'ਚ ਖ਼ਰਾਬੀ ਹੋਣ ਕਾਰਨ ਇਸ ਨੂੰ ਵਹਾਅ ਦਿੱਤਾ ਗਿਆ, ਜਿਸ ਦੇ ਸਿੱਟੇ ਵਜੋਂ ਉਕਤ ਪਾਣੀ ਰਫ਼ਤਾਰ ਫੜਦਾ ਕਿਸਾਨਾਂ ਦੇ ਖੇਤਾਂ 'ਚ ਆਣ ਵੜਿਆ, ਜਿਸ ਕਾਰਨ ਕੌਮਾਂਤਰੀ ਸਰਹੱਦ ਹੁਸੈਨੀਵਾਲਾ ਨਜ਼ਦੀਕ ਪਿੰਡ ਖੁੰਦੜ ਗੱਟੀ, ਹਬੀਬ ਕੇ, ਅਲੀ ਕੇ, ਗੁਲਾਮ ਹੁਸੈਨ ਵਾਲਾ ਆਦਿ ਦਰਿਆ ਨੇੜਲੇ ਪਿੰਡਾਂ ਦੀ ਜ਼ਮੀਨ ਬੁਰੀ ਪ੍ਰਭਾਵਿਤ ਹੋਣ ਕਾਰਨ ਕਣਕ, ਹੋਰ ਫਸਲਾਂ ਤੋਂ ਇਲਾਵਾ ਗਾਜਰਾਂ ਅਤੇ ਹੋਰ ਸਬਜ਼ਦਾਂ ਭਾਰੀ ਨੁਕਸਾਨ ਹੋਇਆ ਹੈ।

## ਫਰਿਜ਼ਨੋ ਕਾਉਂਟੀ ਸੁਪਰਵਾਈਜ਼ਰ ਘੱਟ ਗਿਣਤੀਆਂ ਦੇ ਹੱਕਾਂ ਲਈ ਡਟੇ



ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ : ਪਿਛਲੇ ਸਮੇਂ ਦੌਰਾਨ ਫਰਿਜ਼ਨੋ ਸ਼ਹਿਰ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਘੱਟ ਗਿਣਤੀਆਂ ਖਾਸ ਕਰਕੇ ਸਿੱਖ ਅਤੇ ਮੁਸਲਮ ਭਾਈਚਾਰੇ ਨਾਲ ਸਬੰਧਤ ਲੋਕਾਂ 'ਤੇ ਗੋਰਿਆਂ ਅਤੇ ਮੈਕਸੀਕੋ ਮੂਲ ਦੇ ਲੋਕਾਂ ਵੱਲੋਂ ਅਪਮਾਨਜਨਕ ਟਿਪਣੀਆਂ ਅਤੇ ਨਸਲੀ ਹਮਲਿਆਂ ਦੇ ਕਈ ਕੇਸ ਸਾਹਮਣੇ ਆਏ ਸਨ। ਇਸ ਦੇ ਮੱਦੇਨਜ਼ਰ ਸਿੱਖ ਭਾਈਚਾਰੇ ਦੇ ਹਮਦਰਦ ਵਜੋਂ ਜਾਣੇ ਜਾਂਦੇ ਸੁਪਰਵਾਈਜ਼ਰ ਹੈਨਰੀ ਪਰੇਆ ਦੇ ਅਹਿਦ ਸਦਕਾ ਫਰਿਜ਼ਨੋ ਕਾਉਂਟੀ ਸੁਪਰਵਾਈਜ਼ਰਾਂ ਦੀ ਅਹਿਮ ਮੀਟਿੰਗ ਫਰਿਜ਼ਨੋ ਕਾਉਂਟੀ ਰਿਕਾਰਡ ਹਾਊਸ ਵਿੱਚ ਹੋਈ। ਇਥੇ ਮਤਾ ਪਾਸ ਕਰਕੇ ਨਸਲੀ ਵਿਤਕਰੇ ਨਾਲ ਭਰੇ ਲੋਕਾਂ ਪ੍ਰਤੀ ਸਖਤ ਕਨੂੰਨੀ ਕਾਰਵਾਈ ਦੀ ਮੰਗ ਕਰਦਿਆਂ ਪੁਲੀਸ ਪ੍ਰਸ਼ਾਸਨ ਨੂੰ ਵੀ ਇਨ੍ਹਾਂ ਨਫ਼ਰਤੀ ਅਪਰਾਧ ਨਾਲ ਸਬੰਧਤ ਮੁਲਜ਼ਮਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਕਿਹਾ ਗਿਆ। ਇਸ ਮੌਕੇ ਸੁਪਰਵਾਈਜ਼ਰਾਂ ਤੋਂ ਸਿਵਾਏ ਸਿੱਖ ਅਤੇ ਮੁਸਲਮਾਨ ਭਾਈਚਾਰੇ ਨਾਲ ਸਬੰਧਤ ਬੁਲਾਰਿਆਂ ਨੇ ਵੀ ਇਸ ਮੀਟਿੰਗ ਨੂੰ ਸੰਬੋਧਨ ਕੀਤਾ ਤੇ ਇਹ ਮਤਾ ਲਿਆਉਣ ਲਈ ਕਾਉਂਟੀ ਸੁਪਰਵਾਈਜ਼ਰ ਹੈਨਰੀ ਪਰੇਆ ਦਾ ਧੰਨਵਾਦ ਕੀਤਾ।

# ਹੈਲੀਕਾਪਟਰਾ ਘੁਟਾਲਾ : 450 ਕਰੋੜ ਦੇ ਰਿਸ਼ਵਤ ਮਾਮਲੇ ਵਿਚ ਸਾਬਕਾ ਹਵਾਈ ਫ਼ੌਜ ਮੁਖੀ ਤਿਆਗੀ ਗ੍ਰਿਫ਼ਤਾਰ

*• ਫ਼ੌਜ ਮੁਖੀ ਰਹੇ ਵਿਅਕਤੀ 'ਤੇ ਇਤਿਹਾਸ ਵਿਚ ਪਹਿਲੀ ਅਜਿਹੀ ਕਾਰਵਾਈ • ਤਿਆਗੀ ਦੇ ਨਾਲ ਚਚੇਰਾ ਭਰਾ ਤੇ ਚੰਡੀਗੜ੍ਹ ਦਾ ਇਕ ਵਕੀਲ ਵੀ ਗ੍ਰਿਫ਼ਤਾਰ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਯੂਪੀਏ-2 ਸਰਕਾਰ ਵੇਲੇ ਬਰਤਾਨੀਆ ਆਧਾਰਤ ਕੰਪਨੀ ਅਗਸਤਾਵੈਸਟਲੈਂਡ ਤੋਂ 12 ਵੀਵੀਆਈਪੀ ਹੈਲੀਕੌਪਟਰਾਂ ਦੀ ਖ਼ਰੀਦ ਸਬੰਧੀ 450 ਕਰੋੜ ਰੁਪਏ ਰਿਸ਼ਵਤ ਲੈਣ ਦੇ ਕੇਸ ਵਿੱਚ ਸੀਬੀਆਈ ਨੇ ਹਵਾਈ ਫ਼ੌਜ ਦੇ ਸਾਬਕਾ ਮੁਖੀ ਐਸ.ਪੀ.ਤਿਆਗੀ, ਉਨ੍ਹਾਂ ਦੇ ਰਿਸ਼ਤੇਦਾਰ ਸੰਜੀਵ ਅਤੇ ਇੱਕ ਵਕੀਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



71 ਸਾਲਾ ਤਿਆਗੀ ਜੋ ਕਿ ਸਾਲ 2007 ਵਿੱਚ ਸੇਵਾਮੁਕਤ ਹੋਏ ਸਨ, ਨੂੰ ਉਨ੍ਹਾਂ ਦੇ ਰਿਸ਼ਤੇਦਾਰ ਅਤੇ ਚੰਡੀਗੜ੍ਹ ਆਧਾਰਤ ਵਕੀਲ ਗੌਤਮ ਖੇਤਾਨ ਸਮੇਤ ਪੁੱਛ-ਪੜਤਾਲ ਲਈ ਸੀਬੀਆਈ ਹੈੱਡਕੁਆਰਟਰਜ਼ ਵਿਖੇ ਸੱਦਿਆ ਗਿਆ ਸੀ। ਸੀਬੀਆਈ ਸੂਤਰਾਂ ਮੁਤਾਬਕ ਚਾਰ ਘੰਟੇ ਪੁੱਛ-ਪੜਤਾਲ ਕਰਨ ਤੋਂ ਬਾਅਦ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਘੁਟਾਲੇ ਸਬੰਧੀ ਜਾਣਕਾਰੀ ਸਾਹਮਣੇ ਆਉਣ 'ਤੇ ਸਾਲ 2013 ਵਿੱਚ ਐਫਆਈਆਰ ਦਰਜ ਕੀਤੇ ਜਾਣ ਤੋਂ ਬਾਅਦ ਇਸ ਮਾਮਲੇ ਵਿੱਚ ਸੀਬੀਆਈ ਵੱਲੋਂ ਕੀਤੀਆਂ ਗਈਆਂ ਇਹ ਪਹਿਲੀਆਂ ਗ੍ਰਿਫ਼ਤਾਰੀਆਂ ਹਨ।

ਸੀਬੀਆਈ ਦੇ ਬੁਲਾਰੇ ਦੇਵਪ੍ਰੀਤ ਸਿੰਘ ਨੇ ਕਿਹਾ ਕਿ ਹਵਾਈ ਫ਼ੌਜ ਦੇ ਮੁਖੀ ਅਤੇ ਹੋਰ ਮੁਲਜ਼ਮ ਕਥਿਤ ਤੌਰ 'ਤੇ ਖ਼ਰੀਦ ਸਬੰਧੀ ਵੀਵੀਆਈਪੀ ਹੈਲੀਕੌਪਟਰਾਂ ਦੀ 'ਸਰਵਿਸ ਸੀਲਿੰਗ' ਲੋੜ 6 ਹਜ਼ਾਰ ਮੀਟਰ ਤੋਂ ਘਟਾ ਕੇ 4500 ਮੀਟਰ ਕਰਨ ਨਾਲ ਜੁੜੇ ਹੋਏ ਸਨ। ਉਨ੍ਹਾਂ ਆਖਿਆ ਕਿ ਅਜਿਹੀਆਂ ਤਬਦੀਲੀਆਂ ਕਾਰਨ ਬਰਤਾਨੀਆ ਆਧਾਰਤ ਪ੍ਰਾਈਵੇਟ ਕੰਪਨੀ ਅਗਸਤਾਵੈੱਸਲੈਂਡ ਨੂੰ ਵੀਵੀਆਈਪੀ ਹੈਲੀਕੌਪਟਰਾਂ ਸਬੰਧੀ ਪ੍ਰਸਤਾਵ ਲਈ ਅਰਜ਼ੀ ਦੇਣ ਦਾ ਮੌਕਾ ਮਿਲ ਗਿਆ। ਬੁਲਾਰੇ ਮੁਤਾਬਕ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਮੰਗਿਆ ਜਾਵੇਗਾ। ਪਿਛਲੇ ਤਿੰਨ ਸਾਲ ਦੌਰਾਨ ਤਿਆਗੀ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਵੱਲੋਂ ਰਿਸ਼ਵਤ ਸਬੰਧੀ ਦੋਸ਼ ਨਕਾਰੇ ਜਾਂਦੇ ਰਹੇ ਹਨ।

### ਉਡਾਣ ਦੀ ਉਚਾਈ 6 ਹਜ਼ਾਰ ਤੋਂ ਘਟਾ ਕੇ ਸਾਢੇ 4 ਹਜ਼ਾਰ ਕਰਵਾਈ

ਤਿਆਗੀ ਦਾ ਇਕ ਫ਼ੈਸਲਾ ਸ਼ੱਕ ਦਾ ਕਾਰਨ ਬਣਿਆ। ਖ਼ਰੀਦੇ ਜਾਣ ਵਾਲੇ 12 ਵਿਚੋਂ 6 ਹੈਲੀਕਾਪਟਰ ਜ਼ਿਆਦਾ ਉੱਚੇ ਨਹੀਂ ਉਡ ਸਕਦੇ ਸਨ। ਦੋਸ਼ ਹੈ ਕਿ ਸੌਦਾ ਪੂਰਾ ਕਰਨ ਲਈ ਤਿਆਗੀ ਨੇ ਸਾਲ 2005 ਵਿਚ ਖ਼ਰੀਦ ਦੀਆਂ ਸ਼ਰਤਾਂ ਵਿਚ ਬਦਲਾਅ ਕੀਤਾ। ਵੱਧ ਤੋਂ ਵੱਧ ਉਡਾਣ ਦੀ ਉਚਾਈ 6000 ਤੋਂ ਘਟਾ ਕੇ 4500 ਮੀਟਰ ਕਰਵਾ ਦਿੱਤੀ। ਇਸ ਨਾਲ ਅਗਸਤਾ ਵੈਸਟਲੈਂਡ ਵੀ ਦੌੜ ਵਿਚ ਸ਼ਾਮਲ ਹੋ ਗਈ। ਹਾਲਾਂਕਿ ਤਿਆਗੀ ਦਾ ਕਹਿਣਾ ਸੀ ਇਹ ਫ਼ੈਸਲਾ ਉਨ੍ਹਾਂ ਦਾ ਇਕੱਲੇ ਦਾ ਨਹੀਂ ਬਲਕਿ ਸਮੂਹਕ ਸੀ।

### ਰਿਸ਼ਤੇਦਾਰਾਂ ਤੇ ਵਕੀਲਾਂ ਰਾਹੀਂ ਲਈ ਗਈ ਰਿਸ਼ਵਤ

ਦੋਸ਼ ਹੈ ਕਿ ਤਿਆਗੀ ਨੇ ਰਿਸ਼ਤੇਦਾਰਾਂ ਤੇ ਵਕੀਲਾਂ ਰਾਹੀਂ ਰਿਸ਼ਵਤ ਲਈ। ਸੀ.ਬੀ.ਆਈ. ਅਨੁਸਾਰ ਵਕੀਲ ਖੇਤਾਨ ਨੇ ਕਬੂਲ ਕੀਤਾ ਕਿ ਉਨ੍ਹਾਂ ਨੇ ਯੂਰਪ ਦੇ ਵਿਚੋਲੀਏ ਗਿਊਡੀ ਹੈਸ਼ਕ ਤੇ ਕਾਰਲੀ ਗੇਰੋਸਾ ਤੋਂ ਪੈਸੇ ਲਈ। ਉਸ ਨੇ ਕਿਹਾ ਕਿ ਇਹ ਪੈਸੇ ਰਿਸ਼ਵਤ ਵਜੋਂ ਨਹੀਂ ਸਨ ਲਏ।

### ਇਟਲੀ ਵਿਚ ਹੋਈ ਸੀ ਕਾਰਵਾਈ ਜਨਤਕ

ਘੁਟਾਲੇ ਦੀ ਜਾਣਕਾਰੀ ਇਟਲੀ ਵਿਚ ਜਨਤਕ ਹੋਈ। ਉਥੇ ਸਰਕਾਰੀ ਵਕੀਲਾਂ ਨੇ ਅਗਸਤਾ ਦੀ ਮੁੱਖ ਕੰਪਨੀ ਫਿਨਮੇਕਕੈਨਿਕਾ ਦੇ ਮੁਖੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਇਸ ਸਾਲ ਸੱਤ ਅਪ੍ਰੈਲ ਨੂੰ ਇਟਲੀ ਦੀ ਅਦਾਲਤ ਨੇ ਇਸ ਸੌਦੇ ਵਿਚ ਰਿਸ਼ਵਤ ਦੇਣ ਦੇ ਦੋਸ਼ ਵਿਚ ਫਿਨਮੇਕਕੈਨਿਕਾ ਦੇ ਦੋ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਸੀ। ਘੁਟਾਲੇ ਸਾਹਮਣੇ ਆਉਣ 'ਤੇ ਕੇਂਦਰ ਸਰਕਾਰ ਨੇ 2014 ਵਿਚ ਸੌਦਾ ਰੱਦ ਕਰ ਦਿੱਤਾ ਸੀ। ਜਾਂਚ ਵਿਚ ਕਰਾਰ ਲਈ ਕਰੀਬ 450 ਕਰੋੜ ਦੀ ਰਿਸ਼ਵਤ ਦਾ ਖ਼ੁਲਾਸਾ ਹੋਇਆ ਸੀ।

### ਇਟਲੀ ਤੋਂ ਹਵਾਲਾ ਰਾਹੀਂ ਚੰਡੀਗੜ੍ਹ, ਮੁਹਾਲੀ ਦੀਆਂ ਆਈ.ਟੀ. ਕੰਪਨੀਆਂ ਵਿਚ ਪਹੁੰਚਿਆ ਸੀ ਪੈਸਾ...

ਹੈਲੀਕਾਪਟਰ ਡੀਲ ਵਿਚ ਚੰਡੀਗੜ੍ਹ ਦੀ ਐਰੋਮੈਟ੍ਰਿਕਸ ਇਨਫੋ ਸਾਲਿਊਸ਼ਨ ਅਤੇ ਮੁਹਾਲੀ ਦੀ ਆਈ.ਡੀ.ਐਸ. ਇੰਡੀਆ ਕੰਪਨੀ ਦੀ ਅਹਿਮ ਭੂਮਿਕਾ ਰਹੀ। ਰਿਸ਼ਵਤ ਦੀ ਰਕਮ ਹਵਾਲਾ ਰਾਹੀਂ ਇਨ੍ਹਾਂ ਦੋ ਕੰਪਨੀਆਂ ਵਿਚ ਦੇਸ਼ ਵਿਚ ਪੁੱਜੀ। ਫਿਰ ਇਥੋਂ ਇਸ ਨੂੰ ਰੱਖਿਆ ਮੰਤਰਾਲੇ ਅਤੇ ਹੋਰਨਾਂ ਦਲਾਲਾਂ ਨੂੰ ਪਹੁੰਚਾਇਆ ਗਿਆ। ਆਈ.ਟੀ. ਪਾਰਕ ਸਥਿਤ ਐਰੋਮੈਟ੍ਰਿਕਸ ਇਨਫੋ ਸਲਿਊਸ਼ਨ ਵਿਚ ਇਟਲੀ ਦੇ ਗਾਇਦੋ ਹਾਸ਼ਕੇ ਭਾਈਵਾਲ ਸਨ। ਕੰਪਨੀ ਇਟਲੀ ਤੋਂ ਹੀ ਅਪਰੇਟ ਹੁੰਦੀ ਸੀ। ਹਾਸ਼ਕੇ ਇਸ ਡੀਲ ਵਿਚ ਮੁੱਖ ਮੁਲਜ਼ਮ ਹੈ। ਉਥੇ ਆਈ.ਡੀ.ਐਸ. ਇਨਫੋਟੈਕ ਦੀ ਬਰਾਂਚ ਆਈ.ਡੀ.ਐਸ. ਇੰਡੀਆ ਦੇ ਮੁਹਾਲੀ ਤੇ ਚੰਡੀਗੜ੍ਹ ਦਫ਼ਤਰ ਵਿਚ ਰਿਸ਼ਵਤ ਦੀ ਕਰੀਬ 140 ਕਰੋੜ ਰਕਮ ਪਹੁੰਚੀ। ਇਟਲੀ ਦੀ ਕੰਪਨੀ ਨੇ ਅਦਾਲਤ ਵਿਚ ਦਿੱਤੇ ਦਸਤਾਵੇਜ਼ਾਂ ਵਿਚ ਇਹ ਗੱਲ ਕਹੀ ਹੈ। ਐਰੋਮੈਟ੍ਰਿਕਸ ਇਨਫੋ ਸਲਿਊਸ਼ਨ 2009 ਵਿਚ ਆਈ.ਡੀ.ਐਸ. ਇਨਫੋਟੈਕ ਤੋਂ ਵੱਖ ਹੋ ਕੇ ਬਣੀ। ਐਰੋਮੈਟ੍ਰਿਕਸ ਦੇ ਸੀ.ਈ.ਓ. ਪ੍ਰਵੀਣ ਬਖ਼ਸ਼ੀ ਪਹਿਲਾਂ ਆਈ.ਡੀ.ਐਸ. ਇਨਫੋਟੈਕ ਵਿਚ ਸਨ। ਐਰੋਮੈਟ੍ਰਿਕਸ ਇਨਫੋਟੈਕ ਵਿਚ ਕੰਮ ਕਰਦੇ ਰਹੇ ਹਨ। ਮੁਲਜ਼ਮ ਹਾਸ਼ਕੇ ਐਰੋਮੈਟ੍ਰਿਕਸ ਇਨਫੋ ਸਲਿਊਸ਼ਨ ਦੇ ਵੀ ਡਾਇਰੈਕਟਰ ਰਹੇ ਹਨ।

### ਮਿਸਤਰੀ ਬੋਲੇ-ਘੁਟਾਲੇ 'ਚ ਟਾਟਾ ਦੇ ਡਾਇਰੈਕਟਰ ਵਿਜੈ ਸਿੰਘ ਦੀ ਅਹਿਮ ਭੂਮਿਕਾ

ਨਵੀਂ ਦਿੱਲੀ : ਟਾਟਾ ਸਨਜ਼ ਦੇ ਸਾਬਕਾ ਚੇਅਰਮੈਨ ਸਾਈਰਸ ਮਿਸਤਰੀ ਨੇ ਦੋਸ਼ ਲਾਇਆ ਹੈ ਕਿ ਟਾਟਾ ਦੇ ਡਾਇਰੈਕਟਰ ਵਿਜੈ ਸਿੰਘ ਨੇ 3600 ਕਰੋੜ ਰੁਪਏ ਦੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਘੁਟਾਲੇ ਵਿਚ ਅਹਿਮ ਭੂਮਿਕਾ ਨਿਭਾਈ ਸੀ। 2010 ਵਿਚ ਵਿਜੈ ਸਿੰਘ ਰੱਖਿਆ ਸਕੱਤਰ ਸਨ। ਮਿਸਤਰੀ ਨੇ ਕਿਹਾ ਕਿ ਅਗਸਤਾ ਵੈਸਟਲੈਂਡ ਨੂੰ ਕੰਟਰੈਕਟ ਦਵਾਉਣ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਸਾਬਕਾ ਰੱਖਿਆ ਸਕੱਤਰ ਅਤੇ ਟਾਟਾ ਸੰਜ਼ ਦੇ ਆਜ਼ਾਦ ਡਾਇਰੈਕਟਰ ਵਿਜੇ ਸਿੰਘ ਨੇ ਮਿਸਤਰੀ ਵੱਲੋਂ ਲਾਏ ਗਏ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਸ੍ਰੀ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸੇਵਾਮੁਕਤੀ ਤੋਂ ਕਾਫ਼ੀ ਦੇਰ ਬਾਅਦ ਕੇਂਦਰੀ ਕੈਬਨਿਟ ਨੇ ਸੌਦੇ ਨੂੰ ਪ੍ਰਵਾਨਗੀ ਦਿੱਤੀ ਸੀ।

# Classified

## ਵਰ ਦੀ ਲੋੜ

**ਗੁਰੂ ਕੇ ਬੇਟੇ (ਮਜਬੀ ਸਿੱਖ) ਪਰਿਵਾਰ ਨਾਲ ਸਬੰਧਤ ਲੜਕੀ, ਬੀ. ਐਸ. ਸੀ. ਨਰਸਿੰਗ, ਕੱਦ 5 ਫੁੱਟ 7 ਇੰਚ, ਉਮਰ 27 ਸਾਲ, ਗੁਰਸਿੱਖ ਲੜਕੇ ਦੀ ਲੋੜ, ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਇੰਡੀਆ ਸੰਪਰਕ ਫੋਨ ਨੰ: 98157-51332**

---

**ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5'5'', ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।**

**ਸੰਪਰਕ-ਈ ਮੇਲ :hardeepdhillon212@yahoo.com**

---

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 'ਤੇ ਸੰਪਰਕ ਕਰੋ। ਧੰਨਵਾਦ।**

## Bride WANTED

Jatt sikh parents seeking suitable match for their handsome son, 26 years, 6' 3" tall. Degrees in Bachelors of Business and MBA. Political family background. Farming, Property and Commission Agents Business (Aahartiya) in Ludhiana district. Parents have PR in USA. Preferred well-qualified tall beautiful girl from a reputed family in India or USA. Email - navneetbhandal@gmail.com Phone - 916-992-4538

Jat Sikh Girl, December 1988 born. 5'5'' Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.

**Contact E-mail : hardeepdhillon212@yahoo.com**

## ਗੁਜਰਾਤ ਫਾਈਲਜ਼

ਸਾਡੇ ਘਰ ਸਾਰਿਆਂ ਦੇ ਨਾਂ ਖ਼ੂਬਸੂਰਤ ਹਨ। ਮੇਰਾ ਬਿਆਨ ਕੋਡਨਾਨੀ ਦੀ ਤਈਦ ਸਾਬਤ ਹੋਇਆ ਜੋ ਮੁੜ ਮਾਈਕ ਵੱਲ ਝਾਕੀ ਵੀ ਨਹੀਂ ਸੀ ਜਿਸ ਨੂੰ ਲੈ ਕੇ ਉਹ ਕੁੜ੍ਹ ਰਿਹਾ ਸੀ। ਉੱਥੇ ਕੋਡਨਾਨੀ ਦੀ ਮੇਜ਼ ਉਪਰ ਦਵਾਈਆਂ ਅਤੇ ਔਰਤ ਰੋਗਾਂ ਬਾਰੇ ਕਿਤਾਬਾਂ ਪਈਆਂ ਸਨ, ਕੁਝ ਭਾਜਪਾ ਦੇ ਕਿਤਾਬਚੇ ਅਤੇ ਕੁਝ ਗੁਜਰਾਤ ਦੇ ਸਿੰਧੀ ਭਾਈਚਾਰੇ ਬਾਰੇ ਕਿਤਾਬਚੇ ਵੀ ਪਏ ਸਨ। ਉਨ੍ਹਾਂ ਦੇ ਨਾਲ ਉਸਦੇ ਪੁੱਤਰ ਅਤੇ ਨੂੰਹ ਦੀ ਫੋਟੋ ਲੱਗੀ ਹੋਈ ਸੀ ਜੋ ਅਮਰੀਕਾ ਵਸੇ ਹੋਏ ਹਨ। ਅਗਲੇ ਘੰਟੇ ਕੁ ਵਿਚ ਅਸੀਂ ਉਸਦੇ ਕਰੀਅਰ ਬਾਰੇ ਚਰਚਾ ਕਰਦੇ ਰਹੇ ਅਤੇ ਕੋਲਡ ਡਰਿੰਕ ਆਉਣ ਤਕ ਉਹ ਆਪਣੇ ਪਰਿਵਾਰ ਬਾਰੇ ਗੱਲਾਂ ਕਰਦੀ ਰਹੀ। ਇਸ ਤੱਥ ਦੇ ਹਵਾਲੇ ਨਾਲ ਕਿ ਮਾਇਆਬੇਨ ਬਾਲ ਭਲਾਈ ਅਤੇ ਸਿਹਤ ਮੰਤਰੀ ਸੀ, ਮੈਂ ਉਸ ਦੇ ਰਾਜ ਅੰਦਰ ਔਰਤਾਂ ਦੀ ਭਲਾਈ ਪ੍ਰਤੀ ਉਸਦੀ ਵਚਨਬੱਧਤਾ ਦੀ ਤਾਰੀਫ਼ ਕੀਤੀ। ਲਿਹਾਜ਼ਾ ਤੁਸੀਂ ਮੇਰੇ ਤੋਂ ਕੀ ਚਾਹੁੰਦੀ ਹੋ, ਓੜਕ ਉਸਨੇ ਪੁੱਛ ਹੀ ਲਿਆ। ਮੈਂ ਤਾਂ ਮੈਡਮ ਬਸ ਤੁਹਾਡੇ ਬਾਰੇ ਹੋਰ ਜਾਨਣਾ ਚਾਹੁੰਦੀ ਹਾਂ, ਅਸੀਂ ਆਪਣੀ ਫਿਲਮ ਲਈ ਗੁਜਰਾਤ ਤੋਂ ਮੱਲਾਂ ਮਾਰਨ ਵਾਲੀ ਔਰਤ ਵੱਜੋਂ ਤੁਹਾਡਾ ਰੇਖਾ ਚਿੱਤਰ ਤਿਆਰ ਕਰਨਾ ਚਾਹੁੰਦਾ ਹਾਂ। ਕੋਈ ਵੀ ਸਹੀ ਸਲਾਮਤ ਬੰਦਾ ਐਸਾ ਨਹੀਂ, ਜੇ ਉਹ ਸਿਆਸੀ ਕੋੜਮੇ ਨਾਲ ਸਬੰਧਤ ਹੈ, ਜੋ ਆਪਣੇ ਬਾਰੇ ਦਿਆਲੂ, ਖ਼ੁਸ਼ਾਮਦੀ ਬੋਲ ਸੁਨਣੇ ਪਸੰਦ ਨਹੀਂ ਕਰੇਗਾ ਅਤੇ ਉਸ ਵਿਚ ਸ਼ਾਮਲ ਨਹੀਂ ਹੋਣਾ ਚਾਹੇਗਾ ਜੋ ਉਸ ਨੂੰ ਵਡਿਆਉਂਦਾ ਹੋਵੇ। ਸਾਨੂੰ ਤੁਰੰਤ ਹਾਂ ਹੋ ਗਈ ਅਤੇ ਆਉਂਦੇ ਐਤਵਾਰ ਉਸਦੇ ਘਰ ਦੁਪਹਿਰ ਦੇ ਖਾਣੇ ਦਾ ਸੱਦਾ ਮਿਲ ਗਿਆ। ਇਹ ਵਧੀਆ ਰਹੇਗਾ, ਆਪਣੇ ਬੁੱਲ੍ਹਾਂ ਉਪਰ ਆਏ ਰ ਤੇ ਕਾਬੂ ਪਾਉਣ ਦਾ ਯਤਨ ਕਰਦੇ ਹੋਏ ਮੈਂ ਉਸਨੂੰ ਕਿਹਾ। ਉਸਨੇ ਕੈਬਿਨ ਵਿਚੋਂ ਬਾਹਰ ਆਉਣ ਤੋਂ ਪਹਿਲਾਂ, ਮੈਂ ਕੋਡਨਾਨੀ ਦੀ ਸਾੜ੍ਹੀ ਅਤੇ ਹੋਰ ਲੱਗ ਲਬੇੜ ਦੀ ਤਾਰੀਫ਼ ਕਰਨਾ ਨਾ ਭੁੱਲੀ। ਜਦੋਂ ਕੋਲੋਂ ਦੀ ਗੁਜ਼ਾਰੇ ਤਾਂ ਸੁਰੱਖਿਆ ਗਾਰਡ ਬਹੁਤਾ ਪ੍ਰਭਾਵਿਤ ਨਜ਼ਰ ਨਹੀਂ ਆਇਆ। ਅਸੀਂ ਆਟੋ ਲਿਆ ਅਤੇ ਸਿੱਧੇ ਪਕਵਾਨ ਵਿਖੇ ਚਲੇ ਗਏ। ਤੂੰ ਦੇਖਿਆ ਉਹ ਤਾਂ ਮੇਰੇ ਨਾਲ ਗੱਲ ਕਰਨ ਚ ਕੋਈ ਰੁਚੀ ਹੀ ਨਹੀਂ ਲੈ ਰਹੀ ਸੀ; ਜ਼ਾਹਰਾ ਤੌਰ ਤੇ ਪ੍ਰੇਸ਼ਾਨ ਮਾਈਕ ਕਹਿੰਦਾ ਹੈ। ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦਿੰਦੀ, ਹਲਵਾ ਅਤੇ ਰਬੜੀ ਆ ਗਏ। ਜਦੋਂ ਉਹ ਗੁਜਰਾਤ ਵਿਚ ਥਾਲੀ ਪਰੋਸਦੇ ਹਨ, ਪਹਿਲਾਂ ਉਹ ਮਿੱਠਾ ਪਰੋਸਦੇ ਹਨ। ਜਦੋਂ ਮਹਾਰਾਜ ਨੇ ਉਸਨੂੰ ਹਰ ਪਕਵਾਨ ਦਾ ਨਾਂ ਉਚਾਰਨ ਵਿਚ ਮਦਦ ਕੀਤੀ ਤਾਂ ਮਾਈਕ ਦਾ ਧਿਆਨ ਉੱਧਰ ਚਲਾ ਗਿਆ, ਕੋਡਨਾਨੀ ਉਸਨੂੰ ਵਿਸਰ ਹੀ ਗਈ। ਇਹ ਰਾਹਤ ਵਾਲੀ ਗੱਲ ਸੀ।

ਰਾਤ ਦਸ ਵਜੇ ਅਸੀਂ ਆਪਣੇ ਹੋਸਟਲ ਵਾਲੇ ਕਮਰੇ ਵਿਚ ਵਾਪਸ ਆਏ। ਜਿਉਂ ਹੀ ਮੈਂ ਕਮਰੇ ਵਿਚ ਵੜੀ, ਮੈਨੂੰ ਅਜੀਬ ਜਿਹਾ ਮਹਿਸੂਸ ਹੋਇਆ, ਕੁਝ ਗੜਬੜ ਹੋਈ ਲੱਗਦੀ ਸੀ। ਉਥੋਂ ਜਾਣ ਤੋਂ ਪਹਿਲਾਂ ਮੈਂ ਆਪਣਾ ਬਿਸਤਰਾ ਚੰਗੀ ਤਰ੍ਹਾਂ ਸੰਵਾਰਕੇ ਗਈ ਸੀ ਪਰ ਹੁਣ ਚਾਦਰ ਨੂੰ ਵੱਟ ਪਏ ਹੋਏ ਸਨ, ਅਤੇ ਮੇਰਾ ਲੈਪਟਾਪ ਚਲ ਰਿਹਾ ਸੀ। ਜਦਕਿ ਸੂਟ ਕੇਸ ਅਤੇ ਦਰਾਜਾਂ ਨਾਲ ਕੋਈ ਛੇੜਛੇੜ ਨਹੀਂ ਹੋਈ ਸੀ। ਮੈਂ ਸਮਝ ਗਈ ਕਿ ਉਸ ਰਾਤ ਕੋਈ ਮੇਰੇ ਕਮਰੇ ਵਿਚ ਆਇਆ ਸੀ। ਮੈਨੂੰ ਇਸਦੀ ਹੈਰਾਨੀ ਨਹੀਂ ਸੀ। ਦਰਅਸਲ ਇਸਦੀ ਮੈਨੂੰ ਉਮੀਦ ਹੀ ਸੀ, ਇਸੇ ਕਰਕੇ ਗੁਜਰਾਤ ਦਾਖ਼ਲ ਹੋਣ ਤੋਂ ਪਹਿਲਾਂ ਮੈਂ ਆਪਣਾ ਲੈਪਟਾਪ ਰੀ ਫਾਰਮੈੱਟ ਕਰ ਲਿਆ ਸੀ, ਅਤੇ ਐਡਮਿਨ ਨਾਂ ਮੈਥਿਲੀ ਤਿਆਗੀ ਰੱਖ ਲਿਆ ਸੀ। ਡੈਸਕਟਾਪ ਉਪਰ ਫਿਲਮਸਾਜ਼ੀ ਅਤੇ ਗੁਜਰਾਤ ਦੇ ਅਜਾਇਬ ਘਰਾਂ, ਫਿਲਮ ਸਨਅਤ ਅਤੇ ਜੰਗਲਾਂ ਬਾਰੇ ਖੋਜ ਦੀਆਂ ਫਾਈਲਾਂ ਰੱਖ ਦਿੱਤੀਆਂ ਸਨ। ਸਕਰੀਨ ਉਪਰ ਭਗਵਾਨ ਕ੍ਰਿਸ਼ਨ ਦਾ ਵਾਲਪੇਪਰ ਸਜਾ ਦਿੱਤਾ ਸੀ। ਬੈੱਡ ਦੇ ਨਾਲ ਵਾਲੀ ਸੈਲਫ ਉਪਰ ਫਿਲਮਸਾਜ਼ੀ ਅਤੇ ਫੋਟੋਗ੍ਰਾਫੀ ਦੀਆਂ ਕਿਤਾਬਾਂ ਸਨ। ਇਹ ਗੱਲ ਸਾਫ਼ ਸੀ ਕਿ ਕੋਈ ਮੇਰੇ ਕਮਰੇ ਵਿਚ ਘੁਸਿਆ ਸੀ ਅਤੇ ਇਹ ਵੀ ਯਕੀਨੀਂ ਸੀ ਕਿ ਉਨ੍ਹਾਂ ਨੂੰ ਉਥੋਂ ਐਸਾ ਕੁਝ ਨਹੀਂ ਮਿਲਿਆ ਸੀ ਜੋ ਉਹ ਲੱਭ ਰਹੇ ਹੋਣਗੇ। ਖੇਡ ਤਾਂ ਅਜੇ ਸ਼ੁਰੂ ਹੋਈ ਸੀ।

ਅਗਲੀ ਸਵੇਰ ਜੀ ਐਲ ਸਿੰਘਲ ਨੂੰ ਮਿਲਣ ਲਈ ਫ਼ੋਨ ਤੇ ਗੱਲ ਕਰਨੀ ਸੀ। ਮੇਰੇ ਫ਼ੋਨ ਉਪਰ ਫੋਟੋਗ੍ਰਾਫਰ ਮਿੱਤਰ ਅਜੇ ਦਾ ਮੈਸੇਜ ਆਇਆ ਹੋਇਆ ਸੀ, ਉਹ ਪੁੱਛ ਰਿਹਾ ਸੀ ਕਿ ਕੀ ਮੈਂ ਅਮਦਾਵਾਦ ਨੀ ਗੁਫ਼ਾ ਵਿਖੇ ਫੋਟੋਗ੍ਰਾਫ਼ੀ ਨੁਮਾਇਸ਼ ਦੇਖਣ ਵਿਚ ਰੁਚੀ ਲਵਾਂਗੀ। ਮੈਂ ਫ਼ੋਨ ਪਾਸੇ ਰੱਖ ਦਿੱਤਾ। ਮਾਈਕ ਮੇਰਾ ਦਰਵਾਜ਼ਾ ਖੜਕਾ ਰਿਹਾ ਸੀ। ਉਹ ਫਾਊਂਡੇਸ਼ਨ ਤੋਂ ਬਾਹਰ ਸੈਰ ਕਰਨ ਜਾ ਰਿਹਾ ਸੀ ਅਤੇ ਜਾਨਣਾ ਚਾਹੁੰਦਾ ਸੀ ਕਿ ਕੀ ਮੈਂ ਉਸ ਨਾਲ ਜਾਣਾ ਚਾਹਾਂਗੀ। ਗੁਜਰਾਤ ਵਿਚ ਦਸੰਬਰ ਦੀਆਂ ਸ਼ਾਮਾਂ ਬਹੁਤ ਖ਼ੂਬਸੂਰਤ ਅਤੇ ਠੰਡੀਆਂ ਹੁੰਦੀਆਂ ਹਨ। 2010 ਦਾ ਸਿਆਲ ਖ਼ਾਸ ਤੌਰ ਤੇ ਨਾਖੁਸ਼ੀ। ਉਪਰੋਂ ਸਾਡੀਆਂ ਮੁਸੀਬਤਾਂ ਚ ਵਾਧਾ ਇਹ ਕਿ ਹੋਸਟਲ ਇਕ ਖੁੱਲ੍ਹੇ, ਘੱਟ ਵਿਕਸਤ ਜੰਗਲੀ ਇਲਾਕੇ ਵਿਚ ਬਣਿਆ ਹੋਇਆ ਸੀ।

ਹੋਸਟਲ ਵਿਖੇ ਸਾਡੇ ਕੋਲ ਸਿਰਫ਼ ਇਕ ਕੰਬਲ ਦੀ ਸਹੂਲਤ ਸੀ। ਜਦੋਂ ਰਾਤ ਪੈ ਜਾਂਦੀ, ਸਾਡੇ ਚੋਂ ਜ਼ਿਆਦਾਤਰ ਰਾਤ ਨੂੰ ਆਪਣੇ ਸੂਟਕੇਸ ਖਾਲੀ ਕਰ ਲੈਂਦੇ ਅਤੇ ਜੋ ਵੀ ਮਿਲਦਾ ਟੀ ਸ਼ਰਟਾਂ, ਕਮੀਜ਼ਾਂ, ਸਵੈਟਰ, ਜੀਨਾਂ, ਹਰ ਚੀਜ਼ ਜੋ ਵੀ ਸਾਨੂੰ ਨਿੱਘ ਦੇ ਸਕਦੀ ਸੀ– ਪਹਿਨਣ ਦਾ ਯਤਨ ਕਰਦੇ।

ਮਾਈਕ ਨੇ ਅਤੇ ਮੈਂ ਉਸ ਸ਼ਾਮ ਨੂੰ ਜੈਕਟਾਂ ਦਾ ਇਕ ਹੋਰ ਜੋੜਾ ਪਹਿਨ ਲਿਆ ਅਤੇ ਫਾਊਡੇਸ਼ਨ ਦੀ ਇਮਾਰਤ ਲਾਗੇ ਦੇ ਜੰਗਲ ਦੇ ਕੰਢੇ ਸੈਰ ਕਰਨ ਦਾ ਫੈਸਲਾ ਕੀਤਾ। ਮੈਂ ਮਾਈਕ ਨੂੰ ਦੇਖਿਆ ਉਹ ਆਪਣੇ ਆਮ ਚਿੰਤਨਸ਼ੀਲ ਅੰਦਾਜ਼ ਵਿਚ ਸੀ। ਕੀ ਮੈਂ ਠੀਕ ਨਿਭਾਅ ਰਿਹਾ ਹਾਂ ਮੈਥਿਲੀ? ਉਹ ਪੁੱਛ ਰਿਹਾ ਸੀ। ਬਿਲਕੁਲ, ਬਹੁਤ ਵਿਸ਼ਵਾਸ ਭਰੀ ਭੂਮਿਕਾ ਸੀ ਅਤੇ ਸ੍ਰੀਮਤੀ ਕੋਡਨਾਨੀ ਬਾਰੇ ਚਿੰਤਾ ਨਾ ਕਰ, ਉਹ ਗੱਲਬਾਤ ਵਿਚ ਅਤੇ ਆਪਣੀ ਤਾਰੀਫ਼ ਵਿਚ ਬਹੁਤ ਜ਼ਿਆਦਾ ਮਸਤ ਸੀ; ਮੈਂ ਉਸਨੂੰ ਯਕੀਨ ਦਿਵਾਉਂਦਿਆਂ ਜਵਾਬ ਦਿੱਤਾ।

ਉਸ ਰਾਤ ਬਿਸਤਰੇ ਤੇ ਲੇਟਣ ਤੋਂ ਪਹਿਲਾਂ, ਮੈਂ ਅਜੇ ਨੂੰ ਟੈਕਸਟ ਭੇਜਿਆ, ਤੈਨੂੰ ਐਗਜ਼ੀਬੀਸ਼ਨ ਟੌਮ ਤੇ ਮਿਲਾਂਗੀ। ਅਗਲੀ ਸਵੇਰ ਜਦੋਂ ਅਸੀਂ ਕੈਂਟੀਨ ਤੋਂ ਉਪਮਾ ਖਾ ਰਹੇ ਸਨ ਮੈਂ ਆਖ਼ਿਰਕਾਰ ਜੀ ਐੱਲ ਸਿੰਘਲ ਨੂੰ ਫ਼ੋਨ ਲਗਾ ਗਿਆ। ਉਨ੍ਹਾਂ ਦਿਨਾਂ ਵਿਚ ਉਹ ਮੁਸ਼ਕਲਾਂ ਵਿਚ ਘਿਰਿਆ ਹੋਇਆ ਸੀ। ਇਸ਼ਰਤ ਜਹਾਂ ਮੁਕਾਬਲੇ ਦੀ ਜਾਂਚ ਲਈ ਹਾਈਕੋਰਟ ਵੱਲੋਂ ਬਣਾਈ ਸਪੈਸ਼ਲ ਇਨਵੈਸਟੀਗੇਟਿਵ ਟੀਮ (ਐਸ ਆਈ ਟੀ) ਦੀ ਜਾਂਚ ਨਾਲ ਮਾਮਲਾ ਸਾਹਮਣੇ ਆ ਰਿਹਾ ਸੀ। ਇਹ ਸਿੰਘਲ ਹੀ ਸੀ ਜਿਸਨੇ ਦੋ ਹੋਰ ਅਫ਼ਸਰਾਂ ਨਾਲ ਮਿਲਕੇ ਇਸ਼ਰਤ ਜਹਾਂ ਨੂੰ ਗੋਲੀਆਂ ਮਾਰਕੇ ਮੁਕਾਬਲਾ ਬਣਾਇਆ ਸੀ। ਮੁਕਾਬਲੇ ਤੋਂ ਇਕ ਦਿਨ ਬਾਅਦ ਗੁਜਰਾਤ ਦੇ ਆਹਲਾ ਪੁਲਿਸ ਅਧਿਕਾਰੀ ਅਤੇ ਏ ਟੀ ਐੱਸ ਦੇ ਮੁਖੀ ਡੀ ਜੀ ਵਨਜਾਰਾ ਨੇ ਪ੍ਰੈੱਸ ਕਾਨਫਰੰਸ ਬੁਲਾਈ ਸੀ। ਖ਼ਬਰ ਸਨਸਨੀਖੇਜ਼ ਸੀ । ਤਿੰਨ ਹੋਰ ਜਣਿਆਂ ਦੇ ਨਾਲ ਇਸ਼ਰਤ ਦੀ ਲਹੂ ਲੁਹਾਣ ਲਾਸ਼ ਸੜਕ ਉਪਰ ਪਈ ਸੀ। ਉਸ ਨੂੰ ਔਰਤ ਫਿਦਾਇਨ ਦਸਿਆ ਗਿਆ, ਹਿੰਦੁਸਤਾਨ ਵਿਚ ਇਸ ਤਰ੍ਹਾਂ ਦੀ ਪਹਿਲੀ ਔਰਤ, ਲਸ਼ਕਰ ਏ ਤਾਇਬਾ ਦੀ ਕਾਰਕੁਨ ਜੋ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕਤਲ ਕਰਨ ਦੀ ਯੋਜਨਾ ਤੇ ਨਿੱਕਲੀ ਹੋਈ ਸੀ।

ਇਸ਼ਰਤ ਸ਼ਹਿਰ ਅੰਦਰ ਚਰਚਾ ਦਾ ਵਿਸ਼ਾ ਬਣ ਗਈ, ਜਿਹਾਦੀ ਮੂਲਵਾਦੀਆਂ ਬਾਰੇ ਅਤੇ ਇਸਨੂੰ ਲੈ ਕੇ ਬਿਰਤਾਂਤ ਗਿਏ ਕਿ ਕਿਵੇਂ ਗਰਮ ਖ਼ਿਆਲੀ ਮੁਸਲਿਮ ਜਥੇਬੰਦੀਆਂ 2002 ਦੀ ਹਿੰਸਾ ਦਾ ਬਦਲਾ ਲੈਣ ਦੀ ਤਾਕ ਵਿਚ ਸਨ। ਡੀ ਜੀ ਵਨਜਾਰਾ ਨੂੰ ਨਾਇਕ ਬਣਾ ਕੇ ਜੈ ਜੈਕਾਰ ਕੀਤੀ ਗਈ, ਉਹ ਰਾਤੋਂ ਰਾਤ ਇਕ ਸਨਸਨੀਖੇਜ਼ ਕਿੱਸਾ ਬਣ ਗਿਆ ਸੀ। ਇਹ ਮਾਣ ਤਾਣ ਉਸਦੇ ਨਾਲ ਦੇ ਦੋ ਹੋਰ ਅਫ਼ਸਰਾਂ ਨੂੰ ਵੀ ਦਿੱਤਾ ਗਿਆ ਸੀ, ਐਨ ਕੇ ਅਮੀਨ, ਤਰੁਣ ਬਰੋਟ ਅਤੇ ਗਿਰੀਸ਼ ਸਿੰਘਲ ਜਿਸ ਵਿਚ ਮੇਰੀ ਖ਼ਾਸ ਰੁਚੀ ਸੀ। ਇਸ ਦੌਰਾਨ ਇਸ਼ਰਤ ਦੇ ਪਰਿਵਾਰ ਨੇ ਆਪਣੀ ਧੀ ਦੇ ਕਤਲ ਦੀ ਜਾਂਚ ਕਰਾਉਣ ਲਈ ਸੁਪਰੀਮ ਕੋਰਟ ਵਿਚ ਦਰਖ਼ਾਸਤ ਦੇ ਦਿੱਤੀ ਸੀ। ਗੁਜਰਾਤ ਹਾਈਕੋਰਟ ਵੱਲੋਂ ਇਕ ਜੁਡੀਸ਼ੀਅਲ ਕਮੇਟੀ ਬਣਾਈ ਗਈ ਸੀ ਅਤੇ ਇਸ ਵੱਲੋਂ 2008 ਵਿਚ ਫੈਦਿੱਤਾ ਗਿਆ ਸੀ। ਗੁਜਰਾਤ ਹਾਈਕੋਰਟ ਦੇ ਇਕ ਸਾਬਕਾ ਮੈਜਿਸਟਰੇਟ ਜਸਟਿਸ ਤਮੰਗ ਦੇ ਫੈਸਲੇ ਨਾਲ ਰਾਸ਼ਟਰ ਸੁੰਨ ਹੋ ਗਿਆ ਸੀ, ਇਸ਼ਰਤ ਜਹਾਂ ਦਾ ਮੁਕਾਬਲਾ ਫਰਜ਼ੀ ਸੀ– ਮਾਮਲੇ ਦੀ ਹੋਰ ਜਾਂਚ ਕੀਤੇ ਜਾਣ ਦੀ ਲੋੜ ਸੀ। ਫੈਤੋਂ ਬਾਅਦ ਮਨੁੱਖੀ ਅਧਿਕਾਰ ਕਾਰਕੁੰਨਾਂ ਅਤੇ ਵਕੀਲਾਂ ਵੱਲੋਂ ਸੜਕਾਂ ਉਪਰ ਆ ਕੇ ਅਧਿਕਾਰੀਆਂ ਵੱਲੋਂ ਤਾਕਤ ਦਾ ਗ਼ਲਤ ਇਸਤੇਮਾਲ ਕਰਕੇ ਬੇਕਸੂਰਾਂ ਦੀ ਹੱਤਿਆ ਕਰਨ ਵਿਰੁੱਧ ਮੁਜ਼ਾਹਰੇ ਕੀਤੇ ਗਏ। ਪਰਿਵਾਰ ਵੱਲੋਂ ਗੁਜਰਾਤ ਹਾਈਕੋਰਟ ਵਿਚ ਅਗਲੇਰੀ ਜਾਂਚ ਦੀ ਦਰਖ਼ਾਸਤ ਦਿੱਤੇ ਜਾਣ ਤੱਕ ਮਾਮਲਾ ਠੰਡੇ ਬਸਤੇ ਵਿਚ ਪਿਆ ਰਿਹਾ। ਫਿਰ ਮੁਕਾਬਲੇ ਦੀ ਜਾਂਚ ਲਈ ਇਕ ਤਿੰਨ ਮੈਂਬਰੀ ਟੀਮ ਬਣਾਈ ਗਈ। ਬਾਅਦ ਵਿਚ 2013 ਚ ਗੁਜਰਾਤ ਹਾਈਕੋਰਟ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਨਿਯੁਕਤ ਕੀਤੀ ਸੀ ਬੀ ਆਈ ਟੀਮ ਨੇ ਮੁਕਾਬਲੇ ਨੂੰ ਫਰਜ਼ੀ ਕਰਾਰ ਦਿੱਤਾ, ਅਤੇ ਗੁਜਰਾਤ ਪੁਲਿਸ ਦੇ ਆਹਲਾ ਅਧਿਕਾਰੀਆਂ ਨੂੰ ਦੋਸ਼ੀ ਅਧਿਕਾਰੀਆਂ ਦੀ ਸੂਚੀ ਵਿਚ ਧਰ ਲਿਆ ਗਿਆ।

ਇੰਝ ਇਹ ਉਦੋਂ 2010 ਦੀ ਗੱਲ ਹੈ ਜਦੋਂ ਸੁਪਰੀਮ ਕੋਰਟ ਦੇ ਹੁਕਮ ਤਹਿਤ ਬਣਾਈ ਸਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਸੀ, ਕਿ ਮੈਂ ਸਿੰਘਲ ਨਾਲ ਮੁਲਾਕਾਤ ਦਾ ਸਮਾਂ ਲੈਣ ਦਾ ਯਤਨ ਕਰ ਰਹੀ ਸੀ। ਫ਼ੋਨ ਦੀ ਘੰਟੀ ਵੱਜੀ। ਮੈਂ ਆਪਣਾ ਤੁਆਰਫ਼ ਆਪਣੀ ਖ਼ਾਸ ਅੰਦਾਜ਼ ਵਾਲੀ ਅੰਗਰੇਜ਼ੀ ਵਿਚ ਕਰਵਾਇਆ। ਹੁੰਗਾਰਾ ਜ਼ਿਆਦਾ ਮਿਲਾਪੜਾ ਨਹੀਂ ਸੀ। ਸਿੰਘਲ ਨੇ ਮੈਨੂੰ ਬਾਅਦ ਵਿਚ ਫ਼ੋਨ ਕਰਨ ਲਈ ਕਿਹਾ। ਮੇਰੀਆਂ ਕੁਲ ਉਮੀਦਾਂ ਇਸ ਬੰਦੇ ਉਪਰ ਲੱਗੀਆਂ ਹੋਈਆਂ ਸਨ। ਇਹੀ ਬੰਦਾ ਸੀ ਜਿਸਤੋਂ ਮੈਂ ਆਪਣੀ ਛਾਣਬੀਣ ਸ਼ੁਰੂ ਕਰਨੀ ਸੀ। ਮੈਂ ਗੱਲ ਕਿਵੇਂ ਤੋਰਾਂਗੀ? ਉਸ ਸਵੇਰ ਦੇ ਅਖ਼ਬਾਰਾਂ ਵਿਚ ਵਿਸ਼ੇਸ਼ ਜਾਂਚ ਟੀਮ (SIT) ਵੱਲੋਂ ਸਿੰਘਲ ਦੀ ਗ੍ਰਿਫ਼ਤਾਰੀ ਹੋਣ ਦੀ ਚਰਚਾ ਸੀ। ਇਸ ਤਰ੍ਹਾਂ ਦੀ ਤਣਾਓਪੂਰਨ ਹਾਲਤ ਵਿਚ ਇਹ ਸੁਭਾਵਿਕ ਸੀ ਕਿ ਸਿੰਘਲ ਕਿਸੇ ਬਦੇਸ਼ੋਂ ਆਈ ਫਿਲਮਸਾਜ਼ ਨਾਲ ਗੱਲ ਕਰਨ ਦੀ ਬਜਾਏ ਕਾਨੂੰਨੀ ਚਾਰਾਜੋਈ ਪ੍ਰਤੀ ਜ਼ਿਆਦਾ ਸਰੋਕਾਰ ਦਿਖਾਏਗਾ। ਮੈਂ ਮਾਈਕ ਨੂੰ ਦੱਸ ਦਿੱਤਾ ਕਿ ਅੱਜ ਉਸਦੀ ਜ਼ਰੂਰਤ ਨਹੀਂ ਪਵੇਗੀ। ਮਾਈਕ ਹੋਸਟਲ ਵਿਚ ਰਹਿਣ ਵਾਲਿਆਂ ਨਾਲ ਘੁਲਮਿਲ ਗਿਆ ਸੀ, ਉਨ੍ਹਾਂ ਵਿਚੋਂ ਇਕ ਪਾਰਨਾਂਗੁਆਕ ਲਿੰਜ ਨਾਂ ਦੀ ਪਿਆਰੀ ਕੁੜੀ ਸੀ ਜੋ ਗ੍ਰੀਨਲੈਂਡ ਦੀ ਰਹਿਣ ਵਾਲੀ ਸੀ ਜਿਸ ਨੂੰ ਅਸੀਂ ਪਾਨੀ ਕਹਿੰਦੇ ਸੀ। ਮੈਨੂੰ ਸ਼ੱਕ ਸੀ ਕਿ ਮਾਈਕ ਉਸ ਉਪਰ ਡੁੱਲ੍ਹਦਾ ਜਾ ਰਿਹਾ ਸੀ। ਇਹ ਪਤਾ ਲੱਗਣ ਤੇ ਕਿ ਉਸ ਦਿਨ ਉਸ ਦੀ ਜ਼ਰੂਰਤ ਨਹੀਂ ਮਾਈਕ ਨੇ ਪਾਨੀ ਨੂੰ ਫੋਟੋਗ੍ਰਾਫ਼ੀ ਕਰਨ ਦੀ ਪੇਸ਼ਕਸ਼ ਕੀਤੀ ਅਤੇ ਉਹ ਇਕਦਮ ਮੰਨ ਗਈ। ਉਸ ਸ਼ਾਮ ਨੂੰ ਫੋਟੋਗ੍ਰਾਫ਼ੀ ਦਾ ਮੇਰਾ ਆਪਣਾ ਪ੍ਰੋਗਰਾਮ ਸੀ। ਮੈਨੂੰ ਇਹ ਚੇਤੇ ਸੀ। ਇਹ ਸੋਚ ਕੇ ਕਿ ਉਥੇ ਬਾਹਲਾ ਕੰਮ ਨਹੀਂ ਸੀ ਮੈਂ ਆਪਣੇ ਕਮਰੇ ਵਿਚ ਵਾਪਸ ਆ ਗਈ ਅਤੇ ਪਿਛਲੇ ਕੁਝ ਦਿਨਾਂ ਦੀਆਂ ਘਟਨਾਵਾਂ ਲਿਖਣ ਬੈਠ ਗਈ। ਅਜੇ ਆਪਣੇ ਮਿੱਤਰ ਦੀ ਫੋਟੋ ਨੁਮਾਇਸ਼ ਵਿਖੇ ਉਸਦਾ ਹੱਥ ਵਟਾ ਰਿਹਾ ਸੀ ਜਦੋਂ ਮੈਂ ਉਸ ਦਿਨ ਉੱਥੇ ਗਈ। ਮੇਰਾ ਤੁਆਰਫ਼ ਬਤੌਰ ਅਮਰੀਕਾ ਤੋਂ ਫਿਲਮਸਾਜ਼ ਕਰਵਾਇਆ ਗਿਆ। ਉਸ ਟੋਲੀ ਵੱਲੋਂ ਮੇਰੇ ਉਪਰ ਤਕਨੀਕੀ ਸਵਾਲਾਂ ਦੀ ਝੜੀ ਲਾਉਣ ਲਈ ਇਹੀ ਕਾਫ਼ੀ ਸੀ। ਤੁਹਾਡਾ ਕੈਮਰੇ ਦਾ ਕੰਮ ਕੌਣ ਕਰ ਰਿਹੈ, ਤੁਸੀਂ ਕਿਹੜਾ ਕੈਮਰਾ ਇਸਤੇਮਾਲ ਕਰ ਰਹੇ ਹੋ, ਤੁਸੀਂ ਸ਼ੂਟਿੰਗ ਕਦੋਂ ਸ਼ੁਰੂ ਕਰੋਗੇ? ਮੈਂ ਇਸ ਤਰ੍ਹਾਂ ਦੇ ਸਵਾਲਾਂ ਦੀ ਉਮੀਦ ਨਾਲ ਪਹਿਲਾਂ ਹੀ ਤਿਆਰੀ ਕਰ ਰੱਖੀ ਸੀ ਅਤੇ ਤਹੱਮਲ ਨਾਲ ਉਨ੍ਹਾਂ ਦੇ ਜਾਵਬ ਦਿੰਦੀ ਰਹੀ। ਜ਼ਾਹਿਰਾ ਤੌਰ ਤੇ ਅਜੇ ਪ੍ਰਭਾਵਿਤ ਸੀ। ਉਸਨੇ ਮੈਨੂੰ ਆਮਦਾਵਾਦ ਨੀ ਗੁਫ਼ਾ ਦਿਖਾਈ, ਅਤੇ ਬੈਠਕੇ ਕੌਫ਼ੀ ਦਾ ਕੱਪ ਤੇ ਸਮੋਸਾ ਲੈਣ ਤੋਂ ਪਹਿਲਾਂ ਉਸ ਥਾਂ ਬਾਰੇ ਮੋਟੀ ਮੋਟੀ ਜਾਣਕਾਰੀ ਦੇ ਦਿੱਤੀ।

ਉਥੇ ਸਾਡੇ ਲਾਗੇ ਕਾਲਜ ਤੋਂ ਇਕ ਟੋਲੀ ਮਹਿਫਿਲ ਸਜਾਈ ਬੈਠੀ ਸੀ, ਕੋਈ ਗਿਟਾਰ ਵਜਾ ਰਿਹਾ ਸੀ। ਕੋਈ ਕਿਸੇ ਦੂਰ ਦਰਾਜ਼ ਕੋਨੇ ਵਿਚ ਆਪਣੇ ਬੇਲੀ ਨੂੰ ਲੈ ਕੇ ਬੈਠਾ ਹੋਇਆ ਸੀ। ਬਿੰਦ ਕੁ ਤਾਂ ਇੰਝ ਲੱਗਿਆ ਜਿਵੇਂ ਸਭ ਕੁਝ ਭੁੱਲ ਗਿਆ ਸੀ, ਪੁਲਿਸ ਅਧਿਕਾਰੀ, ਕਿ ਮੈਂ ਭੇਸ ਵਟਾ ਕੇ ਕੰਮ ਕਰ ਰਹੀ ਸੀ, ਅਤੇ ਇਹ ਕਿ ਮੈਂ ਹੱਥ ਲਏ ਕੰਮ ਬਾਬਤ ਪ੍ਰੇਸ਼ਾਨ ਸੀ। ਇਥੋਂ ਮੈਂ ਬਸ ਇੱਕ ਹੋਰ ਵਿਦਿਆਰਥੀ ਸੀ। ਮੈਨੂੰ ਪਿੱਛੇ ਆਪਣੇ ਪਰਿਵਾਰ, ਮਾਪਿਆਂ ਦਾ ਖ਼ਿਆਲ ਆਇਆ ਜਿਨ੍ਹਾਂ ਨੂੰ ਮੈਂ ਇਨ੍ਹਾਂ ਦਿਨਾਂ ਵਿਚ ਫ਼ੋਨ ਵੀ ਨਹੀਂ ਕੀਤਾ ਸੀ, ਜੋ ਮੇਰੇ ਅਚਾਨਕ ਬਦਲੇ ਹੋਏ ਵਤੀਰੇ ਨੂੰ ਲੈ ਕੇ ਫ਼ਿਕਰਮੰਦ ਸਨ। ਮੈਂ ਆਪਣਾ ਸੈੱਲ ਫ਼ੋਨ ਬੰਦ ਕੀਤਾ ਹੋਇਆ ਸੀ। ਮੈਂ ਕਿਸੇ ਸਥਾਨਕ ਸਾਈਬਰ ਕੈਫੇ ਤੋਂ ਉਨ੍ਹਾਂ ਨੂੰ ਮੇਲ ਕਰਦੀ, ਜੋ ਅਕਸਰ ਬਹੁਤਾ ਨਜ਼ਦੀਕ ਨਾ ਹੋਵੇ। ਜਦੋਂ ਤੋਂ ਮੈਂ ਅਮਿਤ ਸ਼ਾਹ ਬਾਰੇ ਖ਼ੁਲਾਸਾ ਕੀਤਾ ਸੀ, ਉਹ ਹਰ ਵਕਤ ਮੇਰੀ ਰਾਜ਼ੀ–ਖੁਸ਼ੀ ਨੂੰ ਲੈ ਕੇ ਫ਼ਿਕਰਾਂ ਚ ਡੁੱਬੇ ਰਹਿੰਦੇ ਸਨ।

ਇਨ੍ਹਾਂ ਸੋਚਾਂ ਵਿਚ ਡੁੱਬੀ ਹੋਈ ਨੇ, ਮੈਂ ਅਜੇ ਨੂੰ ਕਿਹਾ ਕਿ ਉਹ ਮੈਨੂੰ ਮੇਰੇ ਹੋਸਟਲ ਦੇ ਨੇੜੇ ਕਿਸੇ ਸਥਾਨਕ ਮਾਰਕੀਟ ਵਿਖੇ ਛੱਡ ਸਕਦਾ ਸੀ। ਮੇਰਾ ਕੁਝ ਸਮਾਨ ਮੁੱਕਣ ਵਾਲਾ ਸੀ, ਮੈਂ ਉਸ ਨੂੰ ਕਿਹਾ। ਉਸ ਨੇ ਮੈਨੂੰ ਸੈਟੇਲਾਈਟ ਰੋਡ ਸ਼ਾਪਿੰਗ ਇਲਾਕੇ, ਇਕ ਸ਼ਾਹੀ ਮਾਰਕੀਟ ਇਲਾਕੇ ਵਿਚ ਲਾਹ ਦਿੱਤਾ। ਸੱਚੀਂ ਮੁੱਚੀ ਦੀ ਖ਼ਰੀਦਦਾਰੀ ਦਾ ਪ੍ਰਭਾਵ ਦੇਣ ਲਈ ਮੈਂ ਇਕ ਸੁਪਰ ਮਾਰਕੀਟ ਦੇ ਅੰਦਰ ਚਲੀ ਗਈ, ਕੁਝ ਗੁਸਲ ਦਾ ਨਿੱਕਸੁੱਕ ਖਰੀਦਿਆ ਅਤੇ ਫਿਰ ਸੁਪਰ ਸਟੋਰ ਦੇ ਨਾਲ ਬਣੇ ਪੀ ਸੀ ਓ ਵਿਚ ਜਾ ਵੜੀ। ਇਹ ਪਰਿਵਾਰ ਨਾਲ ਗੱਲ ਕਰਨ ਦਾ ਸਭ ਤੋਂ ਮਹਿਫ਼ੂਜ਼ ਤਰੀਕਾ ਸੀ। ਮੈਂ ਆਪਣਾ ਲੈਂਡਲਾਈਨ ਨੰਬਰ ਮਿਲਾਇਆ। ਮੇਰੀ ਮਾਂ, ਜੋ ਤਾਕਤ ਦਾ ਭਰਪੂਰ ਚਸ਼ਮਾ ਰਹੀ ਸੀ ਅਤੇ ਮਜ਼ਬੂਤ ਹੋਣ ਦਾ ਦਿਖਾਵਾ ਕਰਦੀ ਸੀ, ਨੇ ਫ਼ੋਨ ਚੁੱਕਿਆ। ਉਹ ਚਾਹੁੰਦੀ ਸੀ ਕਿ ਮੈਂ ਵਾਪਸ ਆ ਜਾਵਾਂ। ਇਹ ਕੈਸੀ ਪੱਤਰਕਾਰੀ ਸੀ, ਕਿ ਮੇਰਾ ਆਪਣੇ ਪਰਿਵਾਰ ਨਾਲ ਵੀ ਕੋਈ ਰਾਬਤਾ ਨਹੀਂ ਸੀ। ਮੈਂ ਉਸ ਨੂੰ ਜਿੰਨਾ ਕੁ ਢਾਰਸ ਦੇ ਸਕਦੀ ਸੀ ਦੇ ਦਿੱਤੀ ਅਤੇ ਆਪਣੇ ਅੰਦਰਲਾ ਖਾਲੀਪਣ ਮਹਿਸੂਸ ਕਰਕੇ ਫ਼ੋਨ ਰੱਖ ਦਿੱਤਾ। ਅਗਲੀ ਸਵੇਰ ਮੈਂ ਸਿੰਘਲ ਨੂੰ ਦੁਬਾਰਾ ਫ਼ੋਨ ਕੀਤਾ, ਅਤੇ ਇਸ ਵਾਰ ਉਸਨੇ ਕਿਹਾ ਕਿ ਉਹ ਮੈਨੂੰ ਮਿਲੇਗਾ। ਮੇਰੀ ਛਣਬੀਣ ਮੈਨੂੰ ਜਿਸ ਬਿਖੜੇ ਪੈਂਡੇ ਉਪਰ ਤੋਰਨ ਜਾ ਰਹੀ ਸੀ ਓੜਕ ਉਸਦਾ ਆਗਾਜ਼ ਹੋ ਗਿਆ।

**(ਬਾਕੀ ਅਗਲੇ ਹਫ਼ਤੇ)**

## ਕਿਸਾਨਾਂ ਨੂੰ ਮੁਫ਼ਤ ਬਿਜਲੀ ਦੀ ਯੋਜਨਾ ਪੰਜਾਬ ਨੂੰ ਬਣਾ ਦੇਵੇਗੀ ਬੰਜਰ : ਪ੍ਰੋ. ਜੌਹਲ

ਲਈ ਮੁਫ਼ਤ ਬਿਜਲੀ ਤੁਰੰਤ ਬੰਦ ਕਰਨ ਦੀ ਲੋੜ ਹੈ। ਕਿਸਾਨ ਨੂੰ ਘੱਟੋ ਘੱਟ ਸਮਰਥਨ ਮੁੱਲ ਵੀ ਪੂਰਾ ਨਹੀਂ ਮਿਲਦਾ, ਕਿਉਂਕਿ ਮੁਫ਼ਤ ਬਿਜਲੀ–ਪਾਣੀ ਦੀ ਲਾਗਤ ਸਮਰਥਨ ਮੁੱਲ ਤੈਅ ਕਰਨ ਸਮੇਂ ਜੋੜੀ ਨਹੀਂ ਜਾਂਦੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਆਸਤਦਾਨ ਵੋਟ ਬੈਂਕ ਦੀ ਸਿਆਸਤ ਕਰ ਰਹੇ ਹਨ। ਉਨ੍ਹਾਂ ਇਸ ਮਾਮਲੇ ਵਿੱਚ ਅਕਾਲੀ–ਭਾਜਪਾ ਅਤੇ ਕਾਂਗਰਸ ਸਰਕਾਰਾਂ ਨੂੰ ਦੋਸ਼ੀ ਦੱਸਿਆ।

ਪ੍ਰੋਫੈਸਰ ਜੌਹਲ ਨੇ ਕਿਹਾ ਕਿ ਕਿਸਾਨਾਂ ਨੂੰ ਸਬਸਿਡੀ ਦੀ ਅਹਿਮ ਲੋੜ ਹੈ ਪਰ ਇਸ ਦੇ ਤਰੀਕੇ ਬਦਲਣੇ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਛੇ ਹਜ਼ਾਰ ਕਰੋੜ ਰੁਪਏ ਦੀ ਮੁਫ਼ਤ ਬਿਜਲੀ ਨੂੰ ਸੂਬੇ ਦੀ 42 ਲੱਖ ਹੈਕਟੇਅਰ ਖੇਤੀ ਯੋਗ ਜ਼ਮੀਨ ਉੱਤੇ ਵੰਡਿਆ ਜਾਵੇ ਤਾਂ ਪ੍ਰਤੀ ਏਕੜ 5700 ਰੁਪਏ ਰਾਸ਼ੀ ਬਣਦੀ ਹੈ। ਸਬਸਿਡੀ ਨੂੰ ਛੋਟੇ ਅਤੇ ਮੱਧਵਰਗੀ ਕਿਸਾਨਾਂ ਤੱਕ ਸੀਮਤ ਕਰਕੇ ਇਸ ਸਬਸਿਡੀ ਦੀ ਵੰਡ ਹੋ ਸਕਦੀ ਹੈ। ਇਸ ਨਾਲ ਕਿਸਾਨ ਫ਼ਸਲੀ ਵੰਨ ਸੁਵੰਨਤਾ ਵੱਲ ਵੀ ਆਉਣਗੇ ਅਤੇ ਪੰਜਾਬ ਦਾ ਕੀਮਤੀ ਕੁਦਰਤੀ ਵਸੀਲਾ ਬਚੇਗਾ ਤੇ ਬਿਜਲੀ ਦਾ ਸੰਕਟ ਵੀ ਹੱਲ ਹੋਵੇਗਾ। ਦਿਹਾਤੀ ਖੇਤਰ ਵਿੱਚ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਪ੍ਰੋਫੈਸਰ ਜੌਹਲ ਨੇ ਕਿਹਾ ਕਿ ਇਸ ਵਾਸਤੇ ਉਦਯੋਗ, ਖੇਤੀ ਤੇ ਸਰਵਿਸ ਸੈਕਟਰ ਦੀ ਇਕਸਾਰ ਨੀਤੀ ਦੀ ਲੋੜ ਹੈ। ਉਦਯੋਗਾਂ ਨੂੰ ਲੰਮੇ ਸਮੇਂ ਲਈ ਟੈਕਸ ਛੋਟ ਦਿੱਤੀ ਜਾਵੇ। ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਚੀਨ ਦੀ ਤਰਜ਼ 'ਤੇ ਪਾਰਟ ਟਾਈਮ ਕਿਸਾਨ ਮੰਨ ਕੇ ਉਨ੍ਹਾਂ ਨੂੰ ਨੇੜਲੇ ਉਦਯੋਗਾਂ ਵਿੱਚ ਰੁਜ਼ਗਾਰ ਦਿੱਤਾ ਜਾਵੇ। ਸਾਰੇ ਉਦਯੋਗਾਂ ਵਿੱਚ ਹਿਮਾਚਲ ਪ੍ਰਦੇਸ਼ ਦੀ ਤਰ੍ਹਾਂ 80 ਫ਼ੀਸਦ ਰੁਜ਼ਗਾਰ ਦੀ ਪੰਜਾਬੀ ਨੌਜਵਾਨਾਂ ਲਈ ਰਾਖਵੇਂਕਰਨ ਦੀ ਗਰੰਟੀ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਯੂਨੀਅਨਿਸਟ ਪਾਰਟੀ ਮੌਕੇ ਸਰ ਛੋਟੂ ਰਾਮ ਦੇ ਮੰਤਰਾਲੇ ਨੇ ਕਰਜ਼ਾ ਰਾਹਤ ਕਾਨੂੰਨ ਬਣਾਇਆ ਸੀ। ਇਸ ਤਰਜ਼ 'ਤੇ ਹੀ ਜ਼ਿਲ੍ਹਾ ਕਰਜ਼ਾ ਰਾਹਤ ਬੋਰਡ ਬਣਨੇ ਚਾਹੀਦੇ ਹਨ। ਕਰਜ਼ਾ ਸਬੰਧਤ ਕਿਸਾਨ ਪਰਿਵਾਰ 'ਤੇ ਮਾਨਸਿਕ ਦਬਾਅ ਦੇ ਮੱਦੇਨਜ਼ਰ ਨਿਬੇੜਨਾ ਚਾਹੀਦਾ ਹੈ। ਜਿਹੜੇ ਕਿਸਾਨ ਕਰਜ਼ਾ ਮੋੜ ਸਕਦੇ ਹਨ, ਉਨ੍ਹਾਂ ਨੂੰ ਮੁਆਫ਼ੀ ਦੀ ਲੋੜ ਨਹੀਂ, ਬਲਕਿ ਛੋਟੇ ਅਤੇ ਕਰਜ਼ੇ ਵਿੱਚ ਬੁਰੀ ਤਰ੍ਹਾਂ ਫਸੇ ਕਿਸਾਨਾਂ ਨੂੰ ਇਸ ਜਾਲ ਵਿੱਚੋਂ ਕੱਢਣ ਦੀ ਲੋੜ ਹੈ। ਉਨ੍ਹਾਂ ਨਸ਼ਿਆਂ ਦੇ ਮੁੱਦੇ 'ਤੇ ਕਿਹਾ ਕਿ ਭੁੱਕੀ ਉੱਤੇ ਲਾਈ ਰੋਕ ਹਟਾ ਕੇ ਕਿਸਾਨਾਂ ਖਾਸ ਤੌਰ 'ਤੇ ਛੋਟੇ ਕਿਸਾਨਾਂ ਨੂੰ ਇਸ ਦੀ ਬਿਜਾਈ ਕਰਨ ਦੀ ਇਜਾਜ਼ਤ ਦਿੱਤੀ ਜਾਵੇ, ਕਿਉਂਕਿ ਇਹ ਉਚ ਕੀਮਤੀ ਫ਼ਸਲ ਹੈ। ਨੌਜਵਾਨਾਂ ਲਈ ਰੁਜ਼ਗਾਰ ਦੇ ਨਾਲ ਪਿੰਡਾਂ ਵਿੱਚ ਖੇਡ ਮੈਦਾਨ ਅਤੇ ਲਾਇਬ੍ਰੇਰੀਆਂ ਬਣਾਈਆਂ ਜਾਣ।

# ਟਰੰਪ ਨੇ ਐਕਸਾਨਮੋਬਿਲ ਕੰਪਨੀ ਦੇ ਸੀ.ਈ.ਓ. ਰੈਕਸ ਟਿਲਰਸਨ ਨੂੰ ਚੁਣਿਆ ਵਿਦੇਸ਼ ਮੰਤਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੇਸ਼ ਦੇ ਵਿਦੇਸ਼ ਮੰਤਰੀ ਵਜੋਂ ਐਕਸਾਨਮੋਬਿਲ ਦੇ ਸੀ.ਈ.ਓ. ਰੈਕਸ ਟਿਲਰਸਨ ਨੂੰ ਚੁਣਿਆ ਹੈ। ਅਮਰੀਕੀ ਮੀਡੀਆ ਨੇ ਅਜਿਹੇ ਸਮੇਂ ਵਿਚ ਇਹ ਜਾਣਕਾਰੀ ਦਿੱਤੀ, ਜਦੋਂ ਰੈਕਸ ਵਜੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸਬੰਧਾਂ ਕਾਰਨ ਉਨ੍ਹਾਂ ਦੀ ਚੋਣ ਦੀ ਪੁਸ਼ਟੀ ਦੀਆਂ ਸੰਭਾਵਨਾਵਾਂ ਦੇ ਗੁੰਝਲਦਾਰ ਹੋਣ ਦੇ ਖ਼ਦਸ਼ੇ ਨੂੰ ਲੈ ਕੇ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ।

ਦੀ ਵੱਾਲ ਸਟਰੀਟ ਜਨਰਲ ਨੇ ਸੱਤਾ ਪਰਿਵਰਤਨ ਦਲ ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਟਰੰਪ ਨੇ ਟਿਲਰਸਨ ਨੂੰ ਸ਼ਿਖ਼ਰਲੇ ਰਾਜਨਾਇਕ ਵਜੋਂ ਚੁਣਿਆ ਹੈ। ਅਖ਼ਬਾਰ ਅਨੁਸਾਰ ਟਿਲਰਸਨ ਉੱਘੇ ਕਾਰੋਬਾਰੀ ਹਨ, ਜਿਨ੍ਹਾਂ ਦਾ ਵਿਦੇਸ਼ਾਂ ਵਿਚ ਵੀ ਵੱਡੇ ਪੱਧਰ 'ਤੇ ਕਾਰੋਬਾਰ ਹੈ ਪਰ ਵਿਦੇਸ਼ੀ ਨੇਤਾਵਾਂ ਨਾਲ ਉਨ੍ਹਾਂ ਦੇ ਸਬੰਧ ਉਨ੍ਹਾਂ ਦੀ ਨਾਂ ਦੀ ਪੁਸ਼ਟੀ ਦੀਆਂ ਸੰਭਾਵਨਾਵਾਂ ਨੂੰ ਗੁੰਝਲਦਾਰ ਬਣਾ ਸਕਦੇ ਹਨ। ਜੇਕਰ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਜੌਨ ਕੈਰੀ ਦੇ ਜਾਣ ਮਗਰੋਂ ਟਿਲਰਸਨ ਵਿਦੇਸ਼ ਮੰਤਰੀ ਵਜੋਂ ਕਾਰਜਭਾਰ ਸੰਭਾਲਣਗੇ।



ਟਰੰਪ ਨੇ ਪਿਛਲੇ ਹਫ਼ਤੇ ਟਿਲਰਸਨ ਦੀ ਪ੍ਰਸ਼ੰਸਾ ਕੀਤੀ ਸੀ। ਟਰੰਪ ਨੇ ਕਿਹਾ ਸੀ, 'ਉਹ ਇਕ ਕਾਰੋਬਾਰੀ ਨਾਲੋਂ ਕਿਤੇ ਜ਼ਿਆਦਾ ਵਧ ਕੇ ਹੈ। ਉਹ ਇਕ ਭਰੋਸੇਯੋਗ ਹਸਤੀ ਹੈ। ਉਹ ਮੇਰੇ ਹਿਸਾਬ ਨਾਲ ਵਿਸ਼ਵ ਦੀ ਸਭ ਤੋਂ ਵੱਡੀ ਕੰਪਨੀ ਦੇ ਇੰਚਾਰਜ ਹਨ।' ਟਰੰਪ ਨੇ ਕਿਹਾ, 'ਮੇਰੇ ਲਈ ਇਕ ਵੱਡਾ ਲਾਭ ਇਹ ਹੈ ਕਿ ਉਹ ਕਈ ਮਾਹਰਾਂ ਨੂੰ ਜਾਣਦੇ ਹਨ ਤੇ ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਰੂਸ ਵਿਚ ਵੱਡੇ ਸੌਦੇ ਕਰਦੇ ਹਨ। ਉਹ ਇਹ ਵੱਡੇ ਸੌਦੇ ਕੰਪਨੀ ਲਈ ਕਰਦੇ ਹਨ, ਆਪਣੇ ਲਈ ਨਹੀਂ।' ਡੈਮੋਕਰੈਟਿਕ ਸੈਨੇਟਰਾਂ ਨੇ ਹੁਣ ਤਕ ਟਿਲਰਸਨ ਨੂੰ ਵਿਦੇਸ਼ ਮੰਤਰੀ ਬਣਾਏ ਜਾਣ ਦਾ ਵਿਰੋਧ ਕੀਤਾ ਹੈ, ਜਿਸ ਦੇ ਮੱਦੇਨਜ਼ਰ ਟਿਲਰਸਨ ਨੂੰ ਲੈ ਕੇ ਸੈਨੇਟ ਦੀ ਪੁਸ਼ਟੀ ਆਸਾਨ ਨਹੀਂ ਹੋਵੇਗੀ।

ਸੈਨੇਟ ਵਿਚ ਕੁਝ ਰਿਪਬਲਿਕਨ ਆਗੂਆਂ ਨੇ ਕਿਹਾ ਕਿ ਉਹ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਉਨ੍ਹਾਂ ਦੇ ਸਬੰਧਾਂ ਨੂੰ ਲੈ ਕੇ ਚਿੰਤਤ ਹਨ। ਰੋਮਨੀ ਤੋਂ ਇਲਾਵਾ ਸੈਨੇਟ ਦੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦੇ ਮੁਖੀ ਬੌਬ ਕੋਰਕਰ ਅਤੇ ਸਾਬਕਾ ਸੀ.ਆਈ.ਏ. ਡਾਇਰੈਕਟਰ (ਸੇਵਾਮੁਕਤ) ਡੇਵਿਡ ਪੈਟਰਾਇਸ ਵੀ ਇਸ ਅਹੁਦੇ ਦੇ ਦਾਅਵੇਦਾਰ ਦੱਸੇ ਜਾ ਰਹੇ ਹਨ। ਟਰੰਪ ਦੇ ਨੇੜਲੇ ਮਿੱਤਰਾਂ ਵਿਚ ਸ਼ਾਮਲ ਅਤੇ ਨਿਊ ਯਾਰਕ ਦੇ ਸਾਬਕਾ ਮੇਅਰ ਰਡੀ ਜੁਲਿਆਨੀ ਨੇ ਟਰੰਪ ਪ੍ਰਸ਼ਾਸਨ ਵਿਚ ਕਿਸੇ ਵੀ ਅਹੁਦੇ 'ਤੇ ਵਿਚਾਰ ਕਰਨ ਲਈ ਆਪਣਾ ਨਾਂ ਵਾਪਸ ਲੈ ਲਿਆ ਸੀ। ਉਨ੍ਹਾਂ ਦੇ ਵੀ ਵਿਦੇਸ਼ ਮੰਤਰੀ ਦੀ ਦੌੜ ਵਿਚ ਸ਼ਾਮਲ ਹੋਣ ਦੀਆਂ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ। ਟਿਲਰਸਨ ਨੂੰ ਨਾਮਜ਼ਦ ਕੀਤੇ ਜਾਣ ਦਾ ਪਹਿਲਾਂ ਹੀ ਕਈ ਸੈਨੇਟਰ ਖੁੱਲ੍ਹ ਕੇ ਵਿਰੋਧ ਕਰ ਚੁੱਕੇ ਹਨ।

## ਸ਼ਕਤੀ ਪ੍ਰਦਰਸ਼ਨਾਂ ਦੀ ਕਸਰਤ ਬਣੀ ਲਾਰਿਆਂ ਦੀ ਸਰਕਸ

ਉਥੇ 'ਆਪ' ਨੇ 'ਬੇਈਮਾਨ ਭਜਾਓ, ਪੰਜਾਬ ਬਚਾਓ' ਦਾ ਨਾਅਰਾ ਬੁਲੰਦ ਕੀਤਾ। ਸ਼ਕਤੀ ਮੁਜ਼ਾਹਰਿਆਂ ਤੋਂ ਪਛੜੀ ਕਾਂਗਰਸ ਇਨ੍ਹਾਂ ਦੋਹਾਂ ਵਿਰੋਧੀ ਧਿਰਾਂ ਨੂੰ ਭੰਡਣ ਦੀ ਰਣਨੀਤੀ ਤਕ ਹੀ ਸੀਮਤ ਹੈ।

ਉਂਜ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਆਪਣੀਆਂ ਬਾਗ਼ੀ ਸੁਰਾਂ ਦਬਾਉਣ ਵੱਲ ਜ਼ਿਆਦਾ ਧਿਆਨ ਦੇ ਰਹੀਆਂ ਹਨ। ਜਿਵੇਂ ਹੀ ਦੋਹਾਂ ਧਿਰਾਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਸ਼ੁਰੂ ਕੀਤਾ, ਨਾਲ ਹੀ ਬਗ਼ਾਵਤ ਵੀ ਹੋਣੀ ਸ਼ੁਰੂ ਹੋ ਗਈ। ਕਾਂਗਰਸ ਇਸ ਮਾਮਲੇ ਵਿਚ ਵੀ ਹਾਲੇ ਤਕ ਪਛੜੀ ਹੋਈ ਹੈ। ਜ਼ਾਹਰ ਹੈ ਜਦੋਂ ਕਾਂਗਰਸ ਦੇ ਉਮੀਦਵਾਰਾਂ ਦੀ ਸੂਚੀ ਬਾਹਰ ਆਵੇਗੀ, ਵਫ਼ਾਦਾਰੀਆਂ ਉਦੋਂ ਵੀ ਬਦਲਣਗੀਆਂ। ਮਲਾਲ ਇਸ ਗੱਲ ਦਾ ਹੈ ਕਿ ਇਨ੍ਹਾਂ ਸਿਆਸੀ ਪਾਰਟੀਆਂ ਦੇ 'ਪੰਜਾਬ ਬਚਾਓ' ਦੇ ਨਾਅਰਿਆਂ ਹੇਠ ਪੰਜਾਬੀਆਂ ਦੇ ਮਸਲੇ ਦੱਬੇ ਗਏ ਹਨ। ਭਾਵੇਂ ਰੈਲੀਆਂ ਦੌਰਾਨ ਨਸ਼ਿਆਂ ਤੋਂ ਮੁਕਤੀ, ਕਿਸਾਨੀ ਬਚਾਉਣ, ਪਾਣੀ ਬਚਾਉਣ ਵਰਗੇ ਤੱਤੇ ਤੱਤੇ ਮੁੱਦੇ ਛੋਹੇ ਤਾਂ ਜਾ ਰਹੇ ਹਨ ਪਰ ਨਾਅਰਿਆਂ ਦੇ ਸ਼ੋਰ ਤੋਂ ਬਿਨਾਂ ਕੁਝ ਦਿਖਾਈ ਨਹੀਂ ਦੇ ਰਹੇ। ਇਨ੍ਹਾਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਅਸਲ ਏਜੰਡੇ ਦੇ ਸਵਾਲ 'ਤੇ ਇਹ ਸਿਆਸੀ ਧਿਰਾਂ ਮੌਨ ਹਨ। ਇਥੋਂ ਤਕ ਕਿ ਵੱਖਰਾ ਵੱਖਰਾ ਚੋਣ ਮੈਨੀਫੈਸਟੋ ਜਾਰੀ ਕਰਨ ਵਾਲੀ ਆਮ ਆਦਮੀ ਪਾਰਟੀ ਵੀ ਸਾਧਨਾਂ ਤੋਂ ਕੋਰੀ ਹੈ। ਹੋਰ ਤਾਂ ਹੋਰ ਐਸ.ਵਾਈ.ਐਲ. ਮੁੱਦੇ 'ਤੇ ਇਸ ਨੇ ਸਾਜ਼ਿਸ਼ਾਨਾ ਢੰਗ ਨਾਲ ਚੁੱਪ ਧਾਰੀ ਹੋਈ ਹੈ। ਵਿਧਾਨ ਸਭਾ ਵਿਚ ਬੈਂਸ ਭਰਾਵਾਂ ਨੇ ਜ਼ਬਰਦਸਤ ਤਰੀਕੇ ਨਾਲ ਜਲ ਸਮਝੌਤਿਆਂ ਦਾ ਵਿਰੋਧ ਕੀਤਾ ਸੀ ਪਰ ਲੁਧਿਆਣਾ ਵਿਚ ਕੀਤੀ ਬੇਮਿਸਾਲ ਰੈਲੀ ਮੌਕੇ ਪਾਣੀਆਂ ਦੇ ਮੁੱਦੇ 'ਤੇ ਖੁੱਲ੍ਹ ਕੇ ਨਹੀਂ ਬੋਲ ਸਕੀ। ਉਸ ਦੀ ਸੂਈ ਡਰੱਗ ਮਾਮਲਿਆਂ ਵਿਚ ਬਿਕਰਮ ਸਿੰਘ ਮਜੀਠੀਆ 'ਤੇ ਹੀ ਅਟਕੀ ਰਹੀ। ਜਾਂ ਅਕਾਲੀ-ਕਾਂਗਰਸ ਇਕਜੁੱਟ ਹੋਣ ਦੀ ਇਲਜ਼ਾਮਬਾਜ਼ੀ ਹੀ ਭਾਰੂ ਰਹੀ। ਬੇਸ਼ੱਕ ਬਾਦਲ ਸਰਕਾਰ ਪਾਣੀ ਨੂੰ ਅਹਿਮ ਮੁੱਦਾ ਬਣਾ ਰਹੀ ਹੈ, ਪਰ ਠੋਸ ਨੀਤੀ ਉਸ ਕੋਲ ਵੀ ਨਹੀਂ। ਪੰਜਾਬ ਨੂੰ ਬੰਜਰ ਬਣਾਉਣ ਦੀਆਂ ਜਲ ਨੀਤੀਆਂ ਵਿਚ ਆਪਣੀ ਨਾਕਾਰਾਤਮਕ ਹਿੱਸੇਦਾਰੀ 'ਤੇ ਪਰਦਾਪੋਸ਼ੀ ਕਰਨ ਵਿਚ ਲੱਗੀ ਬਾਦਲ ਸਰਕਾਰ ਪੰਜਾਬੀਆਂ ਦੀ ਕੁਰਬਾਨੀ ਮੰਗ ਰਹੀ ਹੈ। ਸ਼ਕਤੀ ਪ੍ਰਦਰਸ਼ਨਾਂ ਦੌਰਾਨ ਲੋਕਾਂ ਦੀਆਂ ਭਾਵਨਾਵਾਂ ਨੂੰ ਹਵਾ ਦੇ ਕੇ ਇਸ ਦਾ ਲਾਹਾ ਖੱਟਣਾ ਚਾਹੁੰਦੀ ਹੈ।

ਸੋ, ਇਨ੍ਹਾਂ ਸ਼ਕਤੀ ਪ੍ਰਦਰਸ਼ਨਾਂ ਰਾਹੀਂ ਸਿਆਸੀ ਧਿਰਾਂ ਵਲੋਂ ਅਜਿਹਾ ਮਾਹੌਲ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਚੋਣ ਸਰਵੇਖਣਾਂ ਵਿਚ ਉਨ੍ਹਾਂ ਦਾ ਹੀ ਪੱਲੜਾ ਭਾਰੀ ਹੈ। ਹਵਾ ਦਾ ਰੁਖ਼ ਆਪਣੇ ਵੱਲ ਮੋੜਨ ਦਾ ਪੂਰਾ ਤਾਣ ਲਾਇਆ ਜਾ ਰਿਹਾ ਹੈ ਪਰ ਅੰਤਿਮ ਫ਼ੈਸਲਾ ਪੰਜਾਬੀਆਂ ਦੀ ਸੂਝ 'ਤੇ ਹੀ ਨਿਰਭਰ ਕਰਦਾ ਹੈ। ਸਮੁੱਚੇ ਪੰਜਾਬੀਆਂ ਕੋਲ ਸਿਆਸੀ ਧਿਰਾਂ ਅੱਗੇ ਇਕ ਅਹਿਮ ਸਵਾਲ ਹੋਣਾ ਲਾਜ਼ਮੀ ਹੈ ਕਿ ਜੋ ਜੋ ਉਹ ਵਾਅਦੇ ਕਰ ਰਹੀਆਂ ਹਨ, ਉਨ੍ਹਾਂ ਨੂੰ ਅਮਲੀ ਜਾਮਾ ਪਾਉਣ ਵਿਚ ਉਨ੍ਹਾਂ ਕੋਲ ਕੀ ਏਜੰਡਾ ਹੈ। ਕੀ ਸਿਆਸੀ ਧਿਰਾਂ ਆਪਣੇ ਐਲਾਨਨਾਮਿਆਂ ਨੂੰ ਕਾਨੂੰਨੀ ਰੂਪ ਦੇਣਗੀਆਂ ਤਾਂ ਜੋ ਉਹ ਸੱਤਾ ਸੰਭਾਲਦਿਆਂ ਹੀ ਆਪਣੇ ਚੋਣ ਵਾਅਦਿਆਂ ਤੋਂ ਮੁੱਕਰ ਨਾ ਸਕਣ? ਇਨ੍ਹਾਂ ਸ਼ਕਤੀ ਪ੍ਰਦਰਸ਼ਨਾਂ ਦਾ ਹਿੱਸਾ ਬਣ ਰਹੇ ਪੰਜਾਬੀਆਂ ਨੂੰ ਆਪਣੇ ਨੇਤਾਵਾਂ ਅੱਗੇ ਇਹ ਸਵਾਲ ਜ਼ਰੂਰ ਜ਼ਰੂਰ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਇਕ ਵਾਰ ਫੇਰ ਠੱਗੇ ਨਾ ਰਹਿ ਜਾਣ।

## ਜਥੇਦਾਰ ਬਡੂੰਗਰ ਨੇ ਪਲਟੇ ਮੱਕੜ ਦੇ ਫ਼ੈਸਲੇ

ਹਾਲਾਂਕਿ, ਇਨ੍ਹਾਂ ਫ਼ੈਸਲਿਆਂ ਬਾਰੇ ਪ੍ਰੋ. ਬਡੂੰਗਰ ਕਿਸੇ ਵੀ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਬਚ ਰਹੇ ਹਨ, ਪਰ ਇਨ੍ਹਾਂ ਮਾਮਲਿਆਂ ਨੂੰ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਤੇ ਸੂਬੇ ਭਰ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਚਲਦਿਆਂ ਭਾਈ ਬਲਬੀਰ ਸਿੰਘ ਨੇ ਜਨਵਰੀ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਜੂਨ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਰਬਾਰ ਸਾਹਿਬ ਆਉਣ 'ਤੇ ਸਿਰੋਪਾ ਭੇਟ ਨਹੀਂ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਨੇ ਪਹਿਲਾਂ ਭਾਈ ਬਲਬੀਰ ਸਿੰਘ ਦਾ ਤਬਾਦਲਾ ਮਾਛੀਵਾੜਾ ਗੁਰਦੁਆਰੇ ਵਿੱਚ ਕਰ ਦਿੱਤਾ ਸੀ ਪਰ ਉਹ ਡਿਊਟੀ 'ਤੇ ਹਾਜ਼ਰ ਨਹੀਂ ਹੋਏ। ਇਸ ਦੇ ਸਿੱਟੇ ਵਜੋਂ ਕਮੇਟੀ ਨੇ ਉਨ੍ਹਾਂ ਦੀ ਤਨਖਾਹ ਰੋਕ ਦਿੱਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਸੀ। ਆਰਥਿਕ ਤੰਗੀ ਕਾਰਨ ਕਿਸੇ ਰਾਹੀਂ ਉਨ੍ਹਾਂ ਪ੍ਰਧਾਨ ਕੋਲ ਪਹੁੰਚ ਕੀਤੀ ਅਤੇ ਹੁਣ ਉਨ੍ਹਾਂ ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

ਮੱਕੜ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਟੋਪੀ ਪਾ ਕੇ ਆਉਣ 'ਤੇ ਪਾਬੰਦੀ ਲਾਈ ਹੋਈ ਸੀ। ਪਰ ਬਡੂੰਗਰ ਨੇ ਦਰਬਾਰ ਸਾਹਿਬ ਵਿਚ ਟੋਪੀ ਪਾ ਕੇ ਆਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਬਦੁਲ ਗਨੀ ਟੋਪੀ ਪਾ ਕੇ ਦਰਬਾਰ ਸਾਹਿਬ ਆਏ ਸਨ। ਇਸ ਮਾਮਲੇ ਨੂੰ ਲੈ ਕੇ ਪੰਥਕ ਹਲਕਿਆਂ ਵਿਚ ਕਾਫ਼ੀ ਵਿਵਾਦ ਭਖਿਆ ਸੀ। ਪ੍ਰੋ. ਬਡੂੰਗਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਟੋਪੀ ਪਾ ਕੇ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਬਾਰੇ ਵਿਵਾਦ ਬੇਲੋੜਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਆਪਣੇ ਧਰਮ ਵਿੱਚ ਰਹਿ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਦਾ ਹੈ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਪਟਨਾ ਸਾਹਿਬ ਵਿੱਚ ਮਨਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼੍ਰੋਮਣੀ ਕਮੇਟੀ ਵੱਧ ਚੜ੍ਹ ਕੇ ਹਿੱਸਾ ਲਵੇਗੀ। ਉਨ੍ਹਾਂ ਦੱਸਿਆ ਕਿ 2019 ਵਿੱਚ ਗੁਰੂ ਨਾਨਕ ਦੇਵ ਜੀ ਦਾ ਆ ਰਿਹਾ 550 ਸਾਲਾ ਪ੍ਰਕਾਸ਼ ਪੁਰਬ ਵਾਤਾਵਰਨ ਦੀ ਸ਼ੁੱਧਤਾ ਨੂੰ ਸਮਰਪਿਤ ਹੋਵੇਗਾ।

ਇਸੇ ਦੌਰਾਨ ਪ੍ਰੋ. ਬਡੂੰਗਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਫੈਸਲਾ ਲਿਆ ਹੈ ਕਿ ਲੰਗਰ ਵਿੱਚ ਹੁਣ ਪੁਰਾਤਨ ਰਵਾਇਤ ਅਨੁਸਾਰ ਤਾਂਬੇ ਦੇ ਦੇਗਚੇ ਤੇ ਹੋਰ ਭਾਂਡੇ ਵਰਤੇ ਜਾਣਗੇ। ਉਨ੍ਹਾਂ ਕਿਹਾ ਕਿ ਐਲੂਮੀਨੀਅਮ ਦੇ ਪਤੀਲੇ ਤੇ ਹੋਰ ਭਾਂਡੇ ਸਿਹਤ ਲਈ ਠੀਕ ਨਹੀਂ, ਇਸ ਲਈ ਤਾਂਬੇ ਦੇ ਭਾਂਡਿਆਂ ਦੀ ਵਰਤੋਂ ਦਾ ਫੈਸਲਾ ਕੀਤਾ ਹੈ।

## ਸਰਬੱਤ ਖ਼ਾਲਸਾ ਮੌਕੇ ਬਾਦਲ ਨੂੰ ਜਨਮ ਦਿਨ ਦਾ 'ਤੋਹਫ਼ਾ', ਪੰਥ ਵਿਚੋਂ ਛੇਕਿਆ

ਦੇ ਰਸਤੇ ਅਖੰਡ ਪਾਠ ਵਾਲੀ ਥਾਂ 'ਤੇ ਪਹੁੰਚ ਗਈ। ਕਰੀਬ ਪੰਜ ਹਜ਼ਾਰ ਲੋਕ ਇਕੱਠੇ ਹੋਏ। ਪਿਛਲੇ ਸਾਲ ਚੱਬਾ ਵਿਚ ਹੋਏ ਸਰਬੱਤ ਖ਼ਾਲਸਾ ਦੌਰਾਨ ਇਕ ਲੱਖ ਲੋਕ ਪਹੁੰਚੇ ਸਨ। ਮਨਜ਼ੂਰੀ ਨਾ ਮਿਲਣ ਤੋਂ ਖ਼ਫ਼ਾ ਪੰਥਕ ਨੇਤਾਵਾਂ ਨੇ ਅਕਾਲੀ ਰੈਲੀ 'ਤੇ ਜਾ ਰਹੀਆਂ ਬੱਸਾਂ ਨੂੰ ਰਸਤੇ ਵਿਚ ਘੇਰ ਲਿਆ। ਟਾਇਰਾਂ ਦੀ ਹਵਾ ਕੱਢ ਦਿੱਤੀ। ਪੁਲੀਸ ਨੇ ਸੌ ਦੇ ਕਰੀਬ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਕੇ ਥਾਣੇ ਬੰਦ ਕਰ ਦਿੱਤਾ।

ਇਸੇ ਦੌਰਾਨ ਸੰਗਤਾਂ ਨੇ ਮੁਤਵਾਜ਼ੀ ਜਥੇਦਾਰਾਂ ਤੇ ਅਕਾਲੀ ਦਲ(ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਲਈ ਖੰਡਾ ਚੌਕ ਵਿਚ ਧਰਨਾ ਲਾ ਕੇ ਜਾਮ ਲਾਇਆ, ਜੋ ਦੇਰ ਸ਼ਾਮ ਪੁਲੀਸ ਨੇ ਮੁਤਵਾਜ਼ੀ ਜਥੇਦਾਰਾਂ ਨੂੰ ਰਿਹਾਅ ਕਰਵਾ ਕੇ ਚੁਕਾ ਦਿੱਤਾ। ਮੁਤਵਾਜ਼ੀ ਜਥੇਦਾਰਾਂ ਨੇ ਬਾਦਲ ਪਰਿਵਾਰ ਨੂੰ ਪੰਥ ਵਿਚੋਂ ਛੇਕਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਵੀ ਕਿਹਾ।

ਪੁਲੀਸ ਨੇ ਸਰਬੱਤ ਖ਼ਾਲਸਾ ਵਾਲੀ ਜਗ੍ਹਾ ਦੀ ਘੇਰਾਬੰਦੀ ਅਤੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਸਿੱਖ ਸੰਗਤਾਂ ਨੂੰ ਜਾਣ ਤੋਂ ਰੋਕਣ ਲਈ ਪੂਰੀ ਵਾਹ ਲਾਈ, ਪਰ ਫਿਰ ਵੀ ਵੱਡੀ ਗਿਣਤੀ ਸੰਗਤਾਂ ਪੁਲੀਸ ਨੂੰ ਚਕਮਾ ਦੇ ਕੇ ਇਕ ਰਾਤ ਪਹਿਲਾਂ ਹੀ ਪੁੱਜ ਗਈਆਂ। ਪੁਲੀਸ ਨੇ ਕਈ ਥਾਈਂ ਸਿੱਖ ਸੰਗਤਾਂ ਨੂੰ ਹਿਰਾਸਤ ਵਿੱਚ ਵੀ ਲਿਆ, ਪਰ ਐਨ ਭੋਗ ਮੌਕੇ ਪੁਲੀਸ ਵੱਲੋਂ ਦਿੱਤੀ ਗਈ ਖੁੱਲ੍ਹ ਦੇ ਚੱਲਦਿਆਂ ਵੱਡੀ ਗਿਣਤੀ ਸੰਗਤਾਂ ਸਮਾਗਮ ਵਾਲੀ ਥਾਂ ਪੁੱਜ ਗਈਆਂ। ਹਾਲਾਂਕਿ ਪੁਲੀਸ ਨੇ ਕਿਸੇ ਵੱਡੇ ਆਗੂ ਜਾਂ ਮੁਤਵਾਜ਼ੀ ਜਥੇਦਾਰਾਂ ਨੂੰ ਸਮਾਗਮ ਦੇ ਨੇੜੇ ਤੇੜੇ ਵੀ ਨਹੀਂ ਢੁੱਕਣ ਦਿੱਤਾ। ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਬਠਿੰਡਾ ਰੇਂਜ ਦੇ ਆਈਜੀ ਨੇ ਖ਼ੁਦ ਸੁਰੱਖਿਆ ਪ੍ਰਬੰਧਾਂ ਦੀ ਦੇਖ ਰੇਖ ਕੀਤੀ।

ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਭਾਈ ਈਮਾਨ ਸਿੰਘ ਮਾਨ ਅਤੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਮੌਜੂਦਾ ਬਾਦਲ ਸਰਕਾਰ ਦੀ ਤੁਲਨਾ ਅਬਦਾਲੀ ਅਤੇ ਜ਼ਕਰੀਆਂ ਖਾਂ ਨਾਲ ਕੀਤੀ। ਉਨ੍ਹਾਂ ਪੰਜਾਬ ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਬੇਅਦਬੀ ਕਾਂਡ ਦੀ ਜਾਂਚ ਲਈ ਬਣਾਏ ਜ਼ੋਰਾ ਸਿੰਘ ਕਮਿਸ਼ਨ ਅਤੇ ਸੀਬੀਆਈ ਜਾਂਚ ਨੂੰ ਅੱਖਾਂ ਵਿੱਚ ਘੱਟਾ ਪਾਉਣ ਦੇ ਤੁੱਲ ਦੱਸਿਆ। ਭਾਈ ਕਾਹਨ ਸਿੰਘ ਵਾਲਾ ਨੇ ਇਕੱਠ ਨੂੰ ਸਰਬੱਤ ਖ਼ਾਲਸਾ ਐਲਾਨਦਿਆਂ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਬਹਿਬਲ ਕਲਾਂ ਗੋਲੀਕਾਂਡ ਲਈ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਇਸ ਦੌਰਾਨ ਪੁਲੀਸ ਵੱਲੋਂ ਮੁਤਵਾਜ਼ੀ ਜਥੇਦਾਰਾਂ ਅਤੇ ਸਿਮਰਨਜੀਤ ਸਿੰਘ ਮਾਨ ਸਮੇਤ ਹੋਰਨਾਂ ਸਿੱਖ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਬਾਰੇ ਪਤਾ ਲੱਗਾ ਤਾਂ ਸੰਗਤਾਂ ਨੇ ਸਥਾਨਕ ਖੰਡਾ ਚੌਕ ਵਿੱਚ ਧਰਨਾ ਲਾ ਕੇ ਜਾਮ ਲਾਇਆ। ਇਸ ਦੌਰਾਨ ਸੰਗਤ ਵਿੱਚ ਸ਼ਾਮਲ ਸਿੱਖ ਨੌਜਵਾਨਾਂ ਨੇ ਚੌਕ ਵਿੱਚ ਲੱਗੇ ਪੰਜਾਬ ਸਰਕਾਰ ਦੇ ਹੋਰਡਿੰਗਾਂ ਨੂੰ ਨੁਕਸਾਨ ਪਹੁੰਚਾਇਆ। ਪੁਲੀਸ ਵੱਲੋਂ ਮਗਰੋਂ ਤਿੰਨੋਂ ਮੁਤਵਾਜ਼ੀ ਜਥੇਦਾਰਾਂ ਨੂੰ ਧਰਨੇ ਵਾਲੀ ਥਾਂ ਲਿਆ ਕੇ ਰਿਹਾਅ ਕਰਨ ਤੋਂ ਬਾਅਦ ਸੰਗਤਾਂ ਨੇ ਧਰਨਾ ਚੁੱਕ ਦਿੱਤਾ। ਉਂਜ, ਪੁਲੀਸ ਨੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਸਬੰਧੀ ਕੁਝ ਨਹੀਂ ਦੱਸਿਆ।

## ਗੁਆਚੇ ਮੌਕਿਆਂ ਦੀ ਕਹਾਣੀ ਬਣ ਗਈ ਅੰਮ੍ਰਿਤਸਰ ਕਾਨਫ਼ਰੰਸ

ਖ਼ਾਸ ਕਰ ਕੇ ਇਸ ਮਾਮਲੇ ਵਿਚ ਸਮਝੌਤਾ ਕਰਨਾ ਹੋਵੇਗਾ ਕਿ ਕਾਬੁਲ ਵਿੱਚ ਇੱਕ ਆਜ਼ਾਦ ਸਰਕਾਰ ਨੂੰ ਭਾਰਤ ਤੇ ਆਪਣੇ ਹੋਰ ਗੁਆਂਢੀਆਂ ਨਾਲ ਆਪਣੇ ਢੰਗ ਨਾਲ ਸਿੱਝਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਇਹ ਖੇਤਰ ਉਸ ਤਾਲਿਬਾਨ ਯੁੱਗ ਵੱਲ ਪਰਤਣ ਦੀ ਇਜਾਜ਼ਤ ਨਹੀਂ ਦੇਵੇਗਾ, ਜਦੋਂ ਪਾਕਿਸਤਾਨ ਹੀ ਕਾਬੁਲ ਦੀ ਹਕੂਮਤ ਨੂੰ ਚਲਾਉਂਦਾ ਸੀ ਤੇ ਉਸ ਕੋਲ ਵੀਟੋ ਸ਼ਕਤੀ ਸੀ।

ਅੰਮ੍ਰਿਤਸਰ ਐਲਾਨਨਾਮੇ ਦੇ ਪੈਰਾ 14 ਵਿੱਚ ਉਨ੍ਹਾਂ ਦਹਿਸ਼ਤਗਰਦ ਗੁੱਟਾਂ ਦੀ ਸੂਚੀ ਦਿੱਤੀ ਗਈ ਹੈ ਜਿਨ੍ਹਾਂ ਤੋਂ ਇਸ ਖੇਤਰ ਨੂੰ ਖ਼ਤਰਾ ਹੈ। ਇਸ ਸੂਚੀ ਵਿੱਚ ਲਸ਼ਕਰ-ਏ-ਤੋਇਬਾ ਅਤੇ ਜੈਸ਼-ਏ-ਮੁਹੰਮਦ ਜਿਹੇ ਗਰੁੱਪ ਸ਼ਾਮਲ ਹਨ ਜਿਹੜੇ ਭਾਰਤ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਰਹੇ ਹਨ ਤੇ ਜਿਨ੍ਹਾਂ ਨੂੰ ਆਈ.ਐਸ.ਆਈ. ਦੀ ਪੂਰੀ ਸ਼ਹਿ ਹਾਸਲ ਹੈ। ਇਸ ਨਾਲ ਪਾਕਿਸਤਾਨ ਨੂੰ ਨੁੱਕਰੇ ਲਾਉਣ ਲਈ ਭਾਰਤ ਨੂੰ ਆਪਣੇ ਆਪਣੇ-ਆਪ ਹੀ ਸ਼ੇਖ਼ੀਖੋਰ ਅਧਿਕਾਰ ਮਿਲ ਗਏ ਹਨ ਕਿਉਂਕਿ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿੱਚ ਤਾਂ ਇਨ੍ਹਾਂ ਗਰੁੱਪਾਂ ਦੇ ਆਗੂਆਂ ਨੂੰ ਦਹਿਸ਼ਤਵਾਦੀ ਦੱਸਣ ਦੀਆਂ ਕੋਸ਼ਿਸ਼ਾਂ ਚੀਨ ਲਗਾਤਾਰ ਨਾਕਾਮ ਬਣਾਉਂਦਾ ਆ ਰਿਹਾ ਹੈ।

ਅਜਿਹੀਆਂ 'ਕਾਮਯਾਬੀਆਂ' ਦੇ ਬਾਵਜੂਦ ਇਹ ਸਵਾਲ ਅਜੇ ਵੀ ਬਰਕਰਾਰ ਹੈ ਕਿ ਲਗਾਤਾਰ ਸਿਰਦਰਦੀਆਂ ਪੈਦਾ ਕਰਨ ਵਾਲੇ ਗੁਆਂਢੀ ਨਾਲ ਸਿੱਝਣ ਸਮੇਂ ਭਾਰਤੀ ਰਣਨੀਤੀ ਕੀ ਹੋਵੇ। ਅਖੌਤੀ 'ਸਰਜੀਕਲ ਹਮਲੇ' ਵੀ ਪਾਕਿਸਤਾਨ ਨੂੰ ਰੋਕਣ ਤੋਂ ਨਾਕਾਮ ਰਹੇ ਹਨ ਕਿਉਂਕਿ ਉਸ ਤੋਂ ਬਾਅਦ ਤਾਂ ਕੰਟਰੋਲ ਰੇਖਾ ਉੱਤੇ ਭਾਰਤੀ ਫ਼ੌਜੀ ਜਵਾਨਾਂ ਦੀਆਂ ਗਰਦਨਾਂ ਵੱਢਣ ਤੇ ਨਗਰੋਟਾ ਹਮਲੇ ਜਿਹੀਆਂ ਘਟਨਾਵਾਂ ਵਾਪਰੀਆਂ ਹਨ। ਭਾਰਤ ਹੁਣ ਜਾਂ ਤਾਂ ਗੋਲੀਬਾਰੀ ਕਰ ਕੇ ਜਵਾਬੀ ਹਮਲੇ ਵਧਾ ਸਕਦਾ ਹੈ ਜਾਂ ਅਸਲ ਵਿੱਚ ਹਮਲਾ ਕਰ ਸਕਦਾ ਹੈ; ਉਹ ਵੀ ਇਸ ਆਸ ਨਾਲ ਕਿ ਪਾਕਿਸਤਾਨੀ ਫ਼ੌਜ ਅੰਤ ਵਿੱਚ ਸ਼ਾਂਤੀ ਦੀ ਗੱਲ ਕਰੇਗੀ। ਬਦਲਵੇਂ ਤੌਰ 'ਤੇ ਭਾਰਤ ਪਾਕਿਸਤਾਨੀ ਥਲ ਸੈਨਾ ਦੇ ਨਵੇਂ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਹਾਲੇ ਕੁਝ ਸਮਾਂ ਦੇ ਸਕਦਾ ਹੈ, ਉਹ ਵੀ ਇਸ ਆਸ ਨਾਲ ਕਿ ਕੀ ਜਨਰਲ ਬਾਜਵਾ ਆਪਣੀ ਫ਼ੌਜ ਦੇ ਦਾਅ-ਪੇਚਾਂ ਵਿੱਚ ਕੋਈ ਤਬਦੀਲੀ ਲਿਆਏਗਾ ਤੇ ਦਹਿਸ਼ਤਗਰਦ ਗਰੁੱਪਾਂ ਦੀ ਲਗਾਮ ਖਿੱਚਦਾ ਰਹੇਗਾ, ਭਾਵੇਂ ਉਹ ਆਰਜ਼ੀ ਤੌਰ 'ਤੇ ਹੀ ਕਿਉਂ ਨਾ ਹੋਵੇ।

ਉੱਭਰ ਰਹੀ ਤਾਕਤ, ਜੋ ਇਸ ਵੇਲੇ ਨੋਟਬੰਦੀ ਦੇ ਅੜਿੱਕੇ ਨਾਲ ਜੂਝ ਰਹੀ ਹੈ, ਵਜੋਂ ਇਸ ਵੇਲੇ ਤਣਾਅ ਵਧਾਉਣਾ ਹੁਣ ਭਾਰਤ ਦੇ ਹਿੱਤ ਵਿੱਚ ਨਹੀਂ ਹੈ। ਸਾਰੀ ਗੱਲਬਾਤ ਨਾ ਤਾਂ ਪੂਰੀ ਤਰ੍ਹਾਂ ਝੁਕ ਕੇ ਹੁੰਦੀ ਹੈ ਤੇ ਨਾ ਹੀ ਛਾਤੀ ਠੋਕਣ ਦੀ ਨੀਤੀ ਨਾਲ ਅਜਿਹਾ ਕੁਝ ਨੇਪਰੇ ਚੜ੍ਹਦਾ ਹੈ। ਅਜਿਹੇ ਹਾਲਾਤ ਵਿੱਚ ਹਕੀਕੀ ਕੂਟਨੀਤੀ ਨੂੰ ਅਪਨਾਉਣ ਦੀ ਭਾਰਤ ਨੂੰ ਸਖ਼ਤ ਲੋੜ ਹੈ।

***ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।**

## ਪੰਜਾਬ ਆ ਕੇ ਵਸਣ ਵਾਲੇ ਪਰਵਾਸੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿਆਂਗੇ : ਕੇਜਰੀਵਾਲ

ਦੇ ਵਿਅਕਤੀ ਨੂੰ ਬਿਠਾਇਆ ਜਾਵੇਗਾ। ਕੇਜਰੀਵਾਲ ਨੇ ਕਿਹਾ ਕਿ ਅਸੀਂ ਇਕ ਮਹੀਨੇ ਵਿਚ ਨਸ਼ਿਆਂ ਦੀ ਸਪਲਾਈ ਬੰਦ ਕਰਾਂਗੇ। ਮਜੀਠੀਆ ਸਮੇਤ ਇਸ ਦੇ ਸਾਰੇ ਕਾਰੋਬਾਰੀਆਂ ਨੂੰ ਜੇਲ੍ਹ ਵਿਚ ਬੰਦ ਕਰਕੇ ਨਸ਼ੇ ਦੀ ਸਪਲਾਈ ਰੋਕ ਦਿਆਂਗੇ। ਛੇ ਮਹੀਨੇ ਵਿਚ ਨਸ਼ਾ ਪੀੜਤ ਨੌਜਵਾਨਾਂ ਦਾ ਇਲਾਜ ਕਰਵਾ ਕੇ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾਵੇਗਾ। ਉਨ੍ਹਾਂ ਦੁਹਰਾਇਆ ਕਿ ਦਿੱਲੀ ਦੀ ਤਰਜ਼ 'ਤੇ ਇਥੋਂ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਨੂੰ ਬਿਹਤਰ ਬਣਾਇਆ ਜਾਵੇਗਾ। ਸਾਰੀ ਵਿਵਸਥਾ ਮੁਫ਼ਤ ਕੀਤੀ ਜਾਵੇਗੀ ਤਾਂ ਕਿ ਲੋਕਾਂ ਨੂੰ ਸਿੱਖਿਆ ਦਾ ਬਿਹਤਰ ਪੱਧਰ ਤੇ ਚੰਗੀ ਮੈਡੀਕਲ ਸਹੂਲਤ ਮਿਲ ਸਕੇ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਚਾਲੇ ਗਠਜੋੜ ਹੈ ਤੇ ਇਹੀ ਕਾਰਨ ਹੈ ਕਿ ਦੋਵੇਂ ਮਿਲ ਕੇ ਸੂਬੇ ਵਿਚ ਚੋਣਾਂ ਲੜ ਰਹੇ ਹਨ। ਦੋਵੇਂ ਨੇਤਾਵਾਂ ਵਿਚ ਮਿਲੀਭੁਗਤ ਹੈ ਕਿਉਂਕਿ ਦੋਹਾਂ ਵਿਚਾਲੇ ਸਮਝੌਤਾ ਹੋ ਚੁੱਕਾ ਹੈ ਕਿ ਸੂਬੇ ਨੂੰ ਪੰਜ ਸਾਲ ਕੈਪਟਨ ਲੁੱਟਣਗੇ ਤੇ ਪੰਜ ਸਾਲ ਬਾਦਲ ਤੇ ਪਿਛਲੇ 15 ਸਾਲਾਂ ਤੋਂ ਦੋਹਾਂ ਨੇ ਮਿਲ ਕੇ ਸੂਬੇ ਨੂੰ ਖ਼ੂਬ ਲੁੱਟਿਆ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
Kirtan
Katha
GLOBAL PUNJAB
News
Discussion
Debate
channel punjabi BEATS
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


JUS 24x7 KEEPING UP WITH PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24x7
ਪਲ ਪਲ ਦੀ ਖਬਰ ਦਵੇ
WATCH JUS 24x7 ON CHANNEL 743 ON dish & sling
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest Grade Wheat Say Bana
You Get In Days Not In Months
Hygienic Storage, Clean Milling Facility
Healthy Living Maida Free
SHER
DURUM ATTA
DESI STYLE
20 lb
9.07 kg
BRAR NATURAL
DESI STYLE